Under Print
Not for Legal/Official use

**`PUNJAB VIDHAN SABHA**

Tuesday, the 26th November, 2019

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2:00 P.M. Mr. Speaker (Rana Kanwar Pal Singh) in the Chair:*

________

## MOTION REGARDING SUSPENSION OF CERTAIN RULES OF THE RULES OF PROCEDURE AND CONDUCT OF BUSINESS IN THE PUNJAB VIDHAN SABHA (PUNJAB LEGISLATIVE ASSEMBLY)

**ਮਾਨਯੋਗ ਸਪੀਕਰ** : ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਕੁਝ ਨਿਯਮਾਂ ਨੂੰ ਮੁਅੱਤਲ ਕਰਨ ਸਬੰਧੀ ਪ੍ਰਸਤਾਵ। ਸ਼੍ਰੀ ਬ੍ਰਹਮ ਮਹਿੰਦਰਾ ਜੀ, ਸੰਸਦੀ ਮਾਮਲਿਆਂ ਦੇ ਮੰਤਰੀ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਇਹ ਸਦਨ ਸੰਕਲਪ ਕਰਦਾ ਹੈ ਕਿ ਪੰਜਾਬ ਵਿਧਾਨ ਸਭਾ ਦੇ ਚਾਲੂ ਵਿਸ਼ੇਸ਼ (ਨੌਵਾਂ) ਸਮਾਗਮ ਜੋ ਕੁਝ ਜ਼ਰੂਰੀ ਅਤੇ ਮਹੱਤਵਪੂਰਨ ਸਰਕਾਰੀ ਕੰਮ-ਕਾਰ ਲਈ ਵਿਸ਼ੇਸ਼ ਬੈਠਕ ਹੈ, ਦੇ ਦੌਰਾਨ ਕੇਵਲ ਸਰਕਾਰੀ ਕੰਮ-ਕਾਰ ਹੀ ਕੀਤਾ ਜਾਵੇ ਅਤੇ ਹੋਰ ਕੋਈ ਵੀ ਕੰਮ-ਕਾਰ ਜਿਸ ਵਿਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਬੈਠਕ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿੱਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿਚ ਇਸ ਵਿਸ਼ੇ ਨਾਲ ਸਬੰਧਿਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ–

"ਕਿ ਇਹ ਸਦਨ ਸੰਕਲਪ ਕਰਦਾ ਹੈ ਕਿ ਪੰਜਾਬ ਵਿਧਾਨ ਸਭਾ ਦੇ ਚਾਲੂ ਵਿਸ਼ੇਸ਼ (ਨੌਵਾਂ) ਸਮਾਗਮ ਜੋ ਕੁਝ ਜ਼ਰੂਰੀ ਅਤੇ ਮਹੱਤਵਪੂਰਨ ਸਰਕਾਰੀ ਕੰਮ-ਕਾਰ ਲਈ ਵਿਸ਼ੇਸ਼ ਬੈਠਕ ਹੈ, ਦੇ ਦੌਰਾਨ ਕੇਵਲ

ਸਰਕਾਰੀ ਕੰਮ-ਕਾਰ ਹੀ ਕੀਤਾ ਜਾਵੇ ਅਤੇ ਹੋਰ ਕੋਈ ਵੀ ਕੰਮ-ਕਾਰ ਜਿਸ ਵਿਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਬੈਠਕ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿੱਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿਚ ਇਸ ਵਿਸ਼ੇ ਨਾਲ ਸਬੰਧਿਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।"

Under Print
Not for Legal/Official use

ਹਾਂ ਜੀ, ਢੀਂਡਸਾ ਸਾਹਿਬ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਇਕ ਪਾਸੇ ਆਪਾਂ ਸੰਵਿਧਾਨ ਦਿਵਸ ਮਨਾ ਰਹੇ ਹਾਂ ਅਤੇ ਦੂਜੇ ਪਾਸੇ ਪਹਿਲਾ ਪ੍ਰਸਤਾਵ ਇਹ ਲਿਆਂਦਾ ਗਿਆ ਹੈ ਕਿ ਆਪਾਂ ਸਾਰੇ ਰੂਲਜ਼ ਨੂੰ ਸਸਪੈਂਡ ਕਰ ਦੇਈਏ। ਸਪੀਕਰ ਸਾਹਿਬ, ਕੁਐਸਚਨ ਆਵਰ ਹੈ, ਜ਼ੀਰੋ ਆਵਰ ਹੈ, ਕਾਲ ਅਟੈਂਸ਼ਨ ਹੈ, ਇਹ ਤਿੰਨ ਚਾਰ ਚੀਜ਼ਾਂ ਹੁੰਦੀਆਂ ਹਨ ਜਿਨ੍ਹਾਂ ਦੇ ਜ਼ਰੀਏ ਮਾਨਯੋਗ ਮੈਂਬਰ ਸਾਹਿਬਾਨ ਆਪਣੇ ਇਲਾਕੇ ਦੇ ਜਾਂ ਪੰਜਾਬ ਦੇ ਭਖਦੇ ਮਸਲਿਆਂ ਤੇ ਗੱਲ ਕਰ ਸਕਦੇ ਹਨ। ਸਪੀਕਰ ਸਾਹਿਬ, ਰੂਲਜ਼ ਨੂੰ ਸਸਪੈਂਡ ਕਰਨ ਦੀ ਇੰਨੀ ਵੱਡੀ ਕਿਹੜੀ ਲੋੜ ਪੈ ਗਈ। ਸਪੀਕਰ ਸਾਹਿਬ,  ਆਪਣੇ ਕੋਲ ਸਮੇਂ ਦੀ ਕੋਈ ਕਮੀ ਨਹੀਂ ਹੈ, ਆਪਾਂ ਸੰਵਿਧਾਨ ਦੇ ਉੱਤੇ ਬਾਅਦ ਵਿਚ ਵੀ ਬੋਲ ਸਕਦੇ ਹਾਂ, ਸੰਵਿਧਾਨ ਉੱਤੇ ਚਰਚਾ ਹੀ ਕਰਨੀ ਹੈ ਪਰ ਆਪਾਂ ਪਹਿਲਾਂ ਹੀ ਮੋਸ਼ਨ ਲਿਆ ਕੇ ਇਹ ਸਾਰਾ ਕੁਝ ਸਸਪੈਂਡ ਕਰ ਦਿੱਤਾ ਹੈ। ਕੀ ਸੰਵਿਧਾਨ ਦਿਵਸ ਦੇ ਉੱਤੇ ਇਹ ਅੱਛਾ ਹੈ? ਸਪੀਕਰ ਸਾਹਿਬ, ਇਸ ਤਰ੍ਹਾਂ ਅਸੀਂ ਸੰਵਿਧਾਨ ਦਿਵਸ ਦੀ ਭਾਵਨਾ ਦੀ ਸਿੱਧੀ ਉਲੰਘਣਾ ਕਰ ਰਹੇ ਹਾਂ। ਇਹ ਸੰਵਿਧਾਨ ਦਿਵਸ ਦੀ ਬਿਲਕੁਲ ਉਲੰਘਣਾ ਹੈ। ਸਪੀਕਰ ਸਾਹਿਬ, ਮੇਰੀ ਇਸ ਕਰਕੇ ਬੇਨਤੀ ਹੈ ਕਿ ..

**ਮਾਨਯੋਗ ਸਪੀਕਰ** : ਤੁਸੀਂ ਆਪਣੀ ਗੱਲ ਕਹਿ ਲਈ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ**: ਸਪੀਕਰ ਸਾਹਿਬ, ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਪਿਛਲੇ ਸੈਸ਼ਨ ਦੇ ਵਿੱਚ ਵੀ ਇਸੇ ਤਰ੍ਹਾਂ ਰੂਲਜ਼ ਸਸਪੈਂਡ ਕੀਤੇ ਗਏ ਸੀ।

**ਮਾਨਯੋਗ ਸਪੀਕਰ** : ਢੀਂਡਸਾ ਸਾਹਿਬ,  ਤੁਸੀਂ ਆਪਣੀ ਗੱਲ ਕਹਿ ਲਈ ਹੈ। ਅੱਜ ਦਾ ਜਿਹੜਾ ਸੈਸ਼ਨ ਹੈ, ਇਹ ਆਮ ਸੈਸ਼ਨ ਨਹੀਂ ਹੈ ਬਲਕਿ ਇਹ ਸਪੈਸ਼ਲ ਸਿਟਿੰਗ ਹੈ on the asking of the Government of India and they have written to the State Government that a special sitting be held in the House on this day when the Constitution was adopted. Therefore it is confined to a particular issue.

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਸਪੀਕਰ ਸਾਹਿਬ, ਸਾਡੇ ਕਹਿਣ ਦਾ ਸਿਰਫ ਇਹੀ ਭਾਵ ਹੈ ਕਿ ਅਸੀਂ ਇਹ ਦਿਵਸ ਮਨਾਉਣ ਦੇ ਅਗੇਂਸਟ ਨਹੀਂ ਹਾਂ ਪਰ ਰੂਲਜ਼ ਸਸਪੈਂਡ ਕਰਕੇ ਆਪਾਂ...

**ਮਾਨਯੋਗ ਸਪੀਕਰ** : ਆਪਾਂ ਸੰਵਿਧਾਨ ਦਿਵਸ ਦੀ ਗੱਲ ਕਰੀਏ। ਢੀਂਡਸਾ ਸਾਹਿਬ, ਹੁਣ ਆਪਾਂ ਇਸ ਦਿਨ ਦੀ ਗੱਲ ਕਰੀਏ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਨਹੀਂ, ਫਿਰ ਬਾਕੀ ਜਿਹੜੇ ਇਸ਼ੂਜ਼ take up ਕਰਨੇ ਹਨ ਉਹ ਆਪਾਂ ਕਦੋਂ ਕਰਾਂਗੇ?

**ਮਾਨਯੋਗ ਸਪੀਕਰ** : ਆਪਾਂ ਅੱਜ ਦੇ ਦਿਨ ਦੀ ਗੱਲ ਕਰੀਏ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ** : ਨਹੀਂ, ਹੁਣ ਫਰਵਰੀ ਤੱਕ ਕੋਈ ਸੈਸ਼ਨ ਨਹੀਂ ਆਉਣਾ।

Under Print
Not for Legal/Official use

**ਮਾਨਯੋਗ ਸਪੀਕਰ :** ਅੱਜ ਦੀ ਸਪੈਸ਼ਲ ਸਿਟਿੰਗ ਹੈ। ** **

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਪੰਜਾਬ ਦੇ ਹੋਰ ਕਿੰਨੇ ਮਸਲੇ ਹਨ, ਉਨ੍ਹਾਂ ਦੇ ਉੱਤੇ ਤਾਂ ਕੋਈ ਡਿਸਕਸ਼ਨ ਹੀਂ ਨਹੀਂ ਹੋਣੀ।

**ਮਾਨਯੋਗ ਸਪੀਕਰ :** ਤੁਸੀਂ ਸੰਵਿਧਾਨ ਦੇ ਉੱਤੇ ਗੱਲ ਕਰਨਾ ਚਾਹੁੰਦੇ ਹੋ? ਡਾ.ਅੰਬੇਦਕਰ ਸਾਹਿਬ ਦੇ ਉੱਤੇ ਗੱਲ ਕਰਨਾ ਚਾਹੁੰਦੇ ਹੋ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਕਰਾਂਗੇ ਜੀ, ਕਰਾਂਗੇ ਜੀ।

**ਮਾਨਯੋਗ ਸਪੀਕਰ :** ਜਾਂ ਫਿਰ ਉਨ੍ਹਾਂ ਦਾ ਨਿਰਾਦਰ ਕਰਦੇ ਹੋ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਇਸ ਵਿੱਚ ਨਿਰਾਦਰ ...

**ਮਾਨਯੋਗ ਸਪੀਕਰ:** ਨਹੀਂ, ਫਿਰ ਇਹ ਨਿਰਾਦਰ ਹੈ।(ਵਿਘਨ) ਅੱਜ ਦਾ ਦਿਨ, ਅੱਜ ਦਾ ਦਿਨ ਸੰਵਿਧਾਨ ਦਾ ਦਿਨ ਹੈ ਤੇ ਡਾਕਟਰ ਅੰਬੇਦਕਰ ਸਾਹਿਬ ਦਾ ਦਿਨ ਹੈ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਇਹ ਨਿਰਾਦਰ ਨਹੀਂ ਹੈ ਲੇਕਿਨ ਰੂਲਜ਼ ਸਸਪੈਂਡ ਕਰਕੇ ਆਪਾਂ ਨਿਰਾਦਰ ਕਰ ਰਹੇ ਹਾਂ।

**ਮਾਨਯੋਗ ਸਪੀਕਰ :** ਪਲੀਜ਼ ਬੈਠੋ, ਪਲੀਜ਼ ਬੈਠੋ, ਪਲੀਜ਼ ਬੈਠੋ। ਤੁਹਾਡੀ ਗੱਲ ਆ ਗਈ ਹੈ, ਤੁਸੀਂ ਬੈਠੋ। ਹਾਂ ਜੀ, ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਤੁਸੀਂ ਕਿਹਾ ਹੈ ਕਿ ਕੇਂਦਰ ਸਰਕਾਰ ਵੱਲੋਂ ਜਿਹੜਾ ਡਾਇਰੈਕਟਿਵ ਆਇਆ ਹੈ, ਉਸ ਅਨੁਸਾਰ ਆਪਾਂ ਇਥੇ ਅੱਜ ਸਿਟਿੰਗ ਕਰ ਰਹੇ ਹਾਂ।

**ਮਾਨਯੋਗ ਸਪੀਕਰ :** ਹਾਂ ਜੀ, ਸਿਟਿੰਗ ਕਰ ਰਹੇ ਹਾਂ।

**ਸ਼੍ਰੀ ਪਵਨ ਕੁਮਾਰ ਟੀਨੂ :** ਸਾਡੇ ਸੰਵਿਧਾਨ ਦੀ ਮੂਲ ਭਾਵਨਾ, ਆਤਮਾ ਡੈਮੋਕਰੇਟਿਕ ਹੈ, ਡੈਮੋਕਰੇਸੀ ਹੈ।

**ਮਾਨਯੋਗ ਸਪੀਕਰ :** ਬਿਲਕੁਲ ਜੀ।

**ਸ਼੍ਰੀ ਪਵਨ ਕੁਮਾਰ ਟੀਨੂ** : ਅੱਜ ਆਪਾਂ ਸਭ ਨੂੰ ਸੁਣਨਾ ਹੈ ਅਤੇ ਸਭ ਨੇ ਬੋਲਣਾ ਹੈ। ਮੇਰਾ ਖਿਆਲ ਹੈ ਕਿ ਮਹਿਜ਼ ਇੱਕ ਗਾਣਾ ਗਾ ਕੇ, ਇੱਕ ਦਿਨ ਮਨਾ ਕੇ, ਪ੍ਰਸ਼ਾਦ ਵੰਡ ਕੇ ਨਾ ਚਲੇ ਜਾਈਏ। ਆਪਾਂ ਡੈਮੋਕ੍ਰੇਸੀ ਦੀ ਕੋਈ ਗੱਲ ਕਰੀਏ। ** **

**ਮਾਨਯੋਗ ਸਪੀਕਰ** : ਤੁਸੀਂ ਅੱਜ ਸੰਵਿਧਾਨ ਦੀ ਗੱਲ ਕਰਨੀ ਹੈ ਕਿ ਸਰਕਾਰ ਦੀ ਗੱਲ ਕਰਨੀ ਹੈ?

**ਸ਼੍ਰੀ ਪਵਨ ਕੁਮਾਰ ਟੀਨੂ** : ** **

**ਮਾਨਯੋਗ ਸਪੀਕਰ** : ਤੁਸੀਂ ਸੰਵਿਧਾਨ ਦੀ ਗੱਲ ਕਰਨੀ ਹੈ ਕਿ ਸਰਕਾਰ ਦੀ ਗੱਲ ਕਰਨੀ ਹੈ?

---

** Expunged as orderd by the Hon'ble Speaker.

Under Print
Not for Legal/Official use

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ ** **

**ਮਾਨਯੋਗ ਸਪੀਕਰ** : ਟੀਨੂ ਜੀ, ਸੰਵਿਧਾਨ ਦੀ ਗੱਲ ਕਰਨੀ ਹੈ ਕਿ ਸਰਕਾਰ ਦੀ ਗੱਲ ਕਰਨੀ ਹੈ? ਇਹ ਨਹੀਂ ਹੋਵੇਗਾ।

**ਸ਼੍ਰੀ ਪਵਨ ਕੁਮਾਰ ਟੀਨੂ** : ** **

**ਮਾਨਯੋਗ ਸਪੀਕਰ** : ਤੁਸੀਂ ਬੈਠੋ, ਬੈਠੋ। ਮੈਂ ਮਤਾ put ਕਰਨ ਲੱਗਿਆ ਹਾਂ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਬਿਨਾਂ ਮਾਈਕ ਤੋਂ ਆਪਣੀ ਸੀਟ ਤੇ ਖੜ੍ਹੇ ਬੋਲ ਰਹੇ ਸਨ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

" ਕਿ ਇਹ ਸਦਨ ਸੰਕਲਪ ਕਰਦਾ ਹੈ ਕਿ ਪੰਜਾਬ ਵਿਧਾਨ ਸਭਾ ਦੇ ਚਾਲੂ ਵਿਸ਼ੇਸ਼ (ਨੌਵਾਂ) ਸਮਾਗਮ ਜੋ ਕੁਝ ਜ਼ਰੂਰੀ ਅਤੇ ਮਹੱਤਵਪੂਰਨ ਸਰਕਾਰੀ ਕੰਮ-ਕਾਰ ਲਈ ਵਿਸ਼ੇਸ਼ ਬੈਠਕ ਹੈ, ਦੇ ਦੌਰਾਨ ਕੇਵਲ ਸਰਕਾਰੀ ਕੰਮ-ਕਾਰ ਹੀ ਕੀਤਾ ਜਾਵੇ ਅਤੇ ਹੋਰ ਕੋਈ ਵੀ ਕੰਮ-ਕਾਰ ਜਿਸ ਵਿਚ ਪ੍ਰਸ਼ਨ, ਧਿਆਨ ਦਿਵਾਊ ਨੋਟਿਸ ਅਤੇ ਕਿਸੇ ਪ੍ਰਾਈਵੇਟ ਮੈਂਬਰ ਦੁਆਰਾ ਪੇਸ਼ ਕੀਤੇ ਜਾਣ ਵਾਲਾ ਕੋਈ ਹੋਰ ਕੰਮ-ਕਾਰ ਵੀ ਸ਼ਾਮਲ ਹੈ, ਇਸ ਬੈਠਕ ਦੇ ਦੌਰਾਨ ਸਦਨ ਦੇ ਸਾਹਮਣੇ ਨਾ ਲਿਆਂਦਾ ਜਾਵੇ ਜਾਂ ਸਦਨ ਵਿਚ ਨਾ ਕੀਤਾ ਜਾਵੇ ਅਤੇ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਵਿਚ ਇਸ ਵਿਸ਼ੇ ਨਾਲ ਸਬੰਧਤ ਨਿਯਮ ਉਸ ਹੱਦ ਤੱਕ ਮੁਅੱਤਲ ਕੀਤੇ ਗਏ ਸਮਝੇ ਜਾਣ।"

*ਪ੍ਰਸਤਾਵ ਪ੍ਰਵਾਨ ਹੋਇਆ।*

---

## Motion Under Rule 16

**ਮਾਨਯੋਗ ਸਪੀਕਰ** : ਹੁਣ ਸੰਸਦੀ ਮਾਮਲੇ ਮੰਤਰੀ ਨਿਯਮ 16 ਅਧੀਨ ਪ੍ਰਸਤਾਵ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।"

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

"ਕਿ ਵਿਧਾਨ ਸਭਾ ਅੱਜ ਇਸ ਦੇ ਉੱਠ ਜਾਣ ਤੇ ਅਣਮਿੱਥੇ ਸਮੇਂ ਲਈ ਸਥਗਿਤ ਹੋ ਜਾਵੇਗੀ।"

*ਪ੍ਰਸਤਾਵ ਪ੍ਰਵਾਨ ਹੋਇਆ।*

---

** Expunged as orderd by the Hon'ble Speaker.

Under Print
Not for Legal/Official use

---

**OFFICIAL RESOLUTION REG. NATIONWIDE CELEBRATIONS OF THE CONSTITUTION DAY TO COMMEMORATE THE ADOPTION OF THE CONSTITUTION OF INDIA AND TO PAY TRIBUTES TO BABA SAHEB DR. BHIMRAO AMBEDKAR AND OTHER FOUNDING FATHERS OF THE CONSTITUTION**

**ਮਾਨਯੋਗ ਸਪੀਕਰ** : ਹੁਣ ਸੰਸਦੀ ਮਾਮਲੇ ਮੰਤਰੀ ਸਰਕਾਰੀ ਮਤਾ ਪੇਸ਼ ਕਰਨਗੇ।

**ਸੰਸਦੀ ਮਾਮਲੇ ਮੰਤਰੀ (ਸ਼੍ਰੀ ਬ੍ਰਹਮ ਮਹਿੰਦਰਾ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

"ਕਿ ਅੱਜ 26 ਨਵੰਬਰ, 2019 ਨੂੰ ਇਹ ਪਵਿੱਤਰ ਸਦਨ ਭਾਰਤੀ ਸੰਵਿਧਾਨ ਨੂੰ ਅਪਨਾਉਣ ਅਤੇ ਇਸ ਦੀ ਯਾਦਗਾਰ ਨੂੰ ਸੰਵਿਧਾਨ ਦਿਵਸ ਵਜੋਂ ਕੌਮੀ ਪੱਧਰ ਤੇ ਮਨਾਉਣ ਅਤੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਦੇ ਵੱਡਮੁੱਲੇ ਯੋਗਦਾਨ ਅਤੇ ਸੰਵਿਧਾਨ ਦੇ ਹੋਰ ਬਾਨੀ ਮੈਂਬਰਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਇਆ ਹੈ। 26 ਨਵੰਬਰ, 1949 ਨੂੰ ਭਾਰਤ ਦੀ ਸੰਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਨੂੰ ਅਪਣਾਇਆ ਜੋ ਕਿ ਪੂਰਨ ਤੌਰ ਤੇ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ।

ਭਾਰਤ ਸਰਕਾਰ ਦੇ ਨਕਸ਼ੇ ਕਦਮਾਂ ਤੇ, ਸੰਵਿਧਾਨ ਨੂੰ ਅਪਣਾਏ ਜਾਣ ਦੀ 70ਵੀਂ ਵਰ੍ਹੇਗੰਢ ਤੇ ਪੰਜਾਬ ਰਾਜ ਸੰਵਿਧਾਨ ਦੇ ਇਕ ਅਤਿ ਮਹੱਤਵਪੂਰਨ ਢਾਂਚੇ ਅਰਥਾਤ 'ਮੌਲਿਕ ਕਰਤੱਵਾਂ' ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਧਿਆਨ ਕੇਂਦਰਿਤ ਹੋਈ ਇੱਕ ਰਾਜ ਪੱਧਰੀ ਮੁਹਿੰਮ ਚਲਾਏਗਾ। ਇਹ 26 ਨਵੰਬਰ, 2019 ਨੂੰ ਆਰੰਭ ਹੋਵੇਗੀ ਅਤੇ 14 ਅਪ੍ਰੈਲ, 2020 ਅਰਥਾਤ ਬਾਬਾ ਸਾਹਿਬ ਅੰਬੇਦਕਰ ਜੀ ਦੀ ਜਨਮ ਵਰ੍ਹੇਗੰਢ ਵਾਲੇ ਦਿਨ ਆਪਣੇ ਸਿਖਰ ਤੇ ਪਹੁੰਚੇਗੀ ਜਿਸ ਨੂੰ ਕਿ 'ਸਮਰਸਤਾ ਦਿਵਸ' ਦੇ ਤੌਰ ਤੇ ਮਨਾਇਆ ਜਾਂਦਾ ਹੈ।

ਇਹ ਸਦਨ ਇਸ ਤਰ੍ਹਾਂ ਸਾਡੇ ਸੰਵਿਧਾਨ ਵਿੱਚ ਦਰਜ ਮੌਲਿਕ ਕਰਤੱਵਾਂ ਲਈ ਆਪਣੀ ਪ੍ਰਤੀਬੱਧਤਾ ਦੀ ਮੁੜ-ਪ੍ਰੋੜ੍ਹਤਾ ਦਾ ਸੰਕਲਪ ਕਰਦਾ ਹੈ। ਪੰਜਾਬ ਸਰਕਾਰ ਅਤੇ ਰਾਜ ਦੇ ਲੋਕ ਆਪਣੇ ਦੇਸ਼ ਅਤੇ ਆਪਣੇ ਸਾਥੀ ਨਾਗਰਿਕਾਂ ਪ੍ਰਤੀ ਆਪਣੇ ਕਰਤੱਵ ਪੂਰਾ ਕਰਨ ਸਬੰਧੀ ਸਾਕਾਰਾਤਮਕ ਅਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣਗੇ।

ਇਹ ਸਦਨ ਸੰਵਿਧਾਨ ਦੇ ਮੁੱਢਲੇ ਢਾਂਚੇ ਨੂੰ ਬਰਕਰਾਰ ਰੱਖਣ ਦੀ ਮਹੱਤਤਾ ਤੇ ਵੀ ਜ਼ੋਰ ਦਿੰਦਾ ਹੈ ਜਿਸ ਨਾਲ ਦੇਸ਼ ਵਿੱਚ ਲੋਕਤੰਤਰ, ਲੋਕਤੰਤਰਿਕ ਸੰਸਥਾਵਾਂ ਅਤੇ ਰਵਾਇਤਾਂ ਮਜ਼ਬੂਤ ਹੋਣਗੀਆਂ।"

Under Print
Not for Legal/Official use

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

"ਕਿ ਅੱਜ 26 ਨਵੰਬਰ, 2019 ਨੂੰ ਇਹ ਪਵਿੱਤਰ ਸਦਨ ਭਾਰਤੀ ਸੰਵਿਧਾਨ ਨੂੰ ਅਪਨਾਉਣ ਅਤੇ ਇਸ ਦੀ ਯਾਦਗਾਰ ਨੂੰ ਸੰਵਿਧਾਨ ਦਿਵਸ ਵਜੋਂ ਕੌਮੀ ਪੱਧਰ ਤੇ ਮਨਾਉਣ ਅਤੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਦੇ ਵੱਡਮੁੱਲੇ ਯੋਗਦਾਨ ਅਤੇ ਸੰਵਿਧਾਨ ਦੇ ਹੋਰ ਬਾਨੀ ਮੈਂਬਰਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਇਆ ਹੈ। 26 ਨਵੰਬਰ, 1949 ਨੂੰ ਭਾਰਤ ਦੀ ਸੰਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਨੂੰ ਅਪਣਾਇਆ ਜੋ ਕਿ ਪੂਰਨ ਤੌਰ ਤੇ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ।

ਭਾਰਤ ਸਰਕਾਰ ਦੇ ਨਕਸ਼ੇ ਕਦਮਾਂ ਤੇ, ਸੰਵਿਧਾਨ ਨੂੰ ਅਪਣਾਏ ਜਾਣ ਦੀ 70ਵੀਂ ਵਰ੍ਹੇਗੰਢ ਤੇ ਪੰਜਾਬ ਰਾਜ ਸੰਵਿਧਾਨ ਦੇ ਇਕ ਅਤਿ ਮਹੱਤਵਪੂਰਨ ਢਾਂਚੇ ਅਰਥਾਤ 'ਮੌਲਿਕ ਕਰਤੱਵਾਂ' ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਧਿਆਨ ਕੇਂਦਰਿਤ ਹੋਈ ਇੱਕ ਰਾਜ ਪੱਧਰੀ ਮੁਹਿੰਮ ਚਲਾਏਗਾ। ਇਹ 26 ਨਵੰਬਰ, 2019 ਨੂੰ ਆਰੰਭ ਹੋਵੇਗੀ ਅਤੇ 14 ਅਪ੍ਰੈਲ, 2020 ਅਰਥਾਤ ਬਾਬਾ ਸਾਹਿਬ ਅੰਬੇਦਕਰ ਜੀ ਦੀ ਜਨਮ ਵਰ੍ਹੇਗੰਢ ਵਾਲੇ ਦਿਨ ਆਪਣੇ ਸਿਖਰ ਤੇ ਪਹੁੰਚੇਗੀ ਜਿਸ ਨੂੰ ਕਿ 'ਸਮਰਸਤਾ ਦਿਵਸ' ਦੇ ਤੌਰ ਤੇ ਮਨਾਇਆ ਜਾਂਦਾ ਹੈ।

ਇਹ ਸਦਨ ਇਸ ਤਰ੍ਹਾਂ ਸਾਡੇ ਸੰਵਿਧਾਨ ਵਿੱਚ ਦਰਜ ਮੌਲਿਕ ਕਰਤੱਵਾਂ ਲਈ ਆਪਣੀ ਪ੍ਰਤੀਬੱਧਤਾ ਦੀ ਮੁੜ-ਪ੍ਰੋੜ੍ਹਤਾ ਦਾ ਸੰਕਲਪ ਕਰਦਾ ਹੈ। ਪੰਜਾਬ ਸਰਕਾਰ ਅਤੇ ਰਾਜ ਦੇ ਲੋਕ ਆਪਣੇ ਦੇਸ਼ ਅਤੇ ਆਪਣੇ ਸਾਥੀ ਨਾਗਰਿਕਾਂ ਪ੍ਰਤੀ ਆਪਣੇ ਕਰਤੱਵ ਪੂਰਾ ਕਰਨ ਸਬੰਧੀ ਸਾਕਾਰਾਤਮਕ ਅਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣਗੇ।

ਇਹ ਸਦਨ ਸੰਵਿਧਾਨ ਦੇ ਮੁੱਢਲੇ ਢਾਂਚੇ ਨੂੰ ਬਰਕਰਾਰ ਰੱਖਣ ਦੀ ਮਹੱਤਤਾ ਤੇ ਵੀ ਜ਼ੋਰ ਦਿੰਦਾ ਹੈ ਜਿਸ ਨਾਲ ਦੇਸ਼ ਵਿੱਚ ਲੋਕਤੰਤਰ, ਲੋਕਤੰਤਰਿਕ ਸੰਸਥਾਵਾਂ ਅਤੇ ਰਵਾਇਤਾਂ ਮਜ਼ਬੂਤ ਹੋਣਗੀਆਂ।"

**ਮਾਨਯੋਗ ਸਪੀਕਰ** : ਹਾਂ ਜੀ, ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ ਜੀ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ.):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ ਕਿ ਤੁਸੀਂ ਮੈਨੂੰ ਅੱਜ ਸਦਨ ਦੇ ਇਸ ਵਿਸ਼ੇਸ਼ ਸਮਾਗਮ 'ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਤਾਂ ਸਾਰਿਆਂ ਨੂੰ ਇਸ ਸੰਵਿਧਾਨ ਦਿਵਸ ਦੀ ਬਹੁਤ-ਬਹੁਤ ਵਧਾਈ ਹੋਵੇ। ਸਪੀਕਰ ਸਾਹਿਬ, ਦੇਖਣ ਵਾਲੀ ਗੱਲ ਇਹ ਹੈ ਕਿ ਸਾਨੂੰ ਅਜ਼ਾਦੀ ਮਿਲੀ ਨੂੰ 70 ਸਾਲ ਹੋ ਗਏ ਹਨ। ਸੰਵਿਧਾਨ ਨੇ ਤਾਂ ਸਾਨੂੰ ਗਰੀਬ ਨਹੀਂ ਬਣਾਇਆ ਸੀ, ਉਸ ਦੇ ਵਿੱਚ ਤਾਂ ਸਾਨੂੰ ਸਾਰੀਆਂ ਸੁਵਿਧਾਵਾਂ ਦਿੱਤੀਆਂ ਗਈਆਂ ਸੀ ਪਰ ਸਾਡਾ ਜਿਹੜਾ ਪੜ੍ਹਿਆ ਲਿਖਿਆ ਵਰਗ ਹੈ, ਸਮਾਜ ਦੇ ਕੁਝ ਅਜਿਹੇ ਲੋਕ ਜਿਹੜੇ ਨਫਰਤ ਫੈਲਾ ਰਹੇ ਹਨ, ਉਹ

ਵਾਰ-ਵਾਰ ਕਹਿ ਦਿੰਦੇ ਹਨ ਕਿ ਜੇ ਸਮਾਜ ਦਾ ਘਾਣ ਹੋਇਆ ਤਾਂ ਸਿਰਫ ਤੇ ਸਿਰਫ ਰਿਜ਼ਰਵੇਸ਼ਨ ਲਾਗੂ ਹੋਣ ਕਰਕੇ ਹੋ ਰਿਹਾ ਹੈ, ਨਹੀਂ ਤਾਂ ਬਾਕੀ ਸਾਰੇ ਲੋਕ ਇੰਟੈਲੀਜੈਂਟ ਹਨ। ਜੇ ਰਿਜ਼ਰਵੇਸ਼ਨ ਵਾਲਿਆਂ ਨੂੰ ਇਨ੍ਹਾਂ ਦਾ ਹੱਕ ਨਾ ਮਿਲੇ ਤਾਂ ਸ਼ਾਇਦ ਪੰਜਾਬ ਜਾਂ ਭਾਰਤ ਜਲਦੀ ਤੋਂ ਜਲਦੀ ਤਰੱਕੀ ਕਰ ਸਕਦਾ ਹੈ। ਸਪੀਕਰ ਸਾਹਿਬ, ਪਰ ਦੇਖਣ ਵਾਲੀ ਗੱਲ ਇਹ ਵੀ ਹੈ ਕਿ ਬਾਬਾ ਸਾਹਿਬ ਜੀ ਨੇ ਤਾਂ ਬੜੇ ਉੱਚ ਉਦੇਸ਼ਾਂ ਦੇ ਮੁਤਾਬਕ ਇਹ ਕਿਹਾ ਸੀ ਕਿ ਰਿਜ਼ਰਵੇਸ਼ਨ ਉਦੋਂ ਤੱਕ ਲਾਗੂ ਰੱਖਿਓ ਜਦੋਂ ਤੱਕ ਸਾਰੇ ਭਾਈਚਾਰੇ ਆਰਥਿਕ ਲੈਵਲ ਤੇ ਬਰਾਬਰ ਨਹੀਂ ਆ ਜਾਂਦੇ। ਦੇਸ਼ ਅਜ਼ਾਦ ਹੋਣ ਤੋਂ ਬਾਅਦ 14 ਰਾਸ਼ਟਰਪਤੀ ਬਣੇ ਹਨ, ਸੋਚਣ ਵਾਲੀ ਗੱਲ ਹੈ ਕਿ ਉਨ੍ਹਾਂ ਵਿਚੋਂ ਕਿੰਨੇ ਐਸ.ਸੀ. ਹਨ? ਹੁਣ ਤੱਕ 15 ਪੀ.ਐਮ. ਬਣੇ ਹਨ, ਉਨ੍ਹਾਂ ਵਿਚੋਂ ਕਿੰਨੇ ਐਸ.ਸੀ. ਹਨ? 43 ਚੀਫ਼ ਜਸਟਿਸ ਬਣੇ ਹਨ, ਉਨ੍ਹਾਂ ਵਿਚੋਂ ਕਿੰਨੇ ਰਿਜ਼ਰਵੇਸ਼ਨ ਵਾਲੇ ਹਨ? ਜਾਂ 19 ਇਲੈਕਸ਼ਨ ਕਮਿਸ਼ਨਰ ਰਹੇ ਹਨ, ਉਨ੍ਹਾਂ ਵਿਚੋਂ ਕਿੰਨੇ ਐਸ.ਸੀ. ਹਨ? ਸਾਡੇ ਦੇਸ਼ ਦੇ ਵਿੱਚ ਵੱਡੇ-ਵੱਡੇ ਘੁਟਾਲੇ ਹੋਏ ਹਨ, ਉਨ੍ਹਾਂ ਵਿਚੋਂ ਦੱਸੋ ਕਿ ਕਿੰਨੇ ਗਰੀਬ ਵਰਗ ਵਾਲਿਆਂ ਨੇ ਕੀਤੇ ਹਨ ਜਾਂ ਰਿਜ਼ਰਵੇਸ਼ਨ ਵਾਲਿਆਂ ਨੇ ਕੀਤੇ ਹਨ? ਜਿਹੜੇ ਵੱਡੇ ਤੋਂ ਵੱਡੇ ਲੋਕ ਬੈਂਕਾਂ ਦਾ ਪੈਸਾ ਲੈ ਕੇ ਭੱਜੇ ਹਨ, ਉਨ੍ਹਾਂ ਦੇ ਵਿਚੋਂ ਕਿੰਨੇ ਐਸੇ ਲੋਕ ਸੀ ਜਿਹੜੇ ਰਿਜ਼ਰਵੇਸ਼ਨ ਦਾ ਫਾਇਦਾ ਲੈ ਕੇ ਕਾਰਪੋਰੇਟ ਘਰਾਣਿਆਂ ਤੱਕ ਪਹੁੰਚੇ? ਸਪੀਕਰ ਸਾਹਿਬ, ਬਲੈਕ ਮਨੀ ਵਾਲਿਆਂ ਦੀ ਲਿਸਟ ਆ ਚੁੱਕੀ ਹੈ। ਉਸ ਦੇ ਵਿੱਚ ਕਿੰਨੇ ਕੁ ਰਿਜ਼ਰਵੇਸ਼ਨ ਵਾਲਿਆਂ ਦਾ ਨਾਮ ਸ਼ਾਮਲ ਹੈ?

ਸਪੀਕਰ ਸਾਹਿਬ, ਜੇ ਅੱਜ ਜਗਮੇਲ ਸਿੰਘ ਨੂੰ ਆਪਣਾ ਪਿਸ਼ਾਬ ਪੀਣ ਲਈ ਮਜਬੂਰ ਕੀਤਾ ਗਿਆ ਤਾਂ ਉਹ ਸਿਰਫ ਤੇ ਸਿਰਫ ਇਸ ਲਈ ਕੀਤਾ ਗਿਆ ਕਿਉਂਕਿ ਅਸੀਂ ਬੱਚਿਆਂ ਨੂੰ ਸਕੂਲਾਂ ਦੇ ਵਿੱਚ ਸਰਬ ਧਰਮ ਦੀ ਸਿੱਖਿਆ ਦੇ ਹੀ ਨਹੀਂ ਸਕੇ। ਅਸੀਂ ਬੱਚਿਆਂ ਨੂੰ ਦੱਸ ਹੀ ਨਹੀਂ ਸਕੇ ਕਿ ਕੋਈ ਸਿੱਖ ਧਰਮ ਦਾ ਬੱਚਾ ਸਿੱਖ ਧਰਮ ਵਿੱਚ ਪੈਦਾ ਹੋਇਆ, ਉਹ ਕ੍ਰਿਸ਼ਚੀਅਨ ਸਕੂਲ ਵਿੱਚ ਜਾ ਕੇ ਕ੍ਰਿਸ਼ਚੀਐਨਟੀ ਪੜ੍ਹ ਰਿਹਾ ਹੈ। ਉਸ ਤੋਂ ਬਾਅਦ ਜੇ ਉਹ ਕਿਤੇ ਡੀ.ਏ.ਵੀ. ਸਕੂਲ ਵਿੱਚ ਜਾਂਦਾ ਹੈ ਤਾਂ ਉਸ ਨੂੰ ਆਰੀਆ ਸਮਾਜ ਦੀ ਪੜ੍ਹਾਈ ਕਰਵਾ ਦਿੱਤੀ ਜਾਂਦੀ ਹੈ। ਇਸ ਸਦਨ ਵਿੱਚ ਬਹੁਤ ਸਾਰੇ ਸੂਝਵਾਨ ਅਤੇ ਇੰਟੈਲੀਜੈਂਟ ਲੋਕ ਬੈਠੇ ਹਨ ਪਰ ਮੈਕਸੀਮਮ ਲੋਕ ਆਪਣੀ ਜ਼ਿੰਦਗੀ ਵਿੱਚ ਪੂਰਾ ਸੰਵਿਧਾਨ ਪੜ੍ਹਦੇ ਹੀ ਨਹੀਂ ਹਨ। ਇਹ ਸਾਡੀ ਡਿਊਟੀ ਹੈ ਕਿ ਅਸੀਂ ਆਪਣੇ ਸੰਵਿਧਾਨ ਨੂੰ ਸਕੂਲੀ ਸਿੱਖਿਆ ਦੇ ਵਿੱਚ ਲਾਜ਼ਮੀ ਕਰੀਏ। ਪਹਿਲੀ ਜਮਾਤ ਤੋਂ ਲੈ ਕੇ ਦਸਵੀਂ ਜਮਾਤ ਤੱਕ ਅਸੀਂ ਬੱਚਿਆਂ ਨੂੰ ਥੋੜ੍ਹੇ ਥੋੜ੍ਹੇ ਪਾਰਟ ਕਰਕੇ ਪੜ੍ਹਾਈਏ, ਇਸ ਸੰਵਿਧਾਨ ਦੇ ਪਾਰਟਸ ਬਣਵਾ ਦਿੱਤੇ ਜਾਣ ਤਾਂ ਕਿ ਬੱਚਾ ਪਹਿਲੀ ਤੋਂ ਦਸਵੀਂ ਜਮਾਤ ਤੱਕ ਇਸ ਨੂੰ ਪੜ੍ਹ ਸਕੇ। ਮੈਂ ਧਰਮ ਨਿਰਪੱਖਤਾ ਦੀ ਗੱਲ ਕਰ ਰਹੀ ਹਾਂ ਕਿਉਂਕਿ ਸਾਡਾ ਸੰਵਿਧਾਨ ਸਾਨੂੰ ਇਸ ਚੀਜ਼ ਬਾਰੇ ਪਹਿਲ ਦੇ ਅਧਾਰ ਤੇ ਕਹਿੰਦਾ ਹੈ ਕਿ ਸਾਨੂੰ ਧਰਮ ਨਿਰਪੱਖ ਹੋਣਾ ਚਾਹੀਦਾ ਹੈ। ਅੱਜ ਲੋੜ ਹੈ ਕਿ ਅਸੀਂ ਪਹਿਲੀ ਤੋਂ ਦਸਵੀਂ ਜਮਾਤ ਤੱਕ ਸਾਰੇ ਧਰਮਾਂ ਦੇ ਬੱਚਿਆਂ ਨੂੰ ਸਰਬ-ਧਰਮਾਂ ਦੀ ਸਿੱਖਿਆ ਦੇਈਏ ਅਤੇ ਨਾਲ ਦੀ ਨਾਲ ਸੰਵਿਧਾਨ ਮੁਤਾਬਕ ਬੱਚਿਆਂ ਨੂੰ ਦੱਸੀਏ ਕਿ ਰਿਜ਼ਰਵੇਸ਼ਨ ਕਿਉਂ ਹੈ ਅਤੇ ਕਿਉਂ ਕਿਸੇ ਇੱਕ ਸੈਕਟਰ ਦੀ

ਮਨਾਪਲੀ ਨਹੀਂ ਹੋਣੀ ਚਾਹੀਦੀ। ਇਹ ਵੀ ਦੱਸੀਏ ਕਿ ਕਿਸੇ ਇੱਕ ਸੈਕਟਰ ਦੀ ਕਿਸੇ ਇੱਕ ਜਗ੍ਹਾ ਤੇ ਜਦੋਂ ਮਨਾਪਲੀ ਹੁੰਦੀ ਹੈ ਤਾਂ ਉਸ ਦਾ ਦੂਜੇ ਵਰਗ ਨੂੰ ਕੀ ਨੁਕਸਾਨ ਹੁੰਦਾ ਹੈ। ਅੱਜ ਸਾਡੇ ਸਕੂਲਾਂ ਵਿੱਚ ਬੱਚਿਆਂ ਨੂੰ ਨੌਵੀਂ ਜਾਂ ਦਸਵੀਂ ਜਮਾਤ ਵਿੱਚ ਜਾ ਕੇ ਪਤਾ ਲਗਦਾ ਹੈ ਕਿ ਬਾਬਾ ਸਾਹਿਬ ਅੰਬੇਦਕਰ ਜੀ ਗਰੀਬੀ ਵਿਚੋਂ ਉਠ ਕੇ ਸੰਵਿਧਾਨ ਲਿਖਣ ਤੱਕ, ਉਨ੍ਹਾਂ ਦੀ ਸਮਾਜ ਅਤੇ ਦੇਸ਼ ਪ੍ਰਤੀ ਕਿੰਨੀ ਵੱਡੀ ਕੁਰਬਾਨੀ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਾਰੇ ਸਦਨ ਨੂੰ ਬੇਨਤੀ ਕਰਦੀ ਹਾਂ ਕਿ ਅੱਜ ਇਸ ਸਦਨ ਵਿਚ ਬਾਬਾ ਸਾਹਿਬ ਨੂੰ ਸਮਰਪਿਤ ਇਕ ਮਤਾ ਪਾਸ ਕਰਨਾ ਚਾਹੀਦਾ ਹੈ ਕਿ ਰਾਜ ਦੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ, ਕਾਲਜਾਂ ਤੇ ਹੋਰ ਅਦਾਰਿਆਂ ਵਿਚ ਬਾਬਾ ਸਾਹਿਬ ਅੰਬੇਦਕਰ ਜੀ ਦੀ ਫੋਟੋ ਲਾਜ਼ਮੀ ਤੌਰ ਤੇ ਲੱਗਣੀ ਚਾਹੀਦੀ ਹੈ ਤਾਂ ਕਿ ਸਾਨੂੰ ਚੇਤਾ ਰਹੇ ਕਿ ਸਾਡੇ ਸੰਵਿਧਾਨ ਦਾ ਰਚੇਤਾ ਕੌਣ ਸੀ। ਸੰਵਿਧਾਨ ਬਣਾਉਣ ਵਾਲੀ ਸਾਰੀ ਕਮੇਟੀ ਦੇ ਮੈਂਬਰ ਸਾਡੇ ਸਤਿਕਾਰਯੋਗ ਹਨ। ਸਪੀਕਰ ਸਾਹਿਬ, ਜੇਕਰ ਅਸੀਂ ਜਾਣੇ-ਅਣਜਾਣੇ ਵਿਚ ਆਉਣ ਵਾਲੀ ਪੀੜ੍ਹੀ ਨੂੰ ਰਿਜ਼ਰਵੇਸ਼ਨ ਦੇ ਦੁਸ਼ਮਣ ਬਣਾਉਂਦੇ ਰਹੇ ਤਾਂ ਉਹ ਦਿਨ ਦੂਰ ਨਹੀਂ ਜਦੋਂ ਸਾਡੇ ਪਿੰਡਾਂ ਤੇ ਸ਼ਹਿਰਾਂ ਵਿਚ ਸਿਵਲ ਵਾਰ ਸ਼ੁਰੂ ਹੋ ਜਾਵੇਗੀ। ਸਪੀਕਰ ਸਾਹਿਬ, ਇਹ ਬਹੁਤ ਜ਼ਰੂਰੀ ਹੈ ਕਿ ਅੱਜ ਅਸੀਂ ਡੈਮੋਕਰੇਟਿਕ ਵੈਲਿਊਜ਼ ਅਪਣਾਈਏ। ਅਜਿਹਾ ਕਰਨ ਨਾਲ ਨਾ ਤਾਂ ਕੋਈ ਤੇਲ ਪਾ ਕੇ ਸੜੇਗਾ, ਨਾ ਕਿਸੇ ਤੇ ਤੇਜ਼ਾਬ ਪਾਇਆ ਜਾਵੇਗਾ, ਨਾ ਕਿਸੇ ਨੂੰ ਪਿਸ਼ਾਬ ਪਿਆਇਆ ਜਾਵੇਗਾ ਅਤੇ ਨਾ ਹੀ ਕਿਸੇ ਦੀ ਧੀ-ਭੈਣ ਤੇ ਆਪਣਾ ਹੱਕ ਸਮਝ ਕੇ ਲੁੱਟਿਆ ਤੇ ਕੁੱਟਿਆ ਜਾਵੇਗਾ। ਨਾ ਹੀ ਇਹ ਸਮਝਿਆ ਜਾਵੇਗਾ ਕਿ ** **। ਸੋ, ਸਪੀਕਰ ਸਾਹਿਬ ਮੈਂ ਤੁਹਾਡੇ ਤੋਂ ਆਸ ਕਰਦੀ ਹਾਂ ਕਿ ਅੱਜ ਦੇ ਦਿਨ ਤੁਸੀਂ ਵੱਡਾ ਦਿਲ ਦਿਖਾਉਂਗੇ ਕਿਉਂਕਿ ਇਥੇ ਸਾਰੀ ਕੈਬਨਿਟ ਬੈਠੀ ਹੈ। ਮੇਰੀ ਬੇਨਤੀ ਹੈ ਕਿ ਤੁਸੀਂ ਇਹ ਫੈਸਲਾ ਕਰਵਾ ਦਿਓ ਕਿ ਸਾਰੇ ਸਕੂਲਾਂ ਕਾਲਜਾਂ ਵਿਚ ਡਾ. ਬੀ.ਆਰ.ਅੰਬੇਦਕਰ ਜੀ ਦੀ ਫੋਟੋ ਜ਼ਰੂਰ ਲੱਗੇ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ** ** ਐਕਸਪੰਜ ਕਰ ਦਿਓ ਜੀ।ਹਾਂ ਜੀ, ਸਰਦਾਰ ਪਰਮਿੰਦਰ ਸਿੰਘ ਢੀਂਡਸਾ ਜੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ (ਲਹਿਰਾ) :** ਸਪੀਕਰ ਸਾਹਿਬ, ਮੈਂ ਤੁਹਾਡਾ ਤਹਿ ਦਿਲੋਂ ਧੰਨਵਾਦ ਕਰਦਾ ਹਾਂ ਕਿ ਤੁਸੀਂ ਅੱਜ ਮੈਨੂੰ 70ਵੇਂ ਸੰਵਿਧਾਨ ਦਿਵਸ ਦੇ ਦਿਹਾੜੇ ਦੀ ਅਹਿਮੀਅਤ ਬਾਰੇ ਬੋਲਣ ਦਾ ਮੌਕਾ ਦਿੱਤਾ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਅਸੀਂ ਖੁਸ਼ਕਿਸਮਤ ਹਾਂ ਕਿ ਸੰਵਿਧਾਨ ਬਣਾਉਣ ਵਾਲਿਆਂ ਨੇ ਸਾਨੂੰ ਇਕ ਮੁਕੰਮਲ ਸੰਵਿਧਾਨ ਦਿੱਤਾ ਹੈ। ਇਸ ਵਿਚ ਸਮਾਜ ਦੇ ਹਰ ਪਹਿਲੂ ਅਤੇ ਸਮਾਜ ਦੀ ਹਰ ਭਾਵਨਾ ਦੀ ਕਦਰ ਕੀਤੀ ਗਈ ਹੈ। ਇਹ ਦੁਨੀਆ ਦਾ ਸਭ ਤੋਂ ਵੱਡਾ ਸੰਵਿਧਾਨ ਹੈ, ਜਿਸ ਵਿਚ ਦੁਨੀਆ ਦੇ ਸਾਰੇ ਸੰਵਿਧਾਨਾਂ ਦੀਆਂ ਚੰਗੀਆਂ ਗੱਲਾਂ ਸ਼ਾਮਲ ਕੀਤੀਆਂ ਗਈਆਂ ਹਨ ਪਰ ਅੱਜ ਅਫਸੋਸ ਹੁੰਦਾ ਹੈ ਕਿ ਸਾਡੇ ਸੰਵਿਧਾਨ ਵਿਚ ਤਾਂ ਕੋਈ ਕਮੀ ਨਹੀਂ ਹੈ ਪਰ ਫਿਰ ਵੀ ਜਿਹੜੀ ਮਨਸ਼ਾ ਨਾਲ ਸੰਵਿਧਾਨ ਬਣਾਇਆ ਗਿਆ ਸੀ, ਉਹ ਮਨਸ਼ਾ, ਉਹ ਭਾਵਨਾਵਾਂ ਪੂਰੀਆਂ ਨਹੀਂ ਹੋ ਸਕੀਆਂ। ਮੈਂ ਮਹਿਸੂਸ ਕਰਦਾ ਹਾਂ

** Expunged as orderd by the Chair.

ਕਿ ਅੱਜ ਸੰਵਿਧਾਨ ਕੇਵਲ ਇਕ ਕਿਤਾਬ ਬਣ ਕੇ ਰਹਿ ਗਿਆ ਹੈ। ਜਿੱਥੇ ਇਕ ਪਾਸੇ ਸਾਡਾ ਸੰਵਿਧਾਨ ਪੂਰੇ ਵਿਸਥਾਰ ਵਿਚ ਲਿਖਿਆ ਗਿਆ ਹੈ ਉੱਥੇ ਇੰਗਲੈਂਡ ਵਰਗੇ ਦੇਸ਼ ਦਾ ਸੰਵਿਧਾਨ ਲਿਖਿਆ ਹੀ ਨਹੀਂ ਗਿਆ, ਉਹ ਪ੍ਰੈਕਟਿਸ, ਕਨਵੈਂਸ਼ਨਜ਼ ਤੇ ਚੱਲ ਰਿਹਾ ਹੈ। ਉਨ੍ਹਾਂ ਕਨਵੈਂਸ਼ਨਜ਼ ਨੂੰ ਲਾਗੂ ਕਰਨ ਵਾਲੇ ਲੋਕਾਂ ਦੇ ਮਨ ਵਿਚ ਇਨ੍ਹਾਂ ਕੰਨਵੈਂਸ਼ਨਜ਼ ਦੀ ਕਦਰ ਹੈ। ਮੈਂ ਸਮਝਦਾ ਹਾਂ ਕਿ ਅੱਜ ਸਾਡੀ ਕਿਸੇ ਵੀ ਸੰਵਿਧਾਨਕ ਸੰਸਥਾ ਦੀ ਕਦਰ ਨਹੀਂ ਰਹੀ ਹੈ ਤੇ ਨਾ ਹੀ ਉਨ੍ਹਾਂ ਸੰਸਥਾਵਾਂ ਨੂੰ ਬਣਾਉਣ ਵਾਲੇ ਬਜ਼ੁਰਗਾਂ ਦੀ ਕੋਈ ਕਦਰ ਰਹੀ ਹੈ। ਸੰਵਿਧਾਨ ਵਿਚ ਸਾਨੂੰ ਅਧਿਕਾਰ ਮਿਲੇ ਹਨ, ਫੰਡਾਮੈਂਟਲ ਰਾਈਟਜ਼ ਮਿਲੇ ਹਨ ਪਰ ਕੀ ਅਸੀਂ ਉਨ੍ਹਾਂ ਨੂੰ ਲਾਗੂ ਕਰਨ ਲਈ ਯਤਨ ਕਰਦੇ ਹਾਂ? ਇਹ ਡਿਊਟੀ ਸਾਡੀ ਹੈ ਕਿਉਂਕਿ ਅਸੀਂ ਲੋਕਾਂ ਦੁਆਰਾ ਚੁਣ ਕੇ ਆਏ ਹਾਂ। ਇਹ ਡਿਊਟੀ ਬਿਉਰੋਕਰੇਸੀ ਦੀ ਹੈ, ਜੁਡੀਸ਼ਰੀ ਦੀ ਹੈ ਪਰ ਮੈਂ ਸਮਝਦਾ ਹਾਂ ਕਿ ਅਸੀਂ ਸਾਰੇ ਹੀ ਆਮ ਲੋਕਾਂ ਦੀਆਂ ਭਾਵਨਾਵਾਂ ਤੇ ਪੂਰਾ ਨਹੀਂ ਉਤਰ ਸਕੇ। ਅੱਜ ਦਾ ਦਿਨ ਸਾਡੇ ਲਈ ਆਤਮ-ਮੰਥਨ ਦਾ ਵੀ ਦਿਨ ਹੈ।ਜੋ ਪਿਛਲੇ 70 ਸਾਲਾਂ ਵਿਚ ਹਾਲਾਤ ਹੋਏ, ਉਸ ਲਈ ਅਸੀਂ ਸਾਰੇ ਹੀ ਜ਼ਿੰਮੇਵਾਰ ਹਾਂ। ਸਪੀਕਰ ਸਾਹਿਬ, ਬਾਬਾ ਸਾਹਿਬ ਅੰਬੇਦਕਰ ਜੀ ਨੇ ਆਪਣੇ ਹੁੰਦਿਆਂ ਹੀ ਇਹ ਦੇਖ ਲਿਆ ਸੀ ਕਿ ਜਿਹੜਾ ਸੰਵਿਧਾਨ ਮੈਂ ਬਣਾਇਆ ਹੈ, ਉਹ ਕਿਸੇ ਤਰਫ ਨਹੀਂ ਜਾ ਰਿਹਾ ਹੈ। ਉਨ੍ਹਾਂ ਨੇ ਖੁਦ ਪਾਰਲੀਮੈਂਟ ਵਿਚ ਕਿਹਾ ਸੀ ਕਿ ਜੇਕਰ ਮੈਨੂੰ ਪਤਾ ਹੁੰਦਾ ਕਿ ਇਸ ਤਰੀਕੇ ਨਾਲ ਸੰਵਿਧਾਨ ਨੂੰ ਲਾਗੂ ਕੀਤਾ ਜਾਣਾ ਹੈ ਤਾਂ ਸ਼ਾਇਦ ਮੈਂ ਇਸ ਸੰਵਿਧਾਨ ਨੂੰ ਪਾੜ ਦਿੰਦਾ। ਇਹ ਉਨ੍ਹਾਂ ਦੇ ਆਪਣੇ ਸ਼ਬਦ ਹਨ। ਪਿਛਲੇ 70 ਸਾਲਾਂ ਵਿਚ ਇਹ ਗਿਰਾਵਟ ਹੋਰ ਵਧੀ ਹੈ। ਸਪੀਕਰ ਸਾਹਿਬ, ਸਾਨੂੰ ਸੰਵਿਧਾਨ ਨੂੰ ਲਾਗੂ ਕਰਨ ਦੇ ਵਾਸਤੇ ਸਾਡਾ ਜੋ ਵੈਲਿਊ ਸਿਸਟਮ ਹੈ, ਉਸ ਨੂੰ ਆਪਣੇ ਕਿਰਦਾਰ ਦੇ ਵਿੱਚ ਬਿਹਤਰ ਬਣਾਉਣਾ ਪਵੇਗਾ। ਸਾਡੇ ਬੱਚਿਆਂ ਨੂੰ ਜਿੱਥੇ ਆਪਣੇ ਰਾਈਟਸ ਦੱਸੇ ਜਾਂਦੇ ਹਨ, ਉੱਥੇ ਉਨ੍ਹਾਂ ਨੂੰ ਡਿਊਟੀਜ਼ ਪ੍ਰਤੀ ਵੀ ਜ਼ਿੰਮੇਵਾਰ ਬਣਾਉਣਾ ਪਵੇਗਾ। ਜਦੋਂ ਆਪਾਂ ਚੁਣ ਕੇ ਆ ਜਾਂਦੇ ਹਾਂ, ਚਾਹੇ ਐਮ.ਐਲ.ਏ ਬਣਦੇ ਹਾਂ, ਚਾਹੇ ਮੰਤਰੀ ਬਣਦੇ ਹਾਂ, ਸਭ ਤੋਂ ਪਹਿਲਾਂ ਆਪਾਂ ਇਹ ਜਾਣ ਲੈਂਦੇ ਹਾਂ ਕਿ ਮੰਤਰੀ ਜਾਂ ਐਮ.ਐਲ.ਏ ਦੀ ਪਾਵਰ ਕੀ ਹੈ ਪਰ ਕਦੇ ਕੋਈ ਇਹ ਨਹੀਂ ਸੋਚਦਾ ਕਿ ਮੇਰੀ ਜ਼ਿੰਮੇਵਾਰੀ ਕੀ ਹੈ? ਆਮ ਨਾਗਰਿਕ ਤੱਕ ਇਸ ਤਰ੍ਹਾਂ ਦੇ ਹਾਲਾਤ ਹੋਏ ਪਏ ਹਨ ਕਿ ਕੋਈ ਆਪਣੀ ਜ਼ਿੰਮੇਵਾਰੀ ਪ੍ਰਤੀ ਚੇਤੰਨ ਨਹੀਂ ਹੈ ਪਰ ਆਪਣੇ ਅਧਿਕਾਰਾਂ ਪ੍ਰਤੀ ਹਰ ਕੋਈ ਚੇਤੰਨ ਹੈ। ਅੱਜ ਮੁਲਾਜ਼ਮ ਵੀ ਸੜਕਾਂ ਤੇ ਧਰਨੇ ਦਿੰਦੇ ਹਨੇ ਪਰ ਉਨ੍ਹਾਂ ਨੂੰ ਲੋਕਾਂ ਦੇ ਪ੍ਰਤੀ ਆਪਣੀ ਡਿਊਟੀ ਬਾਰੇ ਨਹੀਂ ਪਤਾ ਕਿ ਲੋਕ ਖੱਜਲ-ਖੁਆਰ ਹੋ ਰਹੇ ਹਨ। ਮੈਂ ਸਮਝਦਾ ਹਾਂ ਕਿ ਜੇਕਰ ਅਸੀ ਸੰਵਿਧਾਨ ਨੂੰ ਮੂਲ ਰੂਪ ਦੇ ਵਿੱਚ ਲਾਗੂ ਕਰਨਾ ਹੈ ਤਾਂ ਸਾਨੂੰ ਜਿਹੜਾ ਸਾਡਾ ਵੈਲਿਊ ਸਿਸਟਮ ਹੈ, ਉਸ ਦੇ ਵਿੱਚ ਸੁਧਾਰ ਕਰਨ ਦਾ ਯਤਨ ਕਰਨਾ ਪਵੇਗਾ। ਸਪੀਕਰ ਸਾਹਿਬ, ਅੱਜ ਦੇ ਦਿਨ ਅਸੀਂ ਡਾ.ਬੀ.ਆਰ.ਅੰਬੇਦਕਰ ਜੀ ਨੂੰ ਯਾਦ ਕਰਦੇ ਹਾਂ, ਜਿਨ੍ਹਾਂ ਦੀਆਂ ਬਹੁਤ ਵੱਡੀਆਂ ਘਾਲਣਾਵਾਂ ਹਨ । ਜਿਥੇ ਅੱਜ ਹਰ ਕੋਈ ਉਨ੍ਹਾਂ ਦੀ legacy ਨੂੰ ਅਪਣਾਉਣ ਲਈ ਦੌੜ ਲਗਾ ਰਿਹਾ ਹੈ, ਉਥੇ ਮੈਂ ਇਹ ਵੀ ਦੱਸਣਾ ਚਾਹਾਂਗਾ ਕਿ ਉਨ੍ਹਾਂ ਦੇ ਜੀਵਨ ਦੇ ਵਿੱਚ ਉਨ੍ਹਾਂ ਨਾਲ ਕੀ

ਹੋਇਆ ਹੈ, ਉਸ ਸਮੇਂ ਦੇ ਜਿਹੜੇ ਹਾਕਮ ਸੀ ਉਨ੍ਹਾਂ ਨੇ ਕਿਸ ਤਰੀਕੇ ਦੇ ਨਾਲ ਉਨ੍ਹਾਂ ਨੂੰ ਜ਼ਲੀਲ ਕੀਤਾ। ਪਹਿਲੀ ਹੀ ਪਾਰਲੀਮੈਂਟ ਇਲੈਕਸ਼ਨ ਦੇ ਵਿੱਚ ਉਨ੍ਹਾਂ ਨੂੰ ਜਿੱਤਣ ਨਹੀਂ ਦਿੱਤਾ ਗਿਆ। ਉਨ੍ਹਾਂ ਨੂੰ ਉਦੋਂ ਨੁਮਾਇੰਦਗੀ ਨਹੀਂ ਦਿੱਤੀ ਤੇ ਹੁਣ ਉਨ੍ਹਾਂ ਦੇ ਸੋਹਿਲੇ ਗਾਉਣ ਦਾ ਕੀ ਫਾਇਦਾ ਹੈ। ਗੱਲ ਤਾਂ ਇਹ ਹੈ ਕਿ ਕੀ ਵਾਕਿਆ ਹੀ ਸਾਡੇ ਦਿਲ ਦੇ ਵਿੱਚ ਡਾ.ਬੀ.ਆਰ.ਅੰਬੇਦਕਰ ਜੀ ਪ੍ਰਤੀ ਸਤਿਕਾਰ ਹੈ? ਸਪੀਕਰ ਸਾਹਿਬ, ਉਨ੍ਹਾਂ ਦੀ legacy ਨੂੰ ਕੌਣ ਕਲੇਮ ਕਰ ਸਕਦਾ ਹੈ? ਜਿਹੜਾ ਬੰਦਾ ਸੰਵਿਧਾਨ ਦਾ ਸਤਿਕਾਰ ਕਰਦਾ ਹੈ, ਮੈਂ ਸਮਝਦਾ ਹਾਂ ਕਿ ਉਹੀ ਉਨ੍ਹਾਂ ਦਾ ਅਸਲੀ ਵਾਰਿਸ ਹੈ, ਨਾ ਕੋਈ ਦਲਿਤ, ਨਾ ਕੋਈ ਉੱਚ ਸ਼੍ਰੇਣੀ ਦਾ ਅਤੇ ਨਾ ਕੋਈ ਹੋਰ ਉਨ੍ਹਾਂ ਦਾ ਵਾਰਿਸ ਹੈ। ਜਿਹੜਾ ਉਨ੍ਹਾਂ ਦੀ ਕਦਰ ਕਰਦਾ ਹੈ, ਉਹੀ ਅਸਲੀ ਵਾਰਿਸ ਹੈ। ਸਪੀਕਰ ਸਾਹਿਬ, ਮੈਂ ਸਮਝਦਾ ਹੈ ਕਿ ਅਸੀਂ ਹਾਊਸ ਦੇ ਵਿੱਚ ਸੰਵਿਧਾਨ ਨੂੰ ਬਾਈਪਾਸ ਕਰਨ ਦੇ ਬਹੁਤ ਤਰੀਕੇ ਲੱਭ ਲੈਂਦੇ ਹਾਂ। ਇਸ ਹਾਊਸ ਦੇ ਵਿੱਚ ਵੀ ਸਾਨੂੰ ਸੰਵਿਧਾਨ ਦੀਆਂ ਜਿਹੜੀਆਂ ਪ੍ਰੈਕਟਿਸਿਜ਼ ਹਨ, ਉਨ੍ਹਾਂ ਤੇ ਪੂਰਾ ਪਹਿਰਾ ਦੇਣਾ ਚਾਹੀਦਾ ਹੈ। ਸਪੀਕਰ ਸਾਹਿਬ, ਹਾਊਸ ਦੇ ਕਸਟੋਡੀਅਨ ਤੁਸੀਂ ਹੋ। ਤੁਸੀਂ ਹੀ ਇਸ ਨੂੰ ਲਾਗੂ ਕਰਨਾ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਦਾ ਹਾਂ ਕਿ ਟਰੈਜ਼ਰੀ ਬੈਂਚਿਜ਼ ਨੇ ਨਾਲ- ਨਾਲ ਆਪੋਜੀਸ਼ਨ ਵੀ ਹੈ। ਜੇਕਰ ਅਸੀਂ ਨੁਕਤਾਚੀਨੀ ਕਰਾਂਗੇ ਤਾਂ ਹੀ ਮੈਂ ਸਮਝਦਾ ਹਾਂ ਕਿ ਸਰਕਾਰ ਕੋਈ ਫਾਇਦਾ ਕਰ ਸਕਦੀ ਹੈ। ਜੇਕਰ ਆਪਾਂ ਕਿਸੇ ਨੂੰ ਕੋਈ ਕਮੀ ਨਹੀਂ ਦੱਸਾਂਗੇ ਤਾਂ ਅਸੀਂ ਕੋਈ ਸੁਧਾਰ ਨਹੀਂ ਲਿਆ ਸਕਦੇ। ਜਦ ਤਕ ਆਪੋਜੀਸ਼ਨ ਸਹੀ ਢੰਗ ਨਾਲ ਲੋਕਾਂ ਦੀਆਂ ਭਾਵਨਾਵਾਂ ਇਸ ਸਦਨ ਵਿੱਚ ਨਹੀਂ ਰੱਖ ਸਕਦੀ, ਉਦੋਂ ਤੱਕ ਸਰਕਾਰ ਵੀ ਪੂਰੀ ਮੁਸਤੈਦੀ ਨਾਲ ਤੇ ਸਹੀ ਢੰਗ ਨਾਲ ਕੰਮ ਨਹੀਂ ਕਰ ਸਕਦੀ। ਮੇਰੀ ਤੁਹਾਨੂੰ ਬੇਨਤੀ ਹੈ ਕਿ ਜਿਹੜੀਆਂ ਹਾਊਸ ਦੀਆਂ ਪਰੰਪਰਾਵਾਂ ਹਨ ਤੁਸੀਂ ਆਪੋਜੀਸ਼ਨ ਨੂੰ ਹਾਊਸ ਦਾ ਇੱਕ ਬਰਾਬਰ ਦਾ ਹਿੱਸਾ ਮੰਨ ਕੇ ਸਾਨੂੰ contribute ਕਰਨ ਲਈ ਸਹਿਯੋਗ ਦਿਓ। ਸਪੀਕਰ ਸਾਹਿਬ, ਸੰਵਿਧਾਨ ਨੂੰ ਰੋਜ਼ ਨਵੀਆਂ ਚੁਣੌਤੀਆਂ ਹਨ। ਸਭ ਤੋਂ ਵੱਡੀ ਚੁਣੌਤੀ ਸੰਵਿਧਾਨ ਨੂੰ ਸਾਲ 1975 ਦੇ ਵਿੱਚ ਆਈ, ਜਦੋਂ ਐਮਰਜੈਂਸੀ ਲਾਗੂ ਹੋਈ, ਜਿਸ ਵਿੱਚ ਸਾਡੇ ਜੋ ਮੌਲਿਕ ਅਧਿਕਾਰ ਸਨ, ਉਹ ਵੀ ਖੋਹ ਲਏ ਗਏ। ਉਹ ਲੋਕ, ਜਿਨ੍ਹਾਂ ਨੇ ਮੌਲਿਕ ਅਧਿਕਾਰਾਂ ਨੂੰ ਬਹਾਲ ਕਰਨ ਲਈ ਕੁਰਬਾਨੀਆਂ ਦਿੱਤੀਆਂ, ਲੜਾਈਆਂ ਲੜੀਆਂ, ਜੇਲ੍ਹਾਂ ਕੱਟੀਆਂ।

ਮੈਂ ਇੱਥੇ ਕਿਸੇ ਵਿਅਕਤੀ ਬਾਰੇ ਗੱਲ ਨਹੀਂ ਕਰਨਾ ਚਾਹੁੰਦਾ। ਮੈਂ ਸਿਰਫ ਇੱਕ ਸਿਧਾਂਤਕ ਗੱਲ ਕਰਨੀ ਚਾਹੁੰਦਾ ਹਾਂ ਕਿ ਜਿਨ੍ਹਾਂ ਲੋਕਾਂ ਨੇ ਉਦੋਂ ਸਾਰੀ ਜੱਦੋ-ਜਹਿਦ ਕੀਤੀ, ਅੱਜ ਉਨ੍ਹਾਂ ਨੂੰ ਵੀ ਸ਼ਰਧਾਂਜਲੀ ਦੇਣੀ ਬਣਦੀ ਹੈ ਕਿਉਂਕਿ ਜੇ ਉਹ ਨਾ ਲੜਦੇ ਤਾਂ ਜਿਹੜੇ ਸਾਡੇ ਮੌਲਿਕ ਅਧਿਕਾਰ ਹਨ, ਉਹ ਇੰਨੇ ਥੋੜ੍ਹੇ ਸਮੇਂ ਵਿੱਚ ਸ਼ਾਇਦ ਬਹਾਲ ਨਾ ਹੁੰਦੇ। ਇਹ ਹਰ ਇੱਕ ਹਾਕਮ ਵਾਸਤੇ ਐਗਜ਼ਾਂਪਲ ਸੈੱਟ ਹੋ ਗਈ ਕਿ ਅਸੀਂ ਲੋਕਾਂ ਨਾਲ ਕਿਸੇ ਤਰੀਕੇ ਦਾ ਧੱਕਾ ਨਹੀਂ ਕਰ ਸਕਦੇ। ਮੈਂ ਸਮਝਦਾ ਹਾਂ ਕਿ ਹੁਣ ਕੋਈ ਵੀ ਹਾਕਮ ਲੋਕਾਂ ਦੇ ਮੌਲਿਕ ਅਧਿਕਾਰਾਂ ਦਾ ਘਾਣ ਕਰਨ ਬਾਰੇ ਸੋਚ ਨਹੀਂ ਸਕਦਾ। ਸੋ, ਅੱਜ ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ

ਜਿੱਥੇ ਆਪਾਂ ਬਾਬਾ ਸਾਹਿਬ ਡਾ.ਬੀ.ਆਰ. ਅੰਬੇਦਕਰ ਅਤੇ ਸਾਰੇ ਹੀ constituent assembly ਅਸੈਂਬਲੀ ਦੇ ਮੈਂਬਰ, ਜਿਨ੍ਹਾਂ ਨੇ ਸਾਨੂੰ ਇਹ ਸੰਵਿਧਾਨ ਦਿੱਤਾ, ਉਨ੍ਹਾਂ ਨੂੰ ਸਤਿਕਾਰ ਭੇਂਟ ਕਰਦੇ ਹਾਂ, ਉੱਥੇ ਨਾਲ ਹੀ ਉਨ੍ਹਾਂ ਸੱਜਣਾਂ, ਜਿਨ੍ਹਾਂ ਨੇ ਸਮੇਂ-ਸਮੇਂ ਤੇ ਸੰਵਿਧਾਨ ਦੀ ਰੱਖਿਆ ਲਈ ਕੁਰਬਾਨੀਆਂ ਦਿੱਤੀਆਂ, ਜਿਨ੍ਹਾਂ ਨੇ ਸੰਵਿਧਾਨ ਨੂੰ ਅਪਹੋਲਡ ਕਰਨ ਵਾਸਤੇ ਜੱਦੋ-ਜਹਿਦ ਕੀਤੀ, ਸਰਕਾਰਾਂ ਦੇ ਖਿਲਾਫ ਲੜਾਈਆਂ ਲੜੀਆਂ, ਨੂੰ ਵੀ ਸ਼ਰਧਾ ਭੇਂਟ ਕਰਨੀ ਬਣਦੀ ਹੈ। ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਇਸ ਅਹਿਮ ਮੋਸ਼ਨ ਤੇ ਬੋਲਣ ਦਾ ਮੌਕਾ ਦਿੱਤਾ।

**ਵਿੱਤ ਮੰਤਰੀ (ਸਰਦਾਰ ਮਨਪ੍ਰੀਤ ਸਿੰਘ ਬਾਦਲ)** : ਜਨਾਬ, ਸਪੀਕਰ ਸਾਹਿਬ, ਅੱਜ ਦੇ ਇਸ ਮੁਬਾਰਕ ਤੇ ਮੁਕੱਦਸ ਦਿਹਾੜੇ ਤੇ, ਜਦੋਂ ਸਾਡੇ ਮੁਲਕ ਦੇ ਸੰਵਿਧਾਨ ਨੂੰ ਮਨਜ਼ੂਰ ਹੋਏ 70 ਸਾਲ ਹੋ ਗੁਜ਼ਰੇ ਹਨ, ਮੈਂ ਰਸਮੀ ਤੌਰ ਤੇ ਨਹੀਂ, ਜ਼ਾਹਿਰੀ ਤੌਰ ਤੇ ਨਹੀਂ, ਮੈਂ ਦਿਲੀ ਤੌਰ ਤੇ ਤਮਾਮ ਅਸੈਂਬਲੀ ਦੇ ਮੈਂਬਰਾਨ ਨੂੰ ਇਸ ਗੱਲ ਦੀ ਵਧਾਈ ਪੇਸ਼ ਕਰਦਾ ਹਾਂ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਤੁਸੀਂ ਵੀ ਇਸ ਮੁਬਾਰਕਬਾਦ ਦੇ ਮੁਸਤੱਕ ਹੱਕਦਾਰ ਹੋ ਕਿ ਤੁਸੀਂ ਅੱਜ ਇਹ ਪੰਜਾਬ ਵਿਧਾਨ ਸਭਾ ਦਾ ਖਸੂਸੀ ਇਜਲਾਸ ਮੁਨੱਕਤ ਕੀਤਾ। ਸਪੀਕਰ ਸਾਹਿਬ, ਜਨਾਬ, ਸਪੀਕਰ ਦੀ ਕੁਰਸੀ ਤੇ ਫਾਇਜ਼ ਹਨ। ਮੇਰੇ ਖੱਬੇ ਤੇ ਸੱਜੇ ਪੰਜਾਬ ਅਸੈਂਬਲੀ ਦੇ ਮਨਿਸਟਰਜ਼ ਬੈਠੇ ਹਨ। ਮੇਰੇ ਅੱਗੇ ਤੇ ਪਿੱਛੇ ਪੰਜਾਬ ਅਸੈਂਬਲੀ ਦੇ ਤਮਾਮ ਐਮ.ਐਲ.ਏਜ਼. ਬੈਠੇ ਹਨ। ਅਸੀਂ ਸਾਰੇ ਚੁਣ ਕੇ ਆਏ ਹਾਂ ਔਰ ਇਹ ਸਾਡੇ ਮੁਲਕ ਦਾ ਆਇਨ ਹੈ, ਉਸ ਦੀ ਸ਼ਾਨ ਹੈ ਕਿ ਤੁਸੀਂ, ਮੈਂ ਤੇ ਆਪਾਂ ਸਾਰੇ ਜਣੇ ਇੱਥੇ ਬੈਠੇ ਹਾਂ। ਸਪੀਕਰ ਸਾਹਿਬ, ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀ ਅੰਗਰੇਜ਼ ਨਾਲ ਕੀ ਲੜਾਈ ਸੀ? ਉਹ ਨੌਕਰੀ ਨਹੀਂ ਮੰਗਦੇ ਸੀ, ਜਾਇਦਾਦ ਨਹੀਂ ਮੰਗਦੇ ਸੀ, ਕੋਈ ਦੌਲਤ ਨਹੀਂ ਮੰਗਦੇ ਸੀ। 23-23 ਸਾਲ ਦੇ ਨੌਜਵਾਨ ਔਰ 23-23 ਸਾਲ ਦੇ ਬੱਚਿਆਂ ਨੂੰ ਆਪਣੇ ਗਲਾਂ ਦੇ ਵਿੱਚ ਫਾਂਸੀ ਦੇ ਰੱਸੇ ਪਾਉਣੇ ਬਹੁਤ ਮੁਸ਼ਕਿਲ ਹੁੰਦੇ ਹਨ। ਜੇ ਉਨ੍ਹਾਂ ਦਾ ਅੰਗਰੇਜ਼ ਨਾਲ ਝਗੜਾ ਸੀ ਤਾਂ ਸਿਰਫ ਇੱਕ ਗੱਲ ਦਾ ਝਗੜਾ ਸੀ ਕਿ ਉਹ ਵੋਟ ਪਾਉਣ ਦਾ ਅਧਿਕਾਰ ਮੰਗਦੇ ਸੀ, ਜਿਸ ਨੂੰ ਸਾਡਾ ਦਿਲ ਕਰੇ ਸਾਡੇ ਮੁਲਕ ਦਾ ਪ੍ਰਧਾਨ ਮੰਤਰੀ ਬਣ ਜਾਵੇ ਤੇ ਜਿਸ ਨੂੰ ਸਾਡਾ ਦਿਲ ਕਰੇ ਸਾਡਾ ਮੁੱਖ ਮੰਤਰੀ ਬਣ ਜਾਵੇ। ਮੈਂ ਸਮਝਦਾ ਹਾਂ ਕਿ ਜਿਹੜਾ ਤੁਹਾਡਾ ਫੈਸਲਾ ਹੈ ਕਿ ਜਿਹੜਾ ਅੱਜ ਦਾ ਕੰਸਟੀਚਿਊਸ਼ਨ ਡੇਅ ਹੈ, ਇਸ ਦੀ ਅਹਿਮੀਅਤ ਨੂੰ ਮੱਦੇਨਜ਼ਰ ਰੱਖਦੇ ਹੋਏ ਜੋ ਇਹ ਤਸੀਂ ਅੱਜ ਸਪੈਸ਼ਲ ਖਸੂਸੀ ਸੈਸ਼ਨ ਬੁਲਾਇਆ ਹੈ ਇਹ ਇੱਕ ਖੁਸ਼ੀ ਦਾ ਮੌਕਾ ਹੈ। ਮੈਂ ਸਮਝਦਾ ਹਾਂ ਕਿ ਸਾਡਾ ਫਰਜ਼ ਵੀ ਹੈ। ਸਪੀਕਰ ਸਾਹਿਬ, ਇਹ ਜਿਹੜੀ ਕੰਸਟੀਚੂਏਂਟ ਅਸੈਂਬਲੀ ਸੀ, ਇਸ ਨੂੰ ਮਾਰਚ, 1946 ਵਿੱਚ ਤਸਬੀਹ ਦਿੱਤੀ ਗਈ ਸੀ ਔਰ ਇਸ ਦੀ ਪਹਿਲੀ ਬੈਠਕ ਦਸੰਬਰ, 1946 ਵਿੱਚ ਹੋਈ ਸੀ। ਇਸ ਦੇ 389 ਮੈਂਬਰ ਸਨ ਪਰ ਬਦਕਿਸਮਤੀ ਨਾਲ ਮੁਲਕ ਤਕਸੀਮ ਹੋ ਗਿਆ ਤੇ ਇਸ ਦੇ ਮੈਂਬਰ 299 ਰਹਿ ਗਏ। ਡਾ. ਬੀ.ਆਰ. ਅੰਬੇਦਕਰ ਬਾਰੇ ਮੇਰੇ ਤੋਂ ਪਹਿਲਾਂ ਵੀ ਬੋਲਦਿਆਂ ਮੈਂਬਰਾਨ ਨੇ ਉਨ੍ਹਾਂ ਦੀ ਜ਼ਾਤ ਦੇ ਮੁਤੱਲਕ ਜ਼ਿਕਰ ਕੀਤਾ ਹੈ ਔਰ ਕਹਿ ਸਕਦੇ ਹਾਂ ਕਿ ਇੱਕ ਐਸਾ

ਮਰਦ-ਏ-ਕਾਮਿਲ ਜਿਹੜੇ ਕਿ ਉਨ੍ਹਾਂ ਜ਼ਮਾਨਿਆਂ ਵਿੱਚ ਕੋਲੰਬੀਆ ਯੂਨੀਵਰਸਿਟੀ ਤੋਂ ਇਕਨਾਮਿਕਸ ਦੀ ਪੀ.ਐਚ.ਡੀ. ਸਨ। ਸਪੀਕਰ ਸਾਹਿਬ, ਇਹ ਕਲਪਨਾ ਕਰ ਸਕਦੇ ਹਾਂ ਕਿ 1933 ਵਿੱਚ ਤੁਸੀਂ ਕੋਲੰਬੀਆ ਯੂਨੀਵਰਸਿਟੀ ਤੋਂ ਇਕਨਾਮਿਕਸ ਦੀ ਪੀ.ਐਚ.ਡੀ. ਕਰ ਲਈ ਹੋਵੇ ਔਰ ਉਨ੍ਹਾਂ ਦੇ ਹੱਥ ਇਹ ਕੰਸਟੀਚਿਊਐਂਟ ਅਸੈਂਬਲੀ ਦੀ ਚੇਅਰਮੈਨਸ਼ਿਪ ਦਿੱਤੀ ਗਈ ਔਰ ਤਿੰਨਾਂ ਸਾਲਾਂ ਦੇ ਬਾਅਦ ਅੱਜ ਦਾ ਉਹ ਮੁਬਾਰਕ ਤੇ ਮੁਕੱਦਸ ਦਿਨ ਸੀ, ਜਦੋਂ ਅੰਬੇਦਕਰ ਸਾਹਿਬ ਨੇ ਡਾ. ਰਾਜਿੰਦਰ ਪ੍ਰਸਾਦ ਸਾਹਿਬ ਤੋਂ ਔਰ ਕੰਸਟੀਚਿਊਐਂਟ ਅਸੈਂਬਲੀ ਤੋਂ ਇਹ ਅਪਰੂਵਲ ਲੈ ਲਈ। ਔਰ ਨੁਮਾਇਆਂ ਗੱਲ ਸਪੀਕਰ ਸਾਹਿਬ, ਇਹ ਰਿਗਵੇਦ ਦੇ ਵਿੱਚ ਵੀ ਜ਼ਿਕਰ ਆਉਂਦਾ ਹੈ ਕਿ Let fresh ideas flow from every side, ਔਰ ਇਹ ਜਿਹੜਾ ਹਿੰਦੁਸਤਾਨ ਦਾ ਆਈਨ ਹੈ। I think Dr. Ambedkar genius ਸਨ, it is reflected in this. ਕਰੋੜਾਂ ਸਾਲ ਬਾਅਦ ਇੱਕ ਗਰੀਬ ਤੋਂ ਗਰੀਬ ਬੰਦੇ ਨੂੰ ਜਾਤ, ਬਰਾਦਰੀ, ਨਸਲ, ਧਰਮ, ਮਜ਼ਹਬ, ਰੰਗ, ਇਲਾਕਾ, ਇਨ੍ਹਾਂ ਸਾਰੀਆਂ ਚੀਜ਼ਾਂ ਤੋਂ ਬਾਲਾਤਰ ਹੋ ਕੇ ਇਨਸਾਨ ਨੂੰ ਇਨਸਾਨ ਦੇ ਨਾਲ ਬਰਾਬਰੀ ਦਿੱਤੀ ਗਈ। ਸਪੀਕਰ ਸਾਹਿਬ, ਇਹ ਇਕੱਲਾ ਕੰਸਟੀਚਿਊਸ਼ਨ ਨਹੀਂ ਹੈ, ਮੈਂ ਸਮਝਦਾ ਹਾਂ ਕਿ ਇਹ ਇੱਕ ਸੋਸ਼ਲ ਡਾਕੂਮੈਂਟ ਹੈ। ਹਿੰਦੁਸਤਾਨ ਦੀ ਤਕਦੀਰ ਨੇ ਜੇ ਕਰੋੜਾਂ ਸਾਲ ਬਾਅਦ ਕਰਵਟ ਲਈ ਤਾਂ ਮੈਂ ਸਮਝਦਾ ਹਾਂ ਕਿ ਇਹ ਭਾਰਤ ਦਾ ਜਿਹੜਾ ਆਈਨ ਹੈ, ਭਾਰਤ ਦਾ ਜਿਹੜਾ ਕੰਸਟੀਚਿਊਸ਼ਨ ਹੈ, ਮੈਂ ਅੱਜ ਇਹ ਰਸਮੀ ਤੌਰ ਤੇ ਨਹੀਂ ਕਹਿ ਰਿਹਾ। ਸਪੀਕਰ ਸਾਹਿਬ, ਭਾਰਤ ਦੇ ਕੰਸਟੀਚਿਊਸ਼ਨ ਨੂੰ ਅਪਰੂਵਲ ਮਿਲੀ, 26 ਜਨਵਰੀ, 1950 ਨੂੰ ਅਸੀਂ ਇਸ ਨੂੰ ਅਮਲ ਵਿੱਚ ਲੈ ਕੇ ਆਏ। ਸਾਡੇ ਨਾਲ ਹੀ ਸਾਡਾ ਹਮਸਾਇਆ ਮੁਲਕ ਪਾਕਿਸਤਾਨ ਹੈ। ਸਪੀਕਰ ਸਾਹਿਬ, ਜੇ ਤੁਸੀਂ ਨਕਸ਼ਾ ਦੇਖੋ, ਜਿਸ ਨੂੰ ਇੰਡੀਅਨ ਸਬ-ਕੌਂਟੀਨੈਂਟ ਕਹਿੰਦੇ ਹਨ। ਬਰੇ-ਸਗੀਰ ਕਹਿੰਦੇ ਹਾਂ ਤਾਂ ਕੋਈ ਵਜ੍ਹਾ ਨਹੀਂ ਸੀ ਕਿ ਪਾਕਿਸਤਾਨ ਬਾਹੈਸੀਅਤ ਮੁਲਕ ਫੇਲ੍ਹ ਹੋ ਜਾਂਦਾ। ਸਪੀਕਰ ਸਾਹਿਬ, ਇਸ ਮੁਲਕ ਦਾ ਜੋ ਸਭ ਤੋਂ ਜਰਖੇਜ਼ ਇਲਾਕਾ ਸੀ, ਉਹ ਪਾਕਿਸਤਾਨ ਕੋਲ ਸੀ। ਪੰਜ ਦਰਿਆ ਸੀ, ਪਹਾੜ ਸਨ, ਸਮੁੰਦਰ ਸਨ, ਰੇਗਿਸਤਾਨ ਸਨ, ਸਭ ਤੋਂ ਗਰੀਬ ਲੋਕ ਵੀ ਖਾਂਦੇ-ਪੀਂਦੇ ਸਨ। ਹਿੰਦੁਸਤਾਨ ਕੋਲ ਤਾਂ ਅੰਤਾਂ ਦੀ ਗਰੀਬੀ ਸੀ ਪਰ ਕੀ ਕੋਈ ਸੋਚ ਸਕਦਾ ਸੀ ਕਿ 70 ਸਾਲ ਬਾਅਦ ਜਦੋਂ ਪੰਜਾਬ ਅਸੈਂਬਲੀ ਦਾ ਖਸੂਸੀ ਇਜਲਾਸ ਹੋਵੇਗਾ, ਉਸ ਸਮੇਂ ਪਾਕਿਸਤਾਨ ਫੇਲ੍ਹ ਹੋ ਜਾਵੇਗਾ ਤੇ ਹਿੰਦੁਸਤਾਨ ਕਾਮਯਾਬ ਹੋ ਜਾਵੇਗਾ। ਇਸ ਦੀ ਵਜ੍ਹਾ ਕੀ ਹੈ? ਪਾਕਿਸਤਾਨ ਫੇਲ੍ਹ ਹੋ ਗਿਆ ਔਰ ਹਿੰਦੁਸਤਾਨ ਕਾਮਯਾਬ ਕਿਉਂ ਹੋ ਗਿਆ? ਪਾਕਿਸਤਾਨ ਫੇਲ੍ਹ ਹੋ ਗਿਆ ਕਿਉਂਕਿ ਜਿਹੜੇ ਪਾਕਿਸਤਾਨ ਦੇ ਅਦਾਰੇ ਹਨ, ਚਾਹੇ ਉਹ ਸੁਪਰੀਮ ਕੋਰਟ ਸੀ, ਚਾਹੇ ਉਹ ਪਾਰਲੀਮੈਂਟ ਸੀ, ਚਾਹੇ ਇਲੈਕਸ਼ਨ ਕਮਿਸ਼ਨ ਸੀ, ਚਾਹੇ ਹਿਊਮਨ ਰਾਈਟ ਕਮਿਸ਼ਨ ਸੀ, ਚਾਹੇ ਉਨ੍ਹਾਂ ਦਾ ਰਿਜ਼ਰਵ ਬੈਂਕ ਸੀ, ਚਾਹੇ ਉਨ੍ਹਾਂ ਦਾ ਆਡੀਟਰ ਜਨਰਲ ਸੀ, ਉਨ੍ਹਾਂ ਨੇ ਇਨ੍ਹਾਂ ਇੰਸਟੀਚਿਊਸ਼ਨਜ਼ ਨੂੰ ਡੀਗਰੇਡ ਕੀਤਾ। ਮੈਂ ਇਹ ਮੰਨਣ ਨੂੰ ਤਿਆਰ ਹਾਂ ਕਿ ਹਿੰਦੁਸਤਾਨ ਦੇ ਵਿੱਚ ਵੀ ਅੰਤਾਂ ਦੀ ਕੁਰੱਪਸ਼ਨ ਹੋਣੀ ਹੈ, ਹਿੰਦੁਸਤਾਨ ਦੇ ਵਿੱਚ ਬੜੀਆਂ

Under Print
Not for Legal/Official use

ਖਾਮੀਆਂ ਹੋਣੀਆਂ ਹਨ ਪਰ ਵਕਤ-ਸਿਰ ਇਲੈਕਸ਼ਨ ਹੁੰਦੇ ਰਹੇ। ਸੁਪਰੀਮ ਕੋਰਟ ਦੀ ਜੋ ਵੀ ਜਜਮੈਂਟ ਆਉਂਦੀ ਸੀ ਭਾਵੇਂ ਉਹ ਠੀਕ ਸੀ ਜਾਂ ਠੀਕ ਨਹੀਂ ਸੀ, ਉਸ ਨੂੰ ਤਸਲੀਮ ਕਰਦੇ ਰਹੇ, ਇਲੈਕਸ਼ਨ ਕਮਿਸ਼ਨ ਦੀ ਰਿੱਟ ਚਲਦੀ ਰਹੀ। ਰਿਜ਼ਰਵ ਬੈਂਕ ਨੇ ਅਤੇ ਆਡੀਟਰ ਜਨਰਲ ਨੇ ਜਾਂ ਸੈਂਟਰਲ ਬਿਓਰੋ ਆਫ ਇਨਵੈਸਟੀਗੇਸ਼ਨ ਨੇ ਜੋ ਵੀ ਰਿਪੋਰਟਾਂ ਦਿੱਤੀਆਂ, ਉਨ੍ਹਾਂ ਨੂੰ ਮਨਜ਼ੂਰ ਕਰਦੇ ਰਹੇ। ਸਪੀਕਰ ਸਾਹਿਬ, ਆਪਾਂ ਇਸ ਬਿਲਡਿੰਗ ਦੇ ਵਿੱਚ ਬੈਠੇ ਹਾਂ, ਔਰ ਜ਼ਾਹਿਰ ਹੈ ਕਿ ਇਹ ਬਿਲਡਿੰਗ ਪਿੱਲਰ ਤੇ ਖੜ੍ਹੀ ਹੈ। ਜੇ ਪਿੱਲਰ ਨਹੀਂ ਹੋਣਗੇ ਤਾਂ ਇਹ ਬਿਲਡਿੰਗ ਢਹਿ ਜਾਵੇਗੀ। ਸੋ, ਅੱਜ ਮੈਂ ਸਮਝਦਾ ਹਾਂ ਕਿ ਸਾਡੀ ਇਸ ਡਿਬੇਟ ਦਾ ਇਹ ਮੌਜ਼ੂ ਹੋਣਾ ਚਾਹੀਦਾ ਹੈ। ਇਹ ਮੌਜ਼ੂ ਇਹੀ ਹੋਣਾ ਚਾਹੀਦਾ ਹੈ ਕਿ ਜਿਹੜੇ ਇਹ ਪਿੱਲਰ 70 ਸਾਲ ਤੋਂ ਖੜ੍ਹੇ ਹਨ ਔਰ ਇਸ ਦੇ ਵਿੱਚ ਇਕੱਲਾ constituent assembly ਦੀ ਗੱਲ ਨਹੀਂ ਬਲਕਿ ਮੈਂ ਤਾਂ ਇਸ ਤੋਂ ਵੀ ਪਿੱਛੇ ਜਾਵਾਂਗਾ। ਹਿੰਦੁਸਤਾਨ ਦੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਨਾਂ ਤਾਂ ਆਪਾਂ ਇਸ ਕਰਕੇ ਲੈ ਲੈਂਦੇ ਹਾਂ ਕਿਉਂਕਿ ਇਹ ਸਾਡੇ ਜ਼ੁਬਾਨ ਜ਼ਰਿਆਮ ਹੈ ਪਰ ਕਿੰਨੇ ਕੁ ਗੁੰਮਨਾਮ ਹੋਣਗੇ, ਜਿਨ੍ਹਾਂ ਨੇ ਹਿੰਦੁਸਤਾਨ ਲਈ ਅਤੇ 15 ਅਗਸਤ, 1947 ਦਾ ਦਿਨ ਵੇਖਣ ਲਈ, 26 ਜਨਵਰੀ 1950 ਦਾ ਦਿਨ ਦੇਖਣ ਲਈ, ਆਪਣੇ ਬੱਚੇ ਯਤੀਮ ਕਰਵਾਏ, ਆਪਣੀਆਂ ਨੌਜਵਾਨ ਬੀਵੀਆਂ ਨੂੰ ਬੇਵਾ ਕਰਵਾਇਆ, ਮੁਲਕ-ਬ-ਦਰ ਹੋਏ, ਫਾਂਸੀਆਂ ਤੇ ਚੜ੍ਹੇ ਕਿ ਇੱਕ ਵੋਟ ਪਾਉਣ ਦਾ ਹੱਕ ਸਾਡੀ ਕੌਮ ਨੂੰ ਹੋਣਾ ਚਾਹੀਦਾ ਹੈ ਇਨਸਾਨ ਅਤੇ ਇਨਸਾਨ ਦੀ ਜਿਹੜੀ ਬਰਾਬਰੀ ਹੈ, ਇਹ ਸਾਡੇ ਆਈਨ ਵਿੱਚ ਹੋਣੀ ਚਾਹੀਦੀ ਹੈ। ਸੋ, ਅੱਜ ਦੇ ਦਿਨ ਆਪਣੇ ਸ਼ਹੀਦਾਂ ਨੂੰ ਵੀ ਅਸੀਂ ਯਾਦ ਕਰੀਏ। ਸਾਡੇ ਮੁਲਕ ਦੇ ਵਿੱਚ ਜਿਸ ਕਿਸਮ ਦੇ ਹਾਲਾਤ ਚੱਲ ਰਹੇ ਹਨ, ਜੇਕਰ ਅਸੀਂ ਉਨ੍ਹਾਂ ਹਾਲਾਤਾਂ ਨੂੰ ਦਰੁਸਤ ਨਾ ਕੀਤਾ ਤਾਂ ਜ਼ਾਹਿਰ ਹੈ ਕਿ ਜਿਹੜੇ ਇਹ ਪਿਲਰਜ਼ ਹਨ, ਜਿਹੜਾ ਭਾਰਤ ਦਾ ਹਸੀਨ ਮਹੱਲ ਹੈ, ਇਹ ਕਿਤੇ ਕਮਜ਼ੋਰ ਨਾ ਹੋ ਕੇ ਰਹਿ ਜਾਣ। ਸਪੀਕਰ ਸਾਹਿਬ, ਜਦੋਂ ਸਕੂਲ ਵਿੱਚ ਪੜ੍ਹਿਆ ਕਰਦੇ ਸੀ ਤਾਂ ਸਾਇੰਸ ਦੀ ਕਲਾਸ ਵਿੱਚ ਸਾਨੂੰ ਇੱਕ ਗੱਲ ਸਿਖਾਈ ਗਈ ਸੀ ਕਿ ਜਦੋਂ ਪਾਣੀ ਨੂੰ 100 ਡਿਗਰੀ ਤੇ ਉਬਾਲੋਗੇ ਤਾਂ ਇਹ ਭਾਫ ਬਣ ਜਾਵੇਗਾ। ਇਹ ਸਟੀਮ ਬਣ ਜਾਵੇਗਾ ਔਰ ਇਹ ਸਾਇੰਸ ਹੈ ਅਤੇ ਸਾਇੰਸ ਐਗਜੈਕਟ ਹੁੰਦੀ ਹੈ। ਸਾਇੰਸ ਤਹਿਸ਼ੁਦਾ ਹੁੰਦੀ ਹੈ ਔਰ ਜਿਸ ਨੂੰ ਸਟੇਟ ਕਰਾਫਟ ਕਿਹਾ ਜਾਂਦਾ ਹੈ, ਇਹ ਵੀ ਇੱਕ ਸਾਇੰਸ ਹੈ। ਜੇਕਰ ਕੋਈ ਦੇਸ਼ ਫਲਾਂ-ਫਲਾਂ ਕੰਮ ਕਰੇਗਾ ਤਾਂ ਖੁਸ਼ਹਾਲੀ ਆਉਣੀ ਹੀ ਆਉਣੀ ਹੈ, ਜੇਕਰ ਫਲਾਂ-ਫਲਾਂ ਕੰਮ ਕਰਾਂਗੇ ਤਾਂ ਬਰਬਾਦੀ ਆਉਣੀ ਹੀ ਆਉਣੀ ਹੈ। ਸਪੀਕਰ ਸਾਹਿਬ, ਮੈਂ ਅੱਜ ਤੁਹਾਨੂੰ ਗੁਜ਼ਾਰਿਸ਼ ਕਰਾਂਗਾ ਕਿ ਸਾਡੇ ਪੰਜਾਬ ਦੇ ਬੜੇ ਸਿਰਮੌਰ ਲੀਡਰ, ਜਿਹੜੇ ਕਿ constituent assembly ਦਾ ਹਿੱਸਾ ਰਹੇ ਹਨ। ਜੇਕਰ ਮੇਰੀ ਯਾਦਦਾਸ਼ਤ ਮੈਨੂੰ ਧੋਖਾ ਨਹੀਂ ਦੇ ਰਹੀ ਤਾਂ ਸਰਦਾਰ ਬਲਦੇਵ ਸਿੰਘ, ਜੋ ਕਿ ਡਿਫੈਂਸ ਮਨਿਸਟਰ ਰਹੇ ਸਨ, ਗਿਆਨੀ ਗੁਰਮੁੱਖ ਸਿੰਘ ਮੁਸਾਫਿਰ ਸਾਹਿਬ, ਜਿਹੜੇ ਕਿ ਡਿਸਟ੍ਰਿਕਟ ਕਾਂਗਰਸ ਕਮੇਟੀ ਦੇ ਪ੍ਰੈਜ਼ੀਡੈਂਟ ਸਨ ਅਤੇ ਉਹ ਰਾਵਲਪਿੰਡੀ ਤੋਂ ਸਨ। ਸਰਦਾਰ ਰਤਨ ਸਿੰਘ ਲੋਹਗੜ੍ਹ ਸਾਹਿਬ, ਸਰਦਾਰ ਹੁਕਮ ਸਿੰਘ ਜੀ, ਜੋ ਕਿ ਲੋਕ

ਸਭਾ ਦੇ ਸਪੀਕਰ ਵੀ ਰਹੇ ਸਨ। ਲਾਲਾ ਅਚਿੰਤ ਰਾਮ ਜੀ, ਜੋ ਕਿ ਬਾਅਦ ਵਿੱਚ ਐਮ.ਪੀ. ਵੀ ਬਣੇ। ਇਸੇ ਤਰ੍ਹਾਂ ਕਪੂਰਥਲਾ ਤੋਂ ਜਿਹੜੇ ਔਜਲਾ ਸਾਹਿਬ ਸਨ, ਜੋ ਕਿ ਸਾਡੇ ਡੀ.ਜੀ.ਪੀ. ਸਾਹਿਬ ਦੇ ਪਿਤਾ ਸਨ। ਸਪੀਕਰ ਸਾਹਿਬ, ਮੈਂ ਤੁਹਾਡੀ ਮਾਰਫਤ ਅਸੈਂਬਲੀ ਨੂੰ ਇਹ ਵੀ ਗੁਜ਼ਾਰਿਸ਼ ਕਰਾਂਗਾ ਕਿ ਉਨ੍ਹਾਂ ਦੇ ਖਾਨਦਾਨਾਂ ਨੂੰ ਆਪਾਂ ਕਿਸੇ ਤਰੀਕੇ ਨਾਲ ਅੱਜ ਦੇ ਇਸ ਦਿਨ ਤੇ ਮੁਬਾਰਕਬਾਦ ਭੇਜੀਏ ਅਤੇ ਉਨ੍ਹਾਂ ਨੂੰ ਆਨਰ ਵੀ ਕਰੀਏ। ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਇਹ ਵੀ ਕਹਾਂਗਾ ਕਿ ਜਿਹੜਾ ਭਾਰਤ ਦਾ ਸੰਵਿਧਾਨ ਹੈ, ਉਸ ਦੀ ਇੱਕ-ਇੱਕ ਕਾਪੀ ਤਮਾਮ ਮੈਂਬਰਾਂ ਵਿੱਚ ਵੀ ਤਕਸੀਮ ਕਰ ਦਿੱਤੀ ਜਾਵੇ।ਇਹ ਡਾਕੂਮੈਂਟ ਸਿਰਫ ਦੇਖਣ ਨਾਲ ਜਾਂ ਪੜ੍ਹਨ ਨਾਲ ਤਾਅਲੁੱਕ ਨਹੀਂ ਰੱਖਦਾ। ਸਪੀਕਰ ਸਾਹਿਬ, ਹੈਰਾਨੀ ਦੀ ਗੱਲ ਹੋਏਗੀ ਕਿ ਇਹ ਹੈਂਡ ਰਿਟਨ ਸੀ। ਇਹ ਗੋਲਡ ਲੀਫ ਤੇ ਲਿਖਿਆ ਗਿਆ ਹੈ, ਜਿਸ ਨੂੰ ਕੈਲੀਗ੍ਰਾਫੀ ਕਿਹਾ ਜਾਂਦਾ ਹੈ। ਭਾਰਤ ਦੇ ਕਾਂਸਟੀਚਿਊਸ਼ਨ ਦੇ ਇੱਕ-ਇੱਕ ਵਰਕੇ ਤੇ ਇੰਡੀਆ ਦੀ ਕਲਚਰਲ, ਰਿਲੀਜੀਅਸ, ਸੋਸ਼ਲ, ਬੈੱਕਗਰਾਊਂਡ ਹਿਸਟਰੀ ਹੈ। ਉਹ ਹਰੇਕ ਕਾਗਜ਼ ਤੇ ਰਿਫਲੈਕਟ ਹੁੰਦੀ ਹੈ, ਭਾਵੇਂ ਭਗਵਾਨ ਕ੍ਰਿਸ਼ਨ ਜੀ ਵੱਲੋਂ ਅਰਜੁਨ ਨੂੰ ਕੁਰੂਕਸ਼ੇਤਰ ਦੇ ਮੈਦਾਨ ਵਿੱਚ ਗੀਤਾ ਦਾ ਗਿਆਨ ਦਿੱਤਾ ਗਿਆ, ਉਹ ਵੀ ਹੈ ਔਰ ਜਿਹੜੀਆਂ ਸਾਡੀਆਂ ਮੁਕੱਦਸ ਇਮਾਰਤਾਂ ਹਨ, ਉਹ ਵੀ ਆਉਂਦੀਆਂ ਹਨ। ਸਪੀਕਰ ਸਾਹਿਬ, ਜਿਹੜੇ ਵਰਕੇ ਹਨ, ਉਹ ਇੱਕ ਦੂਸਰੇ ਨਾਲੋਂ ਮੁਕਤਲਿਫ ਹਨ। ਸਪੀਕਰ ਸਾਹਿਬ, ਇਹ ਗੱਲ ਸ਼ਾਇਦ ਥੋੜ੍ਹੇ ਬੰਦਿਆਂ ਨੂੰ ਪਤਾ ਹੋਵੇਗੀ ਕਿ ਇਸ ਦੀਆਂ ਸਿਰਫ ਪੰਜ ਕਾਪੀਆਂ ਪ੍ਰੋਡਿਊਸ ਕੀਤੀਆਂ ਗਈਆਂ ਸਨ। ਇੱਕ ਕਾਪੀ ਰਾਸ਼ਟਰਪਤੀ ਭਵਨ ਵਿੱਚ ਪਈ ਹੈ, ਇੱਕ ਨੈਸ਼ਨਲ ਮਿਊਜ਼ੀਅਮ ਵਿੱਚ ਪਈ ਹੈ, ਇੱਕ ਇੰਡੀਅਨ ਮਿਲਟਰੀ ਅਕਾਦਮੀ ਵਿੱਚ ਪਈ ਹੈ ਅਤੇ ਇੱਕ ਪਾਰਲੀਮੈਂਟ ਵਿੱਚ ਪਈ ਹੈ। ਸਪੀਕਰ ਸਾਹਿਬ, ਜਿਹੜੀ ਪੰਜਵੀਂ ਕਾਪੀ ਹੈ, ਹੈਰਾਨੀ ਹੋਵੇਗੀ ਕਿ ਉਹ ਕਿਸੇ ਨੇ ਚੋਰੀ ਕਰ ਲਈ ਹੈ। ਪਾਰਲੀਮੈਂਟ ਵਿੱਚੋਂ ਕਾਪੀਆਂ ਮੁਫਤ ਮਿਲਦੀਆਂ ਹਨ ਔਰ ਇਨ੍ਹਾਂ ਕਾਪੀਆਂ ਦਾ ਕੋਈ ਖਰਚਾ ਨਹੀਂ ਹੋਣਾ। ਮੈਂ ਸਮਝਦਾ ਹਾਂ ਕਿ ਜਿਵੇਂ ਧਾਰਮਿਕ ਕਿਤਾਬਾਂ ਹੁੰਦੀਆਂ ਹਨ, ਇਹ ਜਿਹੜਾ ਕਾਂਸਟੀਚਿਊਸ਼ਨ ਹੈ, ਇਹ ਵੀ ਉਸੇ ਅਹਿਮੀਅਤ ਦਾ ਹਾਮਿਲ ਹੈ। ਜਿਸ ਤਰ੍ਹਾਂ ਆਪਣੀਆਂ ਰਿਲੀਜੀਅਸ ਕਿਤਾਬਾਂ ਹਨ, ਜਿਨ੍ਹਾਂ ਨਾਲ ਭਾਰਤ ਨੇ ਤਰੱਕੀ ਦੀਆਂ ਅਗਲੀਆਂ ਪੌੜੀਆਂ ਤੇ ਪੈਰ ਰੱਖਣਾ ਹੈ।

**ਮਾਨਯੋਗ ਸਪੀਕਰ:** ਅਸੀਂ ਇਹ ਮੰਗਾਵਾਂਗੇ ਜੀ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਧੰਨਵਾਦ ਜੀ। ਮੈਂ ਸਮਝਦਾ ਹਾਂ ਕਿ ਇਹ ਲਾਜ਼ਮੀ ਹੈ। ਸਪੀਕਰ ਸਾਹਿਬ, ਮੈਂ ਚਾਹੁੰਦਾ ਸੀ ਕਿ ਅੱਜ ਦੀ ਜਿਹੜੀ ਡਿਬੇਟ ਹੈ, ਉਸ ਦੇ ਵਿੱਚ ਕੋਈ ਸਿਆਸਤ ਨਾ ਕੀਤੀ ਜਾਵੇ ਔਰ ਇਹੀ ਵਜ੍ਹਾ ਹੈ ਕਿ ਮੈਂ ਮੁਲਕ ਦੇ ਭਖਦੇ ਮਸਲਿਆਂ ਬਾਰੇ ਅੱਜ ਕੁਝ ਨਹੀਂ ਕਹਿ ਰਿਹਾ।

Under Print
Not for Legal/Official use

ਮੇਰੇ ਬੜੇ ਕਾਬਲ ਤੇ ਫਾਜ਼ਲ ਦੋਸਤ ਢੀਂਡਸਾ ਸਾਹਿਬ ਨੇ ਕਿਹਾ ਕਿ 1975 ਵਿੱਚ ਜਿਹੜੇ ਸਾਡੇ ਮੌਲਿਕ ਅਧਿਕਾਰ ਸਨ, ਇਹ ਸਾਡੇ ਤੋਂ ਖੋਹ ਲਏ ਗਏ। ਸਪੀਕਰ ਸਾਹਿਬ ਉਸ ਵੇਲੇ ਦੀ ਜਿਹੜੀ Geo Politics ਸੀ, ਜਿਹੜੇ ਇੰਡੀਆ ਦੇ ਲੀਡਰ ਸਨ, ਜਿਹੜੇ ਇੰਡੀਆ ਦੇ Top bureau ਸੀ, ਜੇਕਰ ਤੁਸੀਂ ਉਨ੍ਹਾਂ ਦੀਆਂ ਆਟੋਬਾਇਓਗ੍ਰਾਫੀਜ਼ ਜਾਂ ਬਾਇਓਗ੍ਰਾਫੀਜ਼ ਪੜ੍ਹੋ ਤਾਂ ਮਨ ਵਿੱਚ ਕੋਈ ਸ਼ੱਕ-ਸ਼ੁਬਾ ਨਹੀਂ ਰਹਿੰਦਾ ਕਿ ਉਸ ਵੇਲੇ ਹਿੰਦੁਸਤਾਨ ਸੋਵੀਅਤ ਯੂਨੀਅਨ ਨਾਲ ਬੜਾ ਕਲੋਜ਼ਲੀ aligned ਸੀ। ਇੰਡੀਆ ਨੂੰ ਡੀ-ਸਟੇਬਲਾਈਜ਼ ਕਰਨ ਦੀ ਬਹੁਤ ਵੱਡੀ ਸਾਜ਼ਿਸ਼ ਹੋਈ। ਉਹ ਅਮਰੀਕਾ ਵੱਲੋਂ ਅਤੇ ਸੀ.ਆਈ.ਏ. ਵੱਲੋਂ ਤਫਸੀਲ ਕੀਤੀ ਗਈ ਸੀ। ਸਵਾਲ ਕਿਸੇ ਵੀ ਇਲੈਕਸ਼ਨ ਦਾ ਨਹੀਂ ਸੀ, ਸਵਾਲ ਕਿਸੇ ਹਾਈਕੋਰਟ ਦੀ ਜਜਮੈਂਟ ਦਾ ਨਹੀਂ ਸੀ, ਸਵਾਲ ਇਹ ਸੀ ਕਿ ਇੰਡੀਆ ਨੂੰ ਡੀ-ਸਟੇਬਲਾਈਜੇਸ਼ ਕਰਨ ਵਾਲੀਆਂ ਤਾਕਤਾਂ, ਜਿਹੜੀਆਂ ਹਿੰਦੁਸਤਾਨ ਦੇ ਖਿਲਾਫ ਸਨ, ਉਨ੍ਹਾਂ ਤੋਂ ਕਿਵੇਂ ਬਚਾਇਆ ਜਾਵੇ। ਇੰਡੀਆ ਦੇ ਬੈਂਕਿੰਗ ਸਿਸਟਮ ਵਿੱਚ ਜਿਹੜੀ ਨੈਸ਼ਨੇਲਾਈਜੇਸ਼ਨ ਕੀਤੀ ਗਈ, ਉਹ ਇਸ ਕਰਕੇ ਕੀਤੀ ਗਈ ਕਿ ਪ੍ਰਾਈਵੇਟ ਬੈਂਕਾਂ ਦੀ ਨੈਸ਼ਨੇਲਾਈਜੇਸ਼ਨ ਹੋਣੀ ਸੀ। ਇਹ ਇੰਡੀਆ ਦੀ ਇਕਾਨਮੀ ਨੂੰ ਤਬਾਹ ਕਰਨ ਦੀ ਸਾਜ਼ਿਸ਼ ਤਹਿਤ ਕੀਤੀ ਗਈ। ਸਪੀਕਰ ਸਾਹਿਬ, ਇਹ ਜਿਹੜਾ ਕੰਸਟੀਚਿਊਸ਼ਨ ਹੈ, It has stood the test of time. ਕੰਸਟੀਟਿਊਸ਼ਨ ਤੇ ਸਾਡੀਆਂ ਆਉਣ ਵਾਲੀਆਂ ਨਸਲਾਂ ਦਾ ਮੁਸਤਿਕਬਿਲ ਜੁੜਿਆ ਹੋਇਆ ਹੈ। ਮੇਰੇ ਵਰਗੇ ਲੋਕ ਸੁਪਨੇ ਲੈਂਦੇ ਹਨ ਕਿ ਕੋਈ ਦਿਨ ਇਸ ਤਰ੍ਹਾਂ ਦਾ ਆਵੇਗਾ ਕਿ ਹਿੰਦੁਸਤਾਨ ਸੁਪਰ ਪਾਵਰ ਬਣੇਗਾ। ਜਿਹੜੇ ਅਸੈਂਬਲੀ ਵਿੱਚ ਲੋਕ ਬੈਠੇ ਹਨ, ਹਿੰਦੁਸਤਾਨ ਨੂੰ ਸੁਪਰ ਪਾਵਰ ਬਣਾਉਣ ਦੇ ਵਿੱਚ we are the make or break generation of India. ਜਾਂ ਤਾਂ ਇੰਡੀਆ ਸਾਡੀ ਉਮਰ ਵਿੱਚ ਸੁਪਰ ਪਾਵਰ ਬਣ ਜਾਵੇਗਾ ਜਾਂ we will miss the bus. ਮੈਂ ਅੱਜ ਤੁਹਾਡੀ ਮਾਰਫਤ ਇਸ ਅਸੈਂਬਲੀ ਵਿੱਚ ਇਹੀ ਕਹਿ ਸਕਦਾ ਹਾਂ we will not shirk our responsibility and we are not willing to exchange places with any other generation. ਪ੍ਰਮਾਤਮਾ ਹਿੰਦੁਸਤਾਨ ਦੀ ਹਿਫਾਜ਼ਤ ਕਰੇ, ਪ੍ਰਮਾਤਮਾ ਸਾਨੂੰ ਸਾਰਿਆਂ ਨੂੰ ਇਸ ਧਰਤੀ ਮਾਂ ਦੀ ਸੇਵਾ ਕਰਨ ਦੀ ਬੁੱਧੀ ਦੇਵੇ। ਬਹਤ-ਬਹੁਤ ਧੰਨਵਾਦ। (ਥੰਪਿੰਗ)

**ਮਾਨਯੋਗ ਸਪੀਕਰ:** ਢੀਂਡਸਾ ਸਾਹਿਬ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ:** ਸਾਡੇ ਮਾਨਯੋਗ ਐਫ.ਐਮ. ਸਾਹਿਬ ਨੇ ਬਹੁਤ ਵਧੀਆ ਭਾਸ਼ਣ ਦਿੱਤਾ। ਇਹ ਹਿਸਟਰੀ ਦੇ ਬਹੁਤ ਜਾਣਕਾਰ ਹਨ ਪਰ ਮੈਨੂੰ ਇੱਕ ਗੱਲ ਦਾ ਬਹੁਤ ਦੁੱਖ ਹੋਇਆ ਕਿ ਉਨ੍ਹਾਂ ਨੇ ਐਮਰਜੈਂਸੀ ਨੂੰ ਸਹੀ ਠਹਿਰਾਇਆ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਮੈਂ ਸਮਝਦਾ ਹਾਂ ਕਿ ਕਾਂਗਰਸ ਵੀ ਇਸ ਗੱਲ ਨੂੰ accept ਕਰ ਰਹੀ ਹੈ ਕਿ ਗਲਤੀ ਹੋਈ ਹੈ।

Under Print
Not for Legal/Official use

**ਮਾਨਯੋਗ ਸਪੀਕਰ:** ਢੀਂਡਸਾ ਸਾਹਿਬ, ਮੇਰੀ ਇੱਕ ਗੱਲ ਸੁਣੋ। ਜੇ ਆਪਸ ਵਿੱਚ ਇਸ ਤਰ੍ਹਾਂ ਮਿਹਣੋ-ਮਿਹਣੀ ਹੁੰਦੇ ਰਹੇ ਤਾਂ ਇੱਧਰੋਂ ਵੀ ਕਹਿਣ ਲਈ ਬਹੁਤ ਕੁਝ ਹੈ। ਤੁਸੀਂ ਵੀ ਬਹੁਤ ਕੁਝ ਕਹੋਗੇ ਅਤੇ ਇਹ ਵੀ ਬਹੁਤ ਕੁਝ ਕਹਿਣਗੇ। ਆਪਾਂ ਅੱਜ ਦੇ ਦਿਨ ਇਸ ਚੱਕਰ ਵਿੱਚ ਨਾ ਪਈਏ। ਦੋਵੇਂ ਪਾਸੇ ਇੱਕ-ਦੂਜੇ ਨੂੰ ਕਹਿਣ ਲਈ ਬਹੁਤ ਕੁਝ ਹੈ।

**ਵਿੱਤ ਮੰਤਰੀ :** ਸਪੀਕਰ ਸਾਹਿਬ, ਮਹਾਰਾਸ਼ਟਰ ਦੇ ਵਿੱਚ ਅੱਜ ਜੋ ਕੁਝ ਹੋ ਰਿਹਾ ਹੈ, ਮੈਂ ਜਾਣ-ਬੁੱਝ ਕੇ ਉਸ ਦਾ ਜ਼ਿਕਰ ਨਹੀਂ ਕੀਤਾ ਕਿਉਂਕਿ ਅੱਜ ਦੀ ਡਿਬੇਟ ਮੈਂ ਉਸ ਲੈਵਲ ਤੇ ਨਹੀਂ ਲੈ ਕੇ ਜਾਣਾ ਚਾਹੁੰਦਾ।

**ਮਾਨਯੋਗ ਸਪੀਕਰ:** ਅੱਜ ਨਹੀਂ ਕਰਨਾ, ਅੱਜ ਨਹੀਂ ਕਰਨਾ। ਹਾਂ ਜੀ, ਕੁਲਤਾਰ ਸਿੰਘ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਕੋਟਕਪੂਰਾ) :** ਮਾਨਯੋਗ ਸਪੀਕਰ ਸਾਹਿਬ ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਸ ਬੜੇ ਮੁਕੱਦਸ event ਨੂੰ ਆਰਗੇਨਾਈਜ਼ ਕਰ ਰਹੇ ਹੋ। ਸਾਡੇ ਦੇਸ਼ ਵਿੱਚ ਹਰ ਕਦਮ ਤੇ ਵਿਤਕਰਾ ਹੁੰਦਾ ਸੀ। ਕਿਸੇ ਨਾਲ ਧਰਮ ਦੇ ਨਾਮ ਤੇ, ਜਾਤੀ ਦੇ ਨਾਮ ਤੇ ਕਿਸੇ ਦੀ ਮਾਇਕ-ਹੈਸੀਅਤ ਦੇ ਨਾਮ ਤੇ, ਕਿਸੇ ਨਾਲ ਜੌਗਰਾਫੀ ਦੇ ਨਾਮ ਤੇ, ਕਿਸੇ ਨਾਲ ਬੋਲੀ ਦੇ ਨਾਮ ਤੇ ਪਰ ਜਿਹੜੇ ਸਾਡੇ ਸੰਵਿਧਾਨ ਦੇ ਰਚੇਤਾ ਹਨ, ਜਿਹੜੇ ਸਾਡੇ constituent assembly ਦੀ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਹਨ। ਮੈਂ ਸਾਡੇ ਐਫ.ਐਮ. ਸਾਹਿਬ ਨੂੰ ਵੀ ਕੁਰੈਕਟ ਕਰ ਦਿਆਂ ਕਿ ਮਾਨਯੋਗ ਬਾਬਾ ਸਾਹਿਬ ਅੰਬੇਦਕਰ ਕਾਂਸਟੀਚੂਐਂਟ ਅਸੈਂਬਲੀ ਦੇ ਚੇਅਰਮੈਨ ਸੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** :(ਬੈਠੇ-ਬੈਠੇ) ਨਹੀਂ, ਨਹੀਂ।

**ਸਰਦਾਰ ਕੁਲਤਾਰ ਸਿੰਘ ਸੰਧਵਾਂ** : ਜੀ, sorry ਡਰਾਫਟਿੰਗ ਕਮੇਟੀ ਦੇ ਚੇਅਰਮੈਨ ਸੀ। ਸੋ, ਉਨ੍ਹਾਂ ਨੇ ਸਾਨੂੰ ਇੱਕ ਅਜਿਹਾ ਆਈਨ ਦਿੱਤਾ ਜਿਸ ਨੂੰ ਅਸੀਂ ਫਾਲੋਅ ਕਰਕੇ ਸਾਰੇ ਵਿਤਕਰਿਆਂ ਨੂੰ ਬੰਦ ਕਰ ਸਕਦੇ ਹਾਂ। ਅਸੀਂ ਇਸ ਵਿਤਕਰੇ ਨੂੰ ਕਿਸੇ ਹੱਦ ਤੱਕ ਬੰਦ ਕਰ ਸਕੇ ਹਾਂ। ਇਨ੍ਹਾਂ ਨੇ ਇੱਕ ਬੜੀ ਵਧੀਆ ਐਗਜ਼ਾਂਪਲ ਦਿੱਤੀ ਹੈ ਕਿ ਜਿਸ ਦੇਸ਼ ਨੇ, ਸਾਡੇ ਹਮਸਾਏ ਨੇ ਆਪਣੇ ਡੈਮੋਕੇਟਿਕ ਕਾਂਸਟੀਚੂਐਂਸ਼ਨਲ ਇੰਸਟੀਚਿਊਸ਼ਨਜ਼ ਨੂੰ ਸਸਪੈਂਡ ਕੀਤਾ, ਉਸ ਦਾ ਹਾਲ ਕੀ ਹੋਇਆ ਹੈ। ਇਨ੍ਹਾਂ ਨੇ ਜਿਹੜਾ ਖਦਸ਼ਾ ਜ਼ਾਹਿਰ ਕੀਤਾ ਹੈ ਮੈਂ ਇਨ੍ਹਾਂ ਦੀ ਗੱਲ ਦੇ ਨਾਲ ਇਤਫਾਕ ਰੱਖਦਾ ਹਾਂ। ਅੱਜ ਜਿਸ ਤਰ੍ਹਾਂ ਸਾਡੇ ਦੇਸ਼ ਦੇ ਵਿਚੇ ਕਾਂਸਟੀਚਿਊਸ਼ਨਲ ਇੰਸਟੀਚਿਊਸ਼ਨਜ਼ ਨੂੰ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਮੇਰੇ ਖਿਆਲ ਦੇ ਵਿਚ ਜਿਹੜੇ ਸਾਡੇ ਸੰਵਿਧਾਨ ਦੇ ਰਚੇਤਾ ਹਨ, ਸਾਡੇ ਜਿਹੜੇ ਆਜ਼ਾਦੀ ਘੁਲਾਟੀਏ ਹਨ, ਉਨ੍ਹਾਂ ਦਾ ਇਹ ਟੀਚਾ ਨਹੀਂ ਰਿਹਾ ਹੋਵੇਗਾ ਕਿ ਜਿਹੜਾ ਅਸੀਂ ਸੰਵਿਧਾਨ ਬਣਾ ਰਹੇ ਹਾਂ ਉਸ ਨੂੰ ਪੈਰ-ਪੈਰ ਤੇ ਕਮਜ਼ੋਰ ਕੀਤਾ ਜਾਵੇਗਾ। ਮਾਨਯੋਗ ਸਪੀਕਰ ਸਾਹਿਬ, ਸਾਡੀ ਇਹ ਡਿਊਟੀ ਹੈ, ਤੁਸੀਂ ਵੀ ਆਪੋਜੀਸ਼ਨ ਨੂੰ ਬੜਾ ਮਾਣ ਦਿੰਦੇ ਹੋ। ਸਾਲ 1962 ਦੇ ਵਿਚ ਭਾਵੇਂ ਸ਼੍ਰੀ ਰਾਮ ਮਨੋਹਰ ਲੋਹੀਆ ਜੀ ਪੰਡਿਤ ਜਵਾਹਰ ਲਾਲ ਨਹਿਰੂ ਜੀ ਤੋਂ

Under Print
Not for Legal/Official use

ਇਲੈਕਸ਼ਨ ਵਿਚ ਹਾਰ ਗਏ ਸਨ ਪਰ ਇੱਕ ਕੰਸਟਰਕਟਿਵ ਆਪੋਜੀਸ਼ਨ ਦੇਣ ਵਾਸਤੇ ਉਨ੍ਹਾਂ ਨੂੰ ਬਾਈ ਇਲੈਕਸ਼ਨ ਕਰਵਾ ਕੇ ਉਨ੍ਹਾਂ ਨੂੰ ਦੁਬਾਰਾ ਪਾਰਲੀਮੈਂਟ ਵਿੱਚ ਲੈ ਕੇ ਆਏ ਸੀ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** (ਬੈਠੇ-ਬੈਠੇ) ਪੰਜਾਬ ਦੀ ਗੱਲ ਕਰ ਲਵੋ ਜੀ।

**ਸਰਦਾਰ ਕੁਲਤਾਰ ਸਿੰਘ ਸੰਧਵਾਂ :** ਹਾਂ ਜੀ, ਪੰਜਾਬ ਦੀ ਗੱਲ ਵੀ ਕਰਨ ਲੱਗਾ ਹਾਂ ਜੀ। ਮਾਨਯੋਗ ਸਪੀਕਰ ਸਾਹਿਬ, ਗੱਲ ਇਹ ਹੈ ਕਿ ਸਾਨੂੰ ਇੱਕ ਐਸਾ ਆਈਨ ਮਿਲਿਆ, ਜੇਕਰ ਅਸੀਂ ਉਸ ਆਈਨ ਦੇ ਡਾਇਰੈਕਟਿਵ ਪ੍ਰਿੰਸੀਪਲਜ਼ ਨੂੰ ਅੱਗੇ ਰੱਖ ਕੇ ਆਪਣਾ ਕੰਮ ਕਰਾਂਗੇ ਤਾਂ ਬਿਨਾ ਕਿਸੇ ਸ਼ੱਕ ਦੇ ਭਾਰਤ ਇੱਕ ਸੁਪਰ ਪਾਵਰ ਬਣੇਗਾ। ਜਿਸ ਤਰ੍ਹਾਂ 1975 ਦੀ ਗੱਲ ਹੋਈ, ਜਦੋਂ ਵੀ ਕਾਂਸਟੀਚਿਊਸ਼ਨ ਸਸਪੈਂਡ ਕੀਤਾ ਗਿਆ ਹੈ ਤਾਂ ਭਾਰਤ ਹਮੇਸ਼ਾ ਪਿੱਛੇ ਗਿਆ ਹੈ, ਵੱਡੇ ਨੁਕਸਾਨ ਹੋਏ ਹਨ। ਜੇ 1975 ਵਿੱਚ ਐਮਰਜੈਂਸੀ ਨਾ ਲਗਦੀ ਤਾਂ ਦੇਸ਼ ਦਾ ਬਹੁਤ ਕੁਝ ਬਦਲਿਆ ਜਾਣਾ ਸੀ। ਇਸ ਨੂੰ ਕੋਈ ਵੀ ਕਿਸੇ ਲੈਵਲ ਤੇ ਵੀ ਜਸਟੀਫਾਈ ਨਹੀਂ ਕਰ ਸਕਦਾ। ਜਿਹੜਾ ਪਾਪ ਹੈ, ਉਹ ਪਾਪ ਹੀ ਰਹੇਗਾ। ਮੈਨੂੰ ਲਗਦਾ ਹੈ ਕਿ 1984 ਦੇ ਵਿਚ ਵੀ ਸਾਡਾ ਕਾਂਸਟੀਚਿਊਟ ਸਸਪੈਂਡ ਕੀਤਾ ਗਿਆ ਸੀ। ਇਹ ਇੱਕ ਕਮਿਊਨਿਟੀ ਦੇ ਨਾਲ ਧੱਕਾ ਹੋਇਆ ਹੈ। ਅੱਜ ਮੈਂ ਤੁਹਾਡੇ ਰਾਹੀਂ ਇੱਕ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਸਾਡੇ ਗਵਰਨਰਜ਼ ਦਾ ਆਫਿਸ ਮਿਸਯੂਜ਼ ਕੀਤਾ ਗਿਆ। ਸੰਵਿਧਾਨ ਦੀਆਂ ਡਾਇਰੈਕਟਿਵਜ਼ ਨੂੰ ਓਵਰ ਰੂਲ ਕਰਕੇ ਡੈਮੋਕ੍ਰੇਸੀ ਨੂੰ ਕਮਜ਼ੋਰ ਕੀਤਾ ਜਾ ਰਿਹਾ ਹੈ। ਜੇ ਇਸੇ ਤਰ੍ਹਾਂ ਹੁੰਦਾ ਰਿਹਾ ਤਾਂ ਸਾਡਾ ਦੇਸ਼ ਅੱਗੇ ਜਾਣ ਨਾਲੋਂ ਪਿੱਛੇ ਹੀ ਜਾਵੇਗਾ। ਜਿਵੇਂ ਸਾਲ 1976 ਤੋਂ ਪਹਿਲਾਂ ਐਜੂਕੇਸ਼ਨਸਾਡਾ ਸਟੇਟ ਸਬਜੈਕਟ ਹੁੰਦਾ ਸੀ ਲੇਕਿਨ ਸਾਲ 1976 ਤੋਂ ਬਾਅਦ ਸਾਡੇ ਨਾਲ ਬਹੁਤ ਵੱਡਾ ਧੱਕਾ ਕੀਤਾ ਗਿਆ। ਇਹ ਵੀ ਸਾਡੇ ਸੰਵਿਧਾਨ ਦੇ ਆਸ਼ੇ ਦੇ ਖਿਲਾਫ ਸੀ ਕਿ ਇਸ ਨੂੰ ਕਨਕਰੰਟ ਲਿਸਟ ਦੇ ਵਿੱਚ ਪਾ ਦਿੱਤਾ ਗਿਆ। ਅਸੀਂ ਅੱਜ ਆਪਣੇ ਬੱਚਿਆਂ ਨੂੰ ਆਪਣੇ ਮੁਤਾਬਿਕ ਪੜ੍ਹਾਈ ਨਹੀਂ ਕਰਵਾ ਸਕਦੇ। ਅਸੀਂ ਆਪਣੀ ਮਾਂ ਬੋਲੀ ਪੰਜਾਬੀ ਨੂੰ ਲਾਗੂ ਨਹੀਂ ਕਰਵਾ ਸਕਦੇ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬਾਜਵਾ ਸਾਹਿਬ ਜੀ ਨੂੰ ਬੇਨਤੀ ਵੀ ਕਰਨੀ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਵਾਅਦਾ ਕੀਤਾ ਸੀ ਕਿ ਅਸੀਂ ਇੱਕ ਕਾਨੂੰਨ ਲੈ ਕੇ ਆਵਾਂਗੇ ਕਿ ਪੰਜਾਬ ਦੇ ਵਿਚ ਪੰਜਾਬੀ ਨੂੰ ਲਾਜ਼ਮੀ ਕੀਤਾ ਜਾਵੇਗਾ। ਪੰਜਾਬੀ ਦੇ ਵਿਚ ਸਾਨੂੰ ਜੱਜਮੈਂਟਸ ਮਿਲਣਗੀਆਂ, ਕਿਉਂਕਿ ਹੁਣ ਅਸੀਂ ਪੰਜਾਬੀ ਭਾਸ਼ਾ ਦੇ ਵਿੱਚ ਇਨਸਾਫ ਨਹੀਂ ਦੇ ਸਕਦੇ।ਜਦਕਿ ਬਾਬਾ ਸਾਹਿਬ ਅੰਬੇਦਕਰ ਦਾ ਕਥਨ ਸੀ ਕਿ ਅਸੀਂ ਹਰੇਕ ਨੂੰ ਇਨਸਾਫ ਦੇਣਾ ਹੈ, ਸਸਤਾ ਇਨਸਾਫ ਦੇਣਾ ਹੈ। ਜਿਹੜਾ ਬੰਦਾ ਅੰਗਰੇਜ਼ੀ ਸਮਝ ਨਹੀਂ ਸਕਦਾ ਉਸ ਨੂੰ ਅੰਗਰੇਜ਼ੀ ਵਿਚ ਇਨਸਾਫ ਮੁੱਲ ਲੈਣਾ ਪੈਂਦਾ ਹੈ। ਸੋ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਅਦਾਲਤਾਂ ਦੇ ਵਿੱਚ ਪੰਜਾਬੀ ਟਰਾਂਸਲੇਟਰ ਭਰਤੀ ਕਰਨ ਦੀ ਮੰਗ ਪੰਜਾਬੀ ਸਰਕਾਰ ਤੋਂ ਮੰਗ ਰੱਖੀ ਹੈ, ਉਹ ਭਰਤੀ ਕਿਉਂ ਨਹੀਂ ਕੀਤੇ ਜਾਂਦੇ? ਉਹ ਭਰਤੀ ਕੀਤੇ ਜਾਣ, ਇਸ ਤਰ੍ਹਾਂ ਸੰਵਿਧਾਨ ਦੀ ਪਾਲਣਾ ਹੋਵੇਗੀ। ਸਪੀਕਰ ਸਾਹਿਬ,ਸੰਵਿਧਾਨ ਦੇ ਵਿੱਚ ਸਾਰੀਆਂ ਬੋਲੀਆਂ ਨੂੰ ਬਰਾਬਰ ਰੱਖਿਆ ਗਿਆ ਹੈ। ਜੇ ਪੰਜਾਬ ਵਿਧਾਨ ਸਭਾ ਹੀ, ਪੰਜਾਬ ਸਰਕਾਰ

Under Print
Not for Legal/Official use

ਹੀ ਪੰਜਾਬੀ ਭਾਸ਼ਾ ਨੂੰ ਅੱਗੇ ਨਾ ਲੈ ਕੇ ਗਈ ਤਾਂ ਮੇਰਾ ਖਿਆਲ ਹੈ ਕਿ ਅਸੀਂ ਸੰਵਿਧਾਨ ਦੇ ਪ੍ਰਤੀ ਜ਼ਿੰਮੇਵਾਰੀ ਪੂਰੀ ਤਰ੍ਹਾਂ ਨਹੀਂ ਨਿਭਾਅ ਸਕਾਂਗੇ। ਭਾਰਤ ਦੇਸ਼ ਦਾ ਇਹ ਸੰਵਿਧਾਨ ਦੁਨੀਆ ਦਾ ਇੱਕ ਬਿਹਤਰੀਨ ਸੰਵਿਧਾਨ ਹੈ। unity in diversity, ਅਸੀਂ ਡਾਇਵਰਸਿਟੀ ਨੂੰ ਬਣਾ ਕੇ ਰੱਖੀਏ, ਸਾਡੇ ਸੰਵਿਧਾਨ ਨੇ ਇਸ ਨੂੰ ਗਾਰੰਟੀ ਕੀਤਾ ਹੈ ਪਰ ਅਸੀਂ ਨਾ ਤਾਂ ਦਲਿਤਾਂ ਨਾਲ ਸਹੀ ਨਿਆਂ ਕਰ ਸਕੇ ਹਾਂ ਅਤੇ ਨਾ ਹੀ ਅਸੀਂ ਰਿਲੀਜੀਅਸ ਮਾਈਨਾਰਟੀਜ਼ ਨਾਲ ਨਿਆਂ ਕਰ ਸਕੇ ਹਾਂ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੀ ਵਿਧਾਨ ਸਭਾ ਇੱਕ ਮਤਾ ਜ਼ਰੂਰ ਲੈ ਕੇ ਆਵੇ ਕਿ ਇਹ ਜਿਹੜੇ ਗਵਰਨਰਜ਼ ਦੇ ਆਫਿਸ ਹਨ, ਇਨ੍ਹਾਂ ਨੂੰ ਅਬਾਲਿਸ਼ ਕੀਤਾ ਜਾਵੇ ਤਾਂ ਜੋ ਜਿਹੜੀ ਪਾਰਟੀਸੀਪੇਟਰੀ ਡੈਮੋਕਰੇਸੀ ਹੈ, ਇਹ ਥੱਲਿਉਂ ਉੱਤੇ ਨੂੰ ਜਾਵੇ। ਇਹ ਆਪ ਦੀ ਮਰਜ਼ੀ ਨਾਲ ਪਹਿਲਾਂ ਆਪ ਸਰਕਾਰਾਂ ਭੰਗ ਕਰ ਦਿੰਦੇ ਸੀ, ਹੁਣ ਆਪਣੀ ਮਰਜ਼ੀ ਨਾਲ ਸਰਕਾਰਾਂ ਬਣਾਉਣ ਵੀ ਲੱਗ ਪਏ ਹਨ। ਸਪੀਕਰ ਸਾਹਿਬ, ਇਹ ਚੀਜ਼ਾਂ ਸੰਵਿਧਾਨ ਦੇ ਉਲਟ ਹਨ। ਮੈਂ ਪੰਜਾਬ ਵਿਧਾਨ ਸਭਾ ਨੂੰ ਬੇਨਤੀ ਕਰਦਾ ਹਾਂ ਕਿ ਸਾਨੂੰ ਜਿਹੜਾ ਸੰਵਿਧਾਨ ਮਿਲਿਆ ਹੈ, ਇਹ ਦੁਨੀਆਂ ਦਾ ਬਿਹਤਰਹੀਨ ਡਾਕੂਮੈਂਟ ਹੈ ਔਰ ਇਸ ਦੇ ਉੱਤੇ ਆਪਾਂ ਖੜ੍ਹੇ ਰਹਿਣਾ ਹੈ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਸ਼੍ਰੀ ਪਵਨ ਕੁਮਾਰ ਟੀਨੂ ਜੀ।

**ਸ਼੍ਰੀ ਪਵਨ ਕੁਮਾਰ ਟੀਨੂ (ਆਦਮਪੁਰ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਕੇਂਦਰ ਸਰਕਾਰ ਦਾ ਵੀ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਸਾਰੀਆਂ ਸੂਬਾਈ ਅਸੈਂਬਲੀਆਂ ਵਿਚ ਸੰਵਿਧਾਨ ਦਿਵਸ 26 ਨਵੰਬਰ ਨੂੰ ਮਨਾਉਣ ਦਾ ਫੈਸਲਾ ਕੀਤਾ । ਸਪੀਕਰ ਸਾਹਿਬ,ਸੰਵਿਧਾਨ 26 ਜਨਵਰੀ, 1950 ਨੂੰ ਲਾਗੂ ਹੋਇਆ ਸੀ । ਉਂਜ ਇਹ ਪਹਿਲਾਂ ਬਣ ਕੇ ਤਿਆਰ ਹੋ ਗਿਆ ਸੀ ਅਤੇ ਪਾਰਲੀਮੈਂਟ ਵਿੱਚ 26 ਨਵੰਬਰ, 1949 ਨੂੰ ਪਾਸ ਹੋਇਆ ਸੀ। ਰੋਟੀ ਪੱਕ ਗਈ ਸੀ, ਛਾਬੇ ਵਿਚ ਆ ਗਈ ਸੀ ਪਰ ਲੋਕਾਂ ਦੇ ਮੂੰਹ ਵਿੱਚ 26 ਜਨਵਰੀ, 1950 ਨੂੰ ਪਈ ਸੀ । ਸੋ, ਅਗਰ ਆਪਾਂ ਇਸ ਦਾ ਦਿਨ ਮਨਾ ਰਹੇ ਹਾਂ, ਮਹੱਤਵਪੂਰਨ ਦਿਨ 26 ਜਨਵਰੀ, 1950 ਵੀ ਹੈ ਕਿਉਂਕਿ ਉਸ ਦਿਨ ਆਪਾਂ ਰਿਪਬਲਿਕ ਡੇਅ ਮਨਾਉਂਦੇ ਹਾਂ। ਸਪੀਕਰ ਸਾਹਿਬ, ਇਸ ਦੀ ਡਰਾਫਟਿੰਗ ਕਮੇਟੀ ਦੇ ਸੱਤ ਮੈਂਬਰ ਸੀ, ਡਰਾਫਟਿੰਗ ਕਮੇਟੀ ਦੇ ਸੱਤ ਮੈਂਬਰਾਂ ਵਿੱਚ ਚੇਅਰਮੈਨ, ਡਾ. ਬੀ.ਆਰ.ਅੰਬੇਦਕਰ ਸਨ, ਨੰਬਰ ਦੋ ਉਤੇ ਅਲਾਦੀ ਕ੍ਰਿਸ਼ਨਾ ਸਵਾਮੀ ਅਈਅਰ, ਗੋਪਾਲਾ ਸੁਆਮੀ, ਕੇ.ਐਮ.ਮੁਨਸ਼ੀ, ਮੁਹੰਮਦ ਸਾਦੁੱਲਾ, ਬੀ.ਐਲ.ਮਿੱਤਰ ਅਤੇ ਡੀ.ਪੀ.ਖੇਤਾਨ ਸਨ। ਸਪੀਕਰ ਸਾਹਿਬ, ਮੈਂ ਇਹ ਗੱਲ ਹਾਊਸ ਨੂੰ ਜ਼ਰੂਰ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਇਹ ਡਰਾਫਟਿੰਗ ਕਮੇਟੀ ਬਣੀ ਤਾਂ ਇਸ ਵਿਚੋਂ ਦੋ ਮੈਂਬਰਾਂ ਦੀ ਤਾਂ ਉਦੋਂ ਡੈਥ ਹੋ ਗਈ ਸੀ, ਦੋ ਮੈਂਬਰ ਬਾਹਰ ਚਲੇ ਗਏ ਸੀ ਤੇ ਇੱਕ ਅੱਧੇ ਮੈਂਬਰ ਨੇ ਬਹੁਤਾ ਇੰਟਰਸਟ ਵੀ ਨਹੀਂ ਵਿਖਾਇਆ ਸੀ। ਡਰਾਫਟਿੰਗ ਕਮੇਟੀ ਦਾ ਸਾਰਾ ਕੰਮ ਚੇਅਰਮੈਨ, ਬਾਬਾ ਸਾਹਿਬ ਅੰਬੇਦਕਰ ਦੇਮੋਢਿਆਂ ਉੱਤੇ ਸੀ, ਉਨ੍ਹਾਂ

ਨੇ ਬੜਾ ਮੁਸ਼ਕਲ ਕੰਮ, ਬੜਾ ਕ੍ਰਿਟੀਕਲ, ਬੜਾ ਚੈਲਿੰਜ ਵਾਲਾ ਕੰਮ ਕੀਤਾ ਹੈ ਕਿਉਂਕਿ ਉਸ ਮੁਲਕ ਦਾ ਸੰਵਿਧਾਨ ਬਣਾਉਣਾ, ਕਾਨੂੰਨ ਬਣਾਉਣਾ ਕੋਈ ਸੌਖਾ ਕੰਮ ਨਹੀਂ ਸੀ, ਜਿਥੇ ਇੱਕ ਹਜ਼ਾਰ ਦੇ ਕਰੀਬ ਬੋਲੀਆਂ ਹੋਣ, 6000 ਜਾਤਾਂ ਵਿਚ ਵੰਡਿਆ ਹੋਇਆ ਮੁਲਕ ਹੋਵੇ, ਅਨੇਕਾਂ ਧਰਮ ਹੋਣ, ਅਨੇਕਾਂ ਰੀਤੀ-ਰਿਵਾਜ ਹੋਣ, ਵਹਿਮ-ਭਰਮ, ਟੂਣੇ-ਟਿਕਾਣੇ ਹੋਣ। ਦੁਨੀਆ ਦੇ ਕਿਸੇ ਵੀ ਖਿੱਤੇ ਵਿੱਚ ਇਹੋ ਜਿਹਾ ਸਿਸਟਮ ਨਹੀਂ ਹੋਣਾ, ਜਿਸ ਤਰ੍ਹਾਂ ਦਾ ਇਸ ਮੁਲਕ ਵਿੱਚ ਹੈ..

(ਇਕ ਅਵਾਜ਼: ਰਿੱਚ ਕਲਚਰ ਹੈ।)

ਹਾਂ ਜੀ। ਇਹ ਰਿੱਚ ਕਲਚਰ ਤੁਹਾਡੇ ਲਈ ਹੈ,(ਟਰੇਜ਼ਰੀ ਬੈਂਚਿਜ਼ ਵੱਲ ਇਸ਼ਾਰਾ) ਸਭ ਕੁਝ ਤੁਹਾਡੇ ਕੋਲ ਹੈ, ਤੁਸੀਂ ਤਾਂ ਰਿੱਚ ਹੋ ਤੇ ਤੁਹਾਡੇ ਕੋਲ ਕਲਚਰ ਵੀ ਰਿੱਚ ਹੈ। ਸਪੀਕਰ ਸਾਹਿਬ, ਇਸ ਮੁਲਕ ਦਾ ਸੰਵਿਧਾਨ ਬਣਾਉਣਾ ਬੜਾ ਵੱਡਾ ਕੰਮ ਸੀ ਤੇ ਡਾਕਟਰ ਅੰਬੇਦਕਰ ਸਾਹਿਬ ਨੇ 2 ਸਾਲ 11 ਮਹੀਨੇ ਤੇ ਕੁਝ ਦਿਨ ਲਗਾ ਕੇ ਤਿਆਰ ਕੀਤਾ। ਉਨ੍ਹਾਂ ਨੇ ਆਪਣੀਆਂ ਲਿਖਤਾਂ ਵਿਚ ਲਿਖਿਆ ਹੈ ਕਿ ਮੈਂ 24 ਘੰਟਿਆਂ ਵਿਚੋਂ 18-18 ਘੰਟੇਸੰਵਿਧਾਨ ਉੱਤੇ ਕੰਮ ਕੀਤਾ ਹੈ ਤਾਂ ਫਿਰ ਜਾ ਕੇ ਇਹ ਸੰਵਿਧਾਨ ਬਣਿਆ। ਸੰਵਿਧਾਨ ਦੇ ਉਤੇ ਲੰਮੀ-ਚੌੜੀ ਬਹਿਸ ਹੋਈ । ਜਿਸ ਤਰ੍ਹਾਂ ਦੀ 5 ਜੁਲਾਈ, 1946 ਵਿੱਚ ਬ੍ਰਿਟਿਸ਼ ਪਾਰਲੀਮੈਂਟ ਵਿੱਚ ਬਹਿਸ ਹੋਈ ਸੀ, ਉਹ ਬਹਿਸ ਦੇਸ਼ ਦੀ ਅਜ਼ਾਦੀ ਲਈ ਹੋਈ ਸੀ ਅਤੇ 15 ਜੁਲਾਈ, 1946 ਨੂੰ ਇਹ ਪਾਸ ਹੋ ਗਿਆ ਸੀ ਕਿ ਭਾਰਤ ਦੇਸ਼ ਨੂੰ 15 ਅਗਸਤ, 1947 ਨੂੰ ਅਜ਼ਾਦ ਕਰ ਦਿੱਤਾ ਜਾਵੇਗਾ। ਅਸੀਂ 15 ਅਗਸਤ, 1947 ਮਨਾਉਂਦੇ ਹਾਂ, ਇਹ ਮਹੱਤਵਪੂਰਨ ਦਿਨ ਹੈ। ਸਪੀਕਰ ਸਾਹਿਬ, ਮੈਂ ਇਸੇ ਸਮੇਂ ਦੇ ਦੌਰਾਨ, 26 ਨਵੰਬਰ 1949 ਅਤੇ 26 ਜਨਵਰੀ 1950 ਦੇ ਦੌਰਾਨ ਦੀ ਇੱਕ ਘਟਨਾ ਤੁਹਾਨੂੰ ਯਾਦ ਕਰਵਾਉਣਾ ਚਾਹੁੰਦਾ ਹਾਂ। ਤੁਸੀਂ ਤਾਂ ਹਿਸਟਰੀ ਦੇ ਕਾਫੀ ਮਾਹਿਰ ਵੀ ਹੋ, ਤੁਹਾਨੂੰ ਤਾਂ ਇਟਰੈਸਟ ਵੀ ਬੜਾ ਹੈ । ਸਪੀਕਰ ਸਾਹਿਬ, 1949 ਵਿਚ ਤੇਲੰਗਾਨਾ ਵਿਚ ਹਾਲੇ ਸੰਵਿਧਾਨ ਲਾਗੂ ਨਹੀਂ ਹੋਇਆ ਸੀ। ਤੇਲੰਗਾਨਾ ਵਿਚ ਉਥੋਂ ਦੇ ਕਿਸਾਨਾਂ, ਮਜ਼ਦੂਰਾਂ, ਗਰੀਬਾਂ ਤੇ ਉਥੋਂ ਦੇ ਦਲਿਤਾਂ ਨੇ ਉਥੋਂ ਦੇ ਪੂੰਜੀਪਤੀ ਸਿਸਟਮ ਨੂੰ ਉਖਾੜ ਕੇ, ਉਥੋਂ ਦਾ ਜਾਗੀਰਦਾਰੀ ਸਿਸਟਮ ਉਖਾੜ ਕੇ, ਲਗਭਗ 4200 ਪਿੰਡਾਂ ਉੱਤੇ ਕਬਜ਼ਾ ਕਰ ਲਿਆ ਸੀ ਅਤੇ ਉਸ ਦੀ equal ਵੰਡ ਹੋ ਗਈ ਸੀ ਕਿਉਂਕਿ 1950 ਤੋਂ ਪਹਿਲਾਂ ਸੰਵਿਧਾਨ ਲਾਗੂ ਨਹੀਂ ਹੋਇਆ ਸੀ। ਉਸ ਵੇਲੇ ਦੇ ਪ੍ਰਧਾਨ ਮੰਤਰੀ ਨੇ ਫੌਜ ਭੇਜ ਕੇ ਉਨ੍ਹਾਂ ਗਰੀਬਾਂ, ਕਿਸਾਨਾਂ, ਮਜ਼ਦੂਰਾਂ ਦੇ equal distribution ਦੇ ਉਸ ਵਿਦਰੋਹ ਨੂੰ ਕੁਚਲ ਦਿੱਤਾ ਸੀ। ਇਹ ਮੈਂ ਤਾਂ ਕਹਿ ਰਿਹਾ ਹਾਂ ਕਿਉਂਕਿ 26 ਜਨਵਰੀ ਨੂੰ ਲੋਕਾਂ ਨੂੰ ਸੰਵਿਧਾਨ ਮਿਲ ਗਿਆ ਸੀ।

ਸਪੀਕਰ ਸਾਹਿਬ, ਇਹ ਜਿਹੜਾ 26 ਜਨਵਰੀ ਨੂੰ ਸੰਵਿਧਾਨ ਲਾਗੂ ਹੋਇਆ, ਇਸ ਦਾ ਅਸਲੀ base India Act, 1935 ਹੈ। ਬਹੁਤ ਸਾਰੇ ਲੋਕ ਕਈ ਵਾਰੀ ਕਹਿ ਦਿੰਦੇ ਹਨ ਕਿ ਫਲਾਣੀ ਪਾਰਟੀ ਦੇ

Under Print
Not for Legal/Official use

ਫਲਾਣੇ ਮਹਾਤਮਾ ਨੇ ਗਰੀਬਾਂ ਨੂੰ, ਦਲਿਤਾਂ ਨੂੰ ਬੜਾ ਕੁਝ ਦਿੱਤਾ, ਰਿਜ਼ਰਵੇਸ਼ਨ ਦੇ ਦਿੱਤੀ, ਪੜ੍ਹਾਈ ਦੇ ਦਿੱਤੀ, ਸਕੂਲ ਦੇ ਦਿੱਤੇ। ਕਾਂਗਰਸ ਦੀ ਸਰਕਾਰ 1947 ਵਿੱਚ ਸਾਂਝੀ ਗੌਰਮਿੰਟ ਬਣਨ ਵੇਲੇ ਆਈ। 1932 ਵਿੱਚ ਅੰਗਰੇਜ਼ਾਂ ਦਾ ਰਾਜ ਸੀ। 1932 ਵਿੱਚ ਹੀ ਡਾ. ਅੰਬੇਦਕਰ ਨੇ ਅੰਗਰੇਜ਼ਾਂ ਨੂੰ ਸਮਝਾ ਕੇ, ਅੰਗਰੇਜ਼ਾਂ ਨੂੰ convince ਕਰਵਾ ਕੇ ਆਪਣੀ social condition ਦੱਸ ਕੇ, ਆਰਥਿਕ ਹਾਲਾਤ ਦੱਸ ਕੇ ਇਸ ਗੱਲ ਵਾਸਤੇ ਮਨਾ ਲਿਆ ਸੀ, ਕਾਇਲ ਕਰ ਲਿਆ ਸੀ ਕਿ ਇਨ੍ਹਾਂ ਨੂੰ ਰਿਜ਼ਰਵੇਸ਼ਨ ਦੀ ਲੋੜ ਹੈ ਅਤੇ ਉਦੋਂ ਹੀ ਨੌਕਰੀਆਂ ਵਿੱਚ ਰਿਜ਼ਰਵੇਸ਼ਨ ਮਿਲੀ ਸੀ। ਮੈਨੂੰ ਇਹ ਦੱਸਦਿਆਂ ਵੀ ਖੁਸ਼ੀ ਹੁੰਦੀ ਹੈ ਕਿ ਉਦੋਂ ਮਾਸਟਰ ਗੁਰਬੰਤਾ ਸਿੰਘ ਜੀ, ਉਹ ਇਨਸਾਨ ਸਨ, ਜਿਨ੍ਹਾਂ ਨੂੰ 1935 ਤੋਂ ਬਾਅਦ ਪਹਿਲੀ ਵਾਰੀ ਮਾਸਟਰੀ ਰਿਜ਼ਰਵੇਸ਼ਨ ਵਿੱਚ ਮਿਲੀ ਸੀ। ਉਨ੍ਹਾਂ ਦੇ grandson ਇੱਥੇ ਬੈਠੇ ਹਨ। ਚੌਧਰੀ ਹਜ਼ਾਰਾ ਰਾਮ ਜੀ ਪਹਿਲੇ ਬੀ.ਡੀ.ਓ. ਲੱਗੇ ਸਨ। ਡਾ. ਅੰਬੇਦਕਰ ਦਾ ਇਹ ਸਾਰਾ struggle 1932 ਵਿੱਚ round table conference London ਵਿੱਚ ਸ਼ੁਰੂ ਹੋਇਆ ਸੀ, ਜਿਸ ਵਿੱਚ ਸਾਡੇ ਬਹੁਤ ਸਾਰੇ ਨੁਮਾਇੰਦੇ ਗਏ ਸਨ। ਉਸ ਵੇਲੇ 1932 ਵਿੱਚ ਡਾ. ਅੰਬੇਦਕਰ ਨੇ ਅੰਗਰੇਜ਼ਾਂ ਦੀ round table conference ਵਿੱਚ ਕਿਹਾ ਸੀ ਕਿ ਇਹ ਜਿਹੜੇ ਤੁਹਾਡੇ ਤੋਂ ਅਜ਼ਾਦੀ ਮੰਗਦੇ ਹਨ, ਇਹ ਤਾਂ ਤੁਹਾਡੇ ਗੁਲਾਮ ਹਨ, ਜਿਨ੍ਹਾਂ ਦੀ ਗੱਲ ਮੈਂ ਕਰਨ ਵਾਸਤੇ ਆਇਆ ਹਾਂ, ਗਰੀਬਾਂ ਦੀ, ਦਲਿਤਾਂ ਦੀ, ਉਹ ਦੂਹਰੇ ਗੁਲਾਮ ਹਨ। ਉਹ ਅੰਗਰੇਜ਼ ਦੇ ਵੀ ਗੁਲਾਮ ਹਨ, ਉਹ ਇਨ੍ਹਾਂ ਦੇ ਵੀ ਗੁਲਾਮ ਹਨ। ਮੈਂ ਉਨ੍ਹਾਂ ਦੀ ਅਜ਼ਾਦੀ ਦੀ ਗੱਲ ਕਰਨ ਆਇਆ ਹਾਂ। ਸਾਡੇ ਮੁਲਕ ਵਿੱਚ ਆਮ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਨਹੀਂ ਹੈ। ਯੂਨੀਅਨ ਜੈਕ ਇੰਗਲੈਂਡ ਵਿੱਚ ਝੂਲਦਾ ਹੈ, ਇੰਡੀਆ ਵਿੱਚ ਵੀ ਝੂਲਦਾ ਹੈ। ਤੁਸੀਂ ਇੱਥੇ ਇਕ ਮਜ਼ਦੂਰ ਨੂੰ ਵੋਟ ਦਾ ਹੱਕ ਦਿੱਤਾ ਹੈ, ਸਾਡੇ ਮੁਲਕ ਵਿੱਚ ਵੀ ਦਿਓ। ਗਰੀਬ ਨੂੰ ਸੰਨ 1932 ਵਿੱਚ ਵੋਟ ਦਾ ਹੱਕ ਮਿਲਿਆ। ਉਸ ਵੇਲੇ ਸਰਕਾਰ ਕਿਸ ਦੀ ਸੀ, ਇਹ ਤੁਸੀਂ ਦੇਖ ਲਓ। ਗਰੀਬ ਨੂੰ ਹੱਕ ਨਹੀਂ ਸੀ। ਸੰਨ 1932 ਤੋਂ ਪਹਿਲਾਂ ਆਮ ਤੌਰ ਤੇ ਵੋਟ ਪਾਉਣ ਦਾ ਹੱਕ ਉਸ ਨੂੰ ਹੁੰਦਾ ਸੀ ਜਿਸ ਕੋਲ ਜਗੀਰ ਹੁੰਦੀ ਸੀ, ਜਿਹੜਾ ਦਸਵੀਂ ਪਾਸ ਹੁੰਦਾ ਸੀ, ਜਿਹੜਾ ਇਨਕਮ ਟੈਕਸ ਦਿੰਦਾ ਸੀ। ਜਦੋਂ ਡਾ. ਅੰਬੇਦਕਰ ਨੂੰ ਪ੍ਰੈਸ ਵਾਲਿਆਂ ਨੇ ਪੁੱਛਿਆ ਕਿ ਤੁਸੀਂ ਕੀ ਮਹਿਸੂਸ ਕਰਦੇ ਹੋ। ਉਨ੍ਹਾਂ ਨੇ ਕਿਹਾ ਕਿ ਮੈਨੂੰ ਖੁਸ਼ੀ ਹੈ, ਤਸੱਲੀ ਹੈ ਕਿ ਅੱਜ ਇੱਕ ਦੇ ਬਰਾਬਰ ਇੱਕ ਹੋ ਗਿਆ ਹੈ। ਅੱਜ ਸਾਰੇ ਲੋਕ ਵੋਟ ਪਾ ਸਕਣਗੇ। ਮੈਨੂੰ ਖੁਸ਼ੀ ਹੈ ਕਿ ਅੱਜ ਦੇਸ਼ ਦਾ ਰਾਜਾ ਕਿਸੇ ਰਾਣੀ ਦੇ ਪੇਟ ਵਿਚੋਂ ਜਨਮ ਨਹੀਂ ਲਵੇਗਾ, ਉਹ ਲੋਕ ਵੋਟਾਂ ਦੀ ਪੇਟੀ ਵਿਚੋਂ ਪੈਦਾ ਕਰਨਗੇ। ਉਨ੍ਹਾਂ ਨੇ ਨਾਲ ਹੀ ਇਹ ਵੀ ਕਿਹਾ ਸੀ ਕਿ ਮੈਨੂੰ ਖੁਸ਼ੀ ਹੈ ਕਿ ਸਾਨੂੰ ਰਾਜਨੀਤਿਕ ਅਜ਼ਾਦੀ ਮਿਲ ਗਈ ਹੈ ਲੇਕਿਨ ਮੈਨੂੰ ਇਸ ਗੱਲ ਦਾ ਖਦਸ਼ਾ ਹੈ ਕਿ ਇਸ ਦੇਸ਼ ਦੀਆਂ ਹਕੂਮਤਾਂ ਇਨ੍ਹਾਂ ਗਰੀਬਾਂ, ਦਲਿਤਾਂ, ਮਜ਼ਦੂਰਾਂ ਨੂੰ ਆਰਥਿਕ ਅਤੇ ਸਮਾਜਿਕ ਅਜ਼ਾਦੀ ਦੇਣਗੀਆਂ ਕਿ ਨਹੀਂ ਦੇਣਗੀਆਂ? ਇਸ ਕਰਕੇ ਉਹ ਇਸ ਗੱਲ ਦੇ ਅਲੰਬਰਦਾਰ ਸਨ ਕਿ ਇਸ ਦੇਸ਼ ਵਿੱਚ ਬੈਂਕਾਂ ਨੈਸ਼ਨੇਲਾਈਜ਼

Under Print
Not for Legal/Official use

ਹੋਣੀਆਂ ਚਾਹੀਦੀਆਂ ਹਨ।ਇਸ ਦੇਸ਼ ਵਿੱਚ ਰੇਲਵੇ, ਟੈਲੀਕਮਿਊਨਿਕੇਸ਼ਨਜ਼, ਹੈਲਥ, ਲੈਂਡ, ਇੰਸ਼ੋਰੈਂਸ ਨੈਸ਼ਨੇਲਾਈਜ਼ ਹੋਵੇ ਤਾਂ ਕਿ ਲੋਕਾਂ ਨੂੰ ਰਿਜ਼ਰਵੇਸ਼ਨ ਦੇ ਤਹਿਤ ਫਾਇਦਾ ਹੋਵੇ।

ਸਪੀਕਰ ਸਾਹਿਬ, ਅੱਜ ਪਾਰਲੀਮੈਂਟ ਵਿੱਚ ਅਤੇ ਵਿਧਾਨ ਸਭਾਵਾਂ ਵਿੱਚ ਤਾਂ ਰਿਜ਼ਰਵ ਸੀਟਾਂ ਮਿਲ ਗਈਆਂ ਪਰ ਆਰਥਿਕ ਤੌਰ ਤੇ ਹਕੂਮਤਾਂ ਨੇ ਕੁਝ ਨਹੀਂ ਕੀਤਾ। ਅੱਜ ਸਾਨੂੰ ਗੱਲ ਕਰਨ ਦੀ ਲੋੜ ਹੈ। ਅਸੀਂ ਸਿਰਫ ਦਿਨ ਨਾ ਮਨਾਈਏ, ਸਿਰਫ ਆਰਤੀ ਕਰਕੇ ਨਾ ਜਾਈਏ। ਕਾਂਸਟੀਚਿਊਸ਼ਨ ਦਾ ਜਿਹੜਾ ਮੂਲ ਮੰਤਰ, ਇਸ ਦੀ ਮੂਲ ਭਾਵਨਾ ਡੈਮੋਕ੍ਰੇਸੀ ਹੈ। ਆਰਥਿਕ ਹੱਕ ਹੈ, ਸਮਾਜਿਕ ਬਰਾਬਰਤਾ ਹੈ, ਜਸਟਿਸ ਹੈ। ਪੂਰੇ ਦੇਸ਼ ਵਿੱਚ ਵੀ ਅਤੇ ਪੰਜਾਬ ਵਿੱਚ ਵੀ ਜਸਟਿਸ ਆਰਥਿਕ ਤੌਰ ਤੇ ਵੀ ਹੋਣਾ ਚਾਹੀਦਾ ਹੈ। ਰਿਜ਼ਰਵੇਸ਼ਨ ਦੇ ਨਾਮ ਤੇ ਬਹੁਤ ਕੁਝ ਕਿਹਾ ਜਾ ਰਿਹਾ ਹੈ, ਲੋਕਾਂ ਦੇ ਆਪੋ ਆਪਣੇ ਵਿਚਾਰ ਚਲਦੇ ਹਨ, ਸਾਡਾ ਅਜ਼ਾਦ ਮੁਲਕ ਹੈ, ਹਰ ਬੰਦਾ ਆਪਣੇ ਵਿਚਾਰ ਵਿਅਕਤ ਕਰ ਸਕਦਾ ਹੈ, ਸਾਰਿਆਂ ਨੂੰ ਇਹ ਹੱਕ ਪ੍ਰਾਪਤ ਹੈ। ਲੇਕਿਨ ਇਹ ਰਿਜ਼ਰਵੇਸ਼ਨ ਆਰਥਿਕ ਬੇਸ ਤੇ ਨਹੀਂ, ਇਹ ਸੋਸ਼ਲ ਬੇਸ ਤੇ ਮਿਲੀ ਹੈ, ਜਿੰਨੀ ਦੇਰ ਤੱਕ ਇਸ ਦੇਸ਼ ਦੇ ਅੰਦਰ ਕਾਸਟਇਜ਼ਮ ਹੈ, ਨਫਰਤ ਹੈ, ਵਖਰੇਵਾਂ ਹੈ, ਇਨਇਕੁਐਲਟੀ ਹੈ, ਉਨੀ ਦੇਰ ਤੱਕ ਇਸ ਕਾਂਸਟੀਚਿਊਸ਼ਨ ਨੇ ਰਿਜ਼ਰਵੇਸ਼ਨ ਦੇਣੀ ਹੈ। ਇਹ ਰਿਜ਼ਰਵੇਸ਼ਨ ਗਰੀਬੀ-ਅਮੀਰੀ ਦੇ ਆਧਾਰ ਤੇ ਨਹੀਂ ਹੈ। ਇਹ ਰਿਜ਼ਰਵੇਸ਼ਨ ਆਰਥਿਕਤਾ ਦੇ ਆਧਾਰ ਤੇ ਹੈ।

**ਮਾਨਯੋਗ ਸਪੀਕਰ :** ਇਹ ਆਰਥਿਕਤਾ ਦੇ ਅਧਾਰ ਤੇ ਨਹੀਂ ਹੈ, ਇਹ ਸੋਸ਼ਲ ਅਧਾਰ ’ਤੇ ਹੈ।

**ਸ਼੍ਰੀ ਪਵਨ ਕੁਮਾਰ ਟੀਨੂ :** ਸਪੀਕਰ ਸਾਹਿਬ, ਸੌਰੀ ਜੀ, ਇਹ ਸੋਸ਼ਲ ਅਧਾਰ ’ਤੇ ਹੈ, ਇਹ ਰਿਜ਼ਰਵੇਸ਼ਨ ਸਮਾਜਿਕ ਬੇਸ ਦੇ ਉਤੇ ਹੈ। ਸਪੀਕਰ ਸਾਹਿਬ, ਤੁਸੀਂ ਪੰਜਾਬ ਵਿੱਚ ਦੇਖ ਲਵੋ, ਤੁਸੀਂ ਦੇਸ਼ ਵਿੱਚ ਦੇਖ ਲਵੋ, ਕੋਈ 10 ਕਰੋੜ ਰੁਪਏ ਦਾ ਧੰਦਾ ਕਰਨ ਵਾਲੇ, ਕੋਈ 50 ਕਰੋੜ ਰੁਪਏ ਦਾ ਧੰਦਾ ਕਰਨ ਵਾਲੇ ਜਾਂ 100 ਕਰੋੜ ਰੁਪਏ ਦਾ ਧੰਦਾ ਕਰਨ ਵਾਲੇ ਜਾਂ 1000 ਕਰੋੜ ਰੁਪਏ ਦਾ ਧੰਦਾ ਕਰਨ ਵਾਲੇ, ਕਿੰਨੇ ਕੁ ਉਨ੍ਹਾਂ ਵਿਚੋਂ ਅਜਿਹੇ ਹਨ ਜਿਹੜੇ ਗਰੀਬ ਜਾਂ ਦਲਿਤ ਹਨ? ਗਰੀਬਾਂ ਜਾਂ ਦਲਿਤਾਂ ਵਿਚੋਂ ਇਨ੍ਹਾਂ ਵਿਚੋਂ ਕਿੰਨੇ ਕੁ ਹਨ?

ਸਪੀਕਰ ਸਾਹਿਬ, ਅੱਜ ਸਾਡੇ ਦੇਸ਼ ਦੀਆਂ ਪਾਲਿਸੀਆਂ ਨੇ ਦੁਨੀਆ ਦੇ ਅਮੀਰ ਲੋਕ ਪੈਦਾ ਕਰ ਦਿੱਤੇ ਹਨ। ਹਕੂਮਤਾਂ ਨਾਮ ਤਾਂ ਸੰਵਿਧਾਨ ਦਾ ਵਰਤਦੀਆਂ ਹਨ ਪਰ ਪਾਲਿਸੀਆਂ ਇਸ ਤਰ੍ਹਾਂ ਦੀਆਂ ਬਣਾਈਆਂ ਜਾਂਦੀਆਂ ਹਨ ਕਿ ਦੁਨੀਆ ਦੇ ਅਮੀਰਾਂ ਵਿੱਚ ਸਾਡੇ ਮੁਲਕ ਦੇ ਲੋਕਾਂ ਦੇ ਨਾਮ ਆਉਂਦੇ ਹਨ। ਦੁਨੀਆ ਦੇ ਪਹਿਲੇ 10 ਅਮੀਰਾਂ ਵਿਚੋਂ ਪਹਿਲੇ, ਦੂਜੇ ਅਤੇ ਤੀਜੇ ਨਾਮ ਸਾਡੇ ਮੁਲਕ ਦੇ ਲੋਕਾਂ ਦੇ ਹਨ। ਇਹ ਕੋਈ ਮਾਣ ਵਾਲੀ ਗੱਲ ਨਹੀਂ, ਇਹ ** ** ਗੱਲ ਹੈ ਕਿ ਜਿਸ ਦੇਸ਼ ਦੇ ਵਿੱਚ ਗਰੀਬਾਂ ਦੇ ਲਈ ਸੰਵਿਧਾਨ ਬਣਾਇਆ ਹੋਵੇ, ਆਮ ਲੋਕਾਂ ਲਈ ਸੰਵਿਧਾਨ ਬਣਿਆ ਹੋਵੇ ਅਤੇ ਉਸ ਸੰਵਿਧਾਨ ਨੂੰ ਪਰ੍ਹੇ ਰੱਖ ਕੇ, ਛਿੱਕੇ ਟੰਗ ਕੇ ਪਾਲਿਸੀਆਂ ਅਮੀਰਾਂ ਲਈ ਬਣਦੀਆਂ ਹੋਣ। ਅੱਜ ਵੀ ਪੰਜਾਬ ਵਿੱਚ ਤੁਸੀਂ ਦੇਖ ਲਵੋ, ਤਿੰਨ ਤੋਂ ਪੰਜ

ਪਰਸੈਂਟ ਲੋਕ ਜ਼ਮੀਨਾਂ ਦੇ ਮਾਲਕ ਹਨ, ਤਿੰਨ ਤੋਂ ਸੱਤ ਪਰਸੈਂਟ ਤੱਕ ਲੋਕਾਂ ਦੀ ਟਰੇਡਿੰਗ ਜਾਂ ਬਿਜਨਸ਼ ਵਿੱਚ ਹਿੱਸੇਦਾਰੀ ਹੈ।

ਸਪੀਕਰ ਸਾਹਿਬ, ਮੈਂ ਇੱਕ ਹੋਰ ਘਟਨਾ ਤੁਹਾਨੂੰ ਦੱਸਣਾ ਚਾਹੁੰਦਾ ਹਾਂ। ਡਾ. ਅੰਬੇਦਕਰ ਜੀ ਨੇ ਕਿਹਾ ਸੀ ਕਿ ਇੱਥੇ ਬੜੀ ਗੈਰ-ਬਰਾਬਰਤਾ ਹੈ, ਇਹ ਗੱਲਾਂ ਰਿਕਾਰਡ ਵਿੱਚ ਹਨ। ਜਦੋਂ ਦੇਸ਼ ਅਜ਼ਾਦ ਹੋਇਆ ਤਾਂ ਉਨ੍ਹਾਂ ਨੇ ਕਿਹਾ ਕਿ ਜਾਂ ਤਾਂ ਸਾਨੂੰ ਸੈਪਰੇਟ ਸੈਟਲਮੈਂਟ ਦੇ ਦਿਉ ਤਾਂ ਕਿ ਅਸੀਂ ਆਪ ਦੇਖ ਕੇ ਹਕੂਮ ਚਲਾਈਏ, ਸਰਕਾਰ ਚਲਾਈਏ ਅਤੇ ਅਸੀਂ ਆਪਣੇ ਲੋਕਾਂ ਦੀ ਵੈਲਫੇਅਰ ਕਰੀਏ।

**ਮਾਨਯੋਗ ਸਪੀਕਰ:** ** ** ਗੱਲ ਕੱਟ ਦਿਉ ।

**ਸ਼੍ਰੀ ਪਵਨ ਕੁਮਾਰ ਟੀਨੂ:** ਅਸੀਂ ਆਪ ਆਪਣੇ ਪੈਰ੍ਹਾਂ ਤੇ ਖੜ੍ਹੇ ਹੋਈਏ। ਕਿਉਂਕਿ ਜਿਹੜੇ ਗਰੀਬ ਲੋਕ ਪੂਰੇ ਦੇਸ਼ ਵਿੱਚ ਫੈਲੇ ਹੋਏ ਸੀ, ਉਨ੍ਹਾਂ ਨੇ ਕਿਹਾ ਕਿ ਜੇ ਸੈਪਰੇਟ ਸੈਟਲਮੈਂਟ ਨਹੀਂ ਦੇਣੀ ਤਾਂ ਸਾਨੂੰ ਸੈਪਰੇਟ ਇਲੈਕਟੋਰੇਟ ਦੇ ਦਿਉ। ਸਾਡੇ ਐਸੇ ਲੋਕ ਪਾਰਲੀਮੈਂਟ ਅਤੇ ਅਸੰਬਲੀਆਂ ਵਿੱਚ ਜਿੱਤ ਕੇ ਆਉਣ, ਜਿਹੜੇ ਨਿਡਰ ਹੋ ਕੇ ਗਰੀਬ ਦੀ ਅਤੇ ਜ਼ਰੂਰਤਮੰਦਾਂ ਦੀ ਗੱਲ ਕਰ ਸਕਣ। ਉਨ੍ਹਾਂ ਦੇ ਪੈਰ੍ਹਾਂ ਵਿੱਚ ਬੇੜੀਆਂ ਨਾ ਪਾਈਆਂ ਹੋਣ, ਉਹ ਡਰਨ ਨਾ। ਜਦੋਂ ਸੈਪਰੇਟ ਇਲੈਕਟੋਰੇਟ ਦੀ ਗੱਲ ਹੋਈ ਤਾਂ ਮੁਆਫ ਕਰਨਾ, ਉਦੋਂ ਮਹਾਤਮਾ ਗਾਂਧੀ ਜੀ ਨੇ ਸਾਲ 1932 ਵਿੱਚ ਮਰਨ ਵਰਤ ਰੱਖ ਲਿਆ। ਬਾਬਾ ਸਾਹਿਬ ਨੂੰ ਥਰੈੱਟ ਮਿਲਣੇ ਸ਼ੁਰੂ ਹੋ ਗਏ ਕਿ ਜਿਨ੍ਹਾਂ ਵਾਸਤੇ ਤੂੰ ਸੰਘਰਸ਼ ਕਰਦਾ ਹੈਂ, ਜੇ ਉਹ ਹੀ ਨਾ ਰਹੇ, ਦੇਸ਼ ਦੀਆਂ ਨਦੀਆਂ ਤੇ ਨਾਲੇ ਸਾਰੇ ਲਾਲ ਕਰ ਦਿਆਂਗੇ ਤਾਂ ਫਿਰ ਤੇਰੇ ਸੰਵਿਧਾਨ ਦਾ ਕੀ ਬਣੇਗਾ? ਡਾ. ਅੰਬੇਦਕਰ ਜੀ ਨੂੰ ਮਜਬੂਰਨ ਪੂਨਾ ਪੈਕਟ ਕਰਨਾ ਪਿਆ। ਜਿਹੜੀ ਅੱਜ ਰਿਜ਼ਰਵੇਸ਼ਨ ਮਿਲੀ ਹੈ, ਉਸ ਦੀ ਕੀ ਹਾਲਤ ਹੈ ਅਤੇ ਉਸ ਨਾਲ ਕੀ ਸੁਧਾਰ ਹੋਇਆ ਹੈ, ਉਹ ਸਾਰਿਆਂ ਦੇ ਸਾਹਮਣੇ ਹੈ।

ਸਪੀਕਰ ਸਾਹਿਬ, ਮੈਂ ਇੱਥੇ ਇਹ ਜ਼ਰੂਰ ਕਹਿਣਾ ਚਾਹੁੰਦਾ ਹਾਂ ਕਿ ਇੱਥੇ ਹੁਣੇ ਹੀ ਐਜੂਕੇਸ਼ਨ ਦੀ ਗੱਲ ਹੋਈ ਸੀ। ਸਾਡੇ ਆਮ ਆਦਮੀ ਪਾਰਟੀ ਦੇ ਮੈਂਬਰ ਨੇ ਵੀ ਇਹ ਗੱਲ ਕੀਤੀ ਸੀ। ਦੇਖੋ, ਵਨ ਕੰਟਰੀ-ਵਨ ਕੰਸਟੀਚਿਊਸ਼ਨ ਯਾਨੀ ਵਨ ਲਾਅ। ਆਪਾਂ ਪਿਛੇ ਪੂਰੇ ਦੇਸ਼ ਵਿੱਚ ਟੈਕਸ ਵੀ ਇੱਕ ਲਾਗੂ ਕਰ ਦਿੱਤਾ। ਜੇਕਰ ਵਨ ਕੰਟਰੀ-ਵਨ ਲਾਅ-ਵਨ ਟੈਕਸ-ਵਨ ਆਈਡੈਂਟਿਟੀ ਹੈ ਤਾਂ ਇੱਥੇ ਵਨ ਐਜੂਕੇਸ਼ਨ ਸਿਸਟਮ ਵੀ ਲਾਗੂ ਕਰੋ। ਇੱਥੇ ਸਰਕਾਰੀ ਸਕੂਲਾਂ ਦੇ ਬੱਚੇ ਬੈਠੇ ਹਨ, ਸਪੀਕਰ ਸਾਹਿਬ, ਅੱਜ ਉਹ ਸਮਾਂ ਨਹੀਂ ਹੈ ਕਿ ਸਰਕਾਰੀ ਸਕੂਲਾਂ ਵਿਚੋਂ ਪੜ੍ਹੇ ਹੋਏ ਇਹ ਬੱਚੇ ਜੱਜ, ਐਸ.ਡੀ.ਐਮ., ਐਸ.ਐਸ.ਪੀ. ਜਾਂ ਡੀ.ਸੀ. ਬਣਨਗੇ? ਨਹੀਂ....। ਡਾ. ਅੰਬੇਦਕਰ ਜੀ ਦੇ ਸੰਵਿਧਾਨ ਨੂੰ ਯਾਦ ਕਰਨ ਦਾ ਫਾਇਦਾ ਤਾਂ ਹੈ ਜੇਕਰ ਆਪਾਂ ਐਜੂਕੇਸ਼ਨ ਦਾ ਲੈਵਲ ਇੱਕ ਕਰ ਦੇਈਏ। ਪਿੰਡ ਦੇ ਛੋਟੇ ਕਿਸਾਨ ਦਾ ਬੱਚਾ ਵੀ ਉਸੇ ਸਕੂਲ ਵਿੱਚ ਪੜ੍ਹੇ, ਮਜ਼ਦੂਰ ਦਾ

---

** Expunged as ordered by the chair.

ਬੱਚਾ ਵੀ ਉਸੇ ਸਕੂਲ ਵਿੱਚ ਪੜ੍ਹੇ ਅਤੇ ਵੱਡੇ ਹਜ਼ਾਰ ਕਰੋੜ ਰੁਪਏ ਦੇ ਮਾਲਕ- ਇੰਡਸਟਰੀਅਲਿਸਟ ਦਾ ਬੱਚਾ ਵੀ ਉਸੇ ਸਕੂਲ ਵਿੱਚ ਪੜ੍ਹੇ। ਪੜ੍ਹਾਈ ਸਭ ਲਈ ਮੁਫਤ ਹੋਵੇ, ਕਿਤਾਬਾਂ ਸਾਰਿਆਂ ਲਈ ਸੇਮ ਹੋਣ, ਯੂਨੀਫਾਰਮ ਸਾਰਿਆਂ ਦੀ ਸੇਮ ਹੋਵੇ, ਸਾਧਨ ਸਾਰਿਆਂ ਲਈ ਸੇਮ ਹੋਣ, ਫਿਰ ਆਪਾਂ ਕਹਿ ਸਕਦੇ ਹਾਂ ਕਿ ਅਸੀਂ ਸੰਵਿਧਾਨ ਨੂੰ ਲਾਗੂ ਕੀਤਾ ਹੈ। ਹੁਣ ਤਾਂ ਸੰਵਿਧਾਨ ਦੇ ਨਾਮ ਤੇ ਦਿਖਾਵਾ ਹੋ ਰਿਹਾ ਹੈ।

ਅੱਜ ਤੁਸੀਂ ਦੇਖ ਲਓ, ਸੋਸ਼ਲ ਅਜ਼ਾਦੀ ਕਿੱਥੇ ਗਈ। ਸੰਗਰੂਰ ਵਿਚ ਜਿਹੜੀ ਘਟਨਾ ਹੋਈ ਹੈ, ਇਹ ਸਾਡੇ ਸਮਾਜ ਦੀ ਉਦਾਹਰਣ ਹੈ। ਅੱਜ ਵੀ ਸਮਾਜ ਵਿਚ ਗੈਰ-ਬਰਾਬਰਤਾ ਹੈ, ਇਸੇ ਕਰਕੇ ਜਗਮੇਲ ਸਿੰਘ ਨੂੰ ਤਸੀਹੇ ਦੇ ਕੇ ਗੈਰ ਮਨੁੱਖੀ ਤਰੀਕੇ ਨਾਲ ਮਾਰ ਦਿੱਤਾ ਗਿਆ। ਹਰ ਦੋ ਮਹੀਨਿਆਂ ਬਾਅਦ ਕਿਤੇ ਨਾ ਕਿਤੇ ਅਜਿਹੀ ਘਟਨਾ ਵਾਪਰ ਜਾਂਦੀ ਹੈ, ਜਿਸ ਨਾਲ ਉਹੀ ਪੁਰਾਣਾ ਵੇਲਾ ਯਾਦ ਆ ਜਾਂਦਾ ਹੈ ਜਦੋਂ ਵਰਣ ਵਿਵਸਥਾ ਹੁੰਦੀ ਸੀ, ਜਦੋਂ ਉਚ-ਨੀਚ, ਛੂਆ-ਛੂਤ ਹੁੰਦੀ ਸੀ। ਸਪੀਕਰ ਸਾਹਿਬ, ਉਸ ਵੇਲੇ ਦੀਆਂ ਹਕੂਮਤਾਂ ਨੇ ਬਾਬਾ ਸਾਹਿਬ ਨੂੰ ਅੰਗਰੇਜ਼ਾਂ ਦਾ ਪਿੱਠੂ ਵੀ ਕਿਹਾ ਹੈ। ਆਹ ਕਾਂਗਰਸ ਪਾਰਟੀ ਦੇ ਮੇਰੇ ਦੋਸਤ ਬੈਠੇ ਹਨ, ਇਨ੍ਹਾਂ ਦੇ ਲੀਡਰਾਂ ਨੇ ਕਿਹਾ ਸੀ ਕਿ ਉਹ ਅੰਗਰੇਜ਼ਾਂ ਦਾ ਪਿੱਠੂ ਹੈ ਲੇਕਿਨ ਬਾਬਾ ਸਾਹਿਬ ਆਪਣੀ ਗੱਲ ਤੇ ਅੜੇ ਰਹੇ, ਜਿਸ ਕਾਰਨ ਉਨ੍ਹਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਸਪੀਕਰ ਸਾਹਿਬ, ਉਹ ਇਹ ਕਾਰਵਾਂ ਇਥੇ ਤੱਕ ਸੌਖਿਆਂ ਨਹੀਂ ਲੈ ਕੇ ਆਏ। ਸਪੀਕਰ ਸਾਹਿਬ, ਆਪਾਂ ਸਿਰਫ ਬਾਬਾ ਸਾਹਿਬ ਦਾ ਦਿਹਾੜਾ ਨਾ ਮਨਾਈਏ ਸਗੋਂ ਕੋਈ ਫੈਸਲਾ ਲਈਏ ਅਤੇ ਪੰਜਾਬ ਵਿਚ ਐਜੂਕੇਸ਼ਨ ਦਾ ਮਿਆਰ ਸੁਧਾਰੀਏ। ਅਜਿਹਾ ਸਿਸਟਮ ਬਣਾਓ ਕਿ ਅਮੀਰ ਦਾ ਬੱਚਾ ਵੀ ਸਰਕਾਰੀ ਸਕੂਲ ਵਿਚ ਦਾਖਲਾ ਲਵੇ। ਸਕੂਲਾਂ ਵਿਚ ਟੀਚਰ ਪੂਰੇ ਕਰ ਦਿਓ, ਸਕੂਲ ਚੰਗੇ ਬਣਾ ਦਿਓ, ਬੱਚਿਆਂ ਨੂੰ ਨੌਕਰੀ ਦਿਓ।ਸਪੀਕਰ ਸਾਹਿਬ, ਮੰਤਰੀ ਸਾਹਿਬਾਨ ਇਥੇ ਬੈਠੇ ਹਨ। ਅੱਜ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਦਿਆਰਥੀਆਂ ਦਾ ਦਾਖਲਾ ਨਹੀਂ ਹੋ ਰਿਹਾ। ਅਸੀਂ ਹੁਣੇ ਗੁਰੂ ਨਾਨਕ ਸਾਹਿਬ ਦਾ 550 ਸਾਲਾ ਗੁਰਪੁਰਬ ਮਨਾ ਕੇ ਹਟੇ ਹਾਂ, ਜਿਨ੍ਹਾਂ ਨੇ ਗਰੀਬ-ਗੁਰਬੇ ਦੀ ਗੱਲ ਕੀਤੀ ਹੈ। ਜਿਨ੍ਹਾਂ ਨੇ ਕਿਹਾ ਕਿ ਇਕ ਇਨਸਾਨ ਤੇ ਇਕ ਭਗਵਾਨ ਪਰ ਸਪੀਕਰ ਸਾਹਿਬ, ਸਾਡੀ ਸਰਕਾਰ ਨੇ ਗਰੀਬ ਦੇ ਬੱਚਿਆਂ ਨੂੰ 1800 ਰੁਪਏ ਦਸਵੀਂ ਦੀ ਐਗਜ਼ਾਮੀਨੇਸ਼ਨ ਫੀਸ ਮੁੜ ਲਗਾ ਦਿੱਤੀ ਹੈ। ਸਾਡੀ ਸਰਕਾਰ ਪੋਸਟ ਮੈਟਰਿਕ ਸਕਾਲਰਸ਼ਿਪ ਦਾ ਪੈਸਾ ਵੀ ਨਹੀਂ ਦੇ ਰਹੀ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਸਾਰੇ ਵਿਦਿਆਰਥੀਆਂ ਕੋਲੋਂ 4300 ਰੁਪਏ ਐਗਜ਼ਾਮੀਨੇਸ਼ਨ ਫੀਸ ਵਸੂਲ ਰਹੀ ਹੈ ਜਦ ਕਿ ਪੰਜਾਬ ਯੂਨੀਵਰਸਿਟੀ 150 ਰੁਪਏ ਵਸੂਲ ਰਹੀ ਹੈ। ਸੋ, ਇਹ ਵਖਰੇਵਾਂ ਗਰੀਬ ਨਾਲ ਹੋ ਰਿਹਾ ਹੈ, ਇਸ ਨੂੰ ਬੰਦ ਕੀਤਾ ਜਾਣਾ ਚਾਹੀਦਾ ਹਨ ਨੌਜਵਾਨਾਂ ਨੂੰ ਨੌਕਰੀ ਦਿਓ ਤਾਂ ਕਿ ਉਹ ਆਪਣੇ ਪੈਰ੍ਹਾਂ ਤੇ ਖੜੇ ਹੋ ਕੇ ਚੰਗਾ ਜੀਵਨ ਨਿਰਬਾਹ ਕਰਨ। ਜੇਕਰ ਆਪਾਂ ਇਹ ਨਹੀਂ ਕਰ ਸਕਦੇ ਤਾਂ ਫਿਰ ਇਹ ਦਿਹਾੜੇ ਮਨਾਉਣ ਦਾ ਕੋਈ ਫਾਇਦਾ ਨਹੀਂ ਹੈ। ਫਿਰ ਤਾਂ ਆਰਤੀ ਕਰੋ। ਪਹਿਲਾਂ ਜਿਹੜੇ ਲੋਕ ਬਾਬਾ ਸਾਹਿਬ ਨੂੰ ਦੇਸ਼ ਦਾ ਗੱਦਾਰ ਕਹਿੰਦੇ ਸੀ, ਗਾਲ੍ਹਾਂ ਕੱਢਦੇ ਸੀ, ਅੱਜ ਉਹੀ ਲੋਕ 6 ਦਸੰਬਰ ਤੇ 14 ਅਪ੍ਰੈਲ ਨੂੰ

ਬਾਬਾ ਸਾਹਿਬ ਦੀ ਫੋਟੋ ਤੇ ਹਾਰ ਪਾਉਣ ਜਾਂਦੇ ਹਨ। ਉਹ ਲੋਕ ਜਿਹੜੇ ਕਹਿੰਦੇ ਹੁੰਦੇ ਸੀ ਕਿ ਜਿਹੜੇ ਘਰ ਵਿਚ ਬਾਬਾ ਸਾਹਿਬ ਦੀ ਫੋਟੋ ਲੱਗੀ ਹੋਵੇਗੀ ਉਸ ਘਰ ਦਾ ਅਸੀਂ ਪਾਣੀ ਨਹੀਂ ਪੀਣਾ, ਉਹ ਵੀ ਬਾਬਾ ਸਾਹਿਬ ਨੂੰ ਯਾਦ ਕਰ ਰਹੇ ਹਨ। ਸਪੀਕਰ ਸਾਹਿਬ, ਸਭ ਕੁੱਝ ਵੋਟਾਂ ਖਾਤਰ ਹੋ ਰਿਹਾ ਹੈ। ਅਜਿਹਾ ਦਿਲੋਂ ਨਹੀਂ ਹੈ, ਸਭ ਵੋਟਾਂ ਦਾ ਮਾਮਲਾ ਹੈ। ਜਦੋਂ ਔਲਾਦ ਸੁਧਰ ਜਾਵੇ ਤਾਂ ਬਾਪੂ ਦੀ ਇੱਜ਼ਤ ਹੋਣ ਲੱਗ ਜਾਂਦੀ ਹੈ। ਹੁਣ ਬਾਬਾ ਸਾਹਿਬ ਦੀ ਔਲਾਦ ਸੁਧਰ ਗਈ ਹੈ ਤਾਂ ਹੁਣ ਵਿਰੋਧੀ ਵੀ ਬਾਬਾ ਸਾਹਿਬ ਦੀ ਇੱਜ਼ਤ ਕਰਨ ਲੱਗ ਪਏ ਹਨ।ਸਪੀਕਰ ਸਾਹਿਬ, ਆਪਣਾ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ। ਇੱਥੇ ਬਰਾਬਰਤਾ ਦਾ ਸੰਦੇਸ਼ ਦਿੱਤਾ ਗਿਆ ਹੈ। ਇੱਥੇ ਸਾਡੇ ਗੁਰੂਆਂ ਨੇ, ਭਗਤਾਂ ਨੇ ਬਰਾਬਰਤਾ ਤੇ ਸਾਂਝੀਵਾਲਤਾ ਦਾ ਸੰਦੇਸ਼ ਦਿੱਤਾ ਹੈ। ਇਸ ਧਰਤੀ ਤੇ ਅਜਿਹੀਆਂ ਪਾਲਿਸੀਆਂ ਬਣਾਓ, ਜਿਸ ਨਾਲ ਸਭ ਦਾ ਫਾਇਦਾ ਹੋਵੇ। ਐਜੂਕੇਸ਼ਨ ਸਭ ਲਈ ਬਰਾਬਰ ਕਰ ਦਿਓ, ਮੁਫਤ ਕਰ ਦਿਓ ਤਾਂ ਹੀ ਫਾਇਦਾ ਹੈ ਨਹੀਂ ਤਾਂ ਦਿਹਾੜਾ ਤਾਂ ਅਸੀਂ ਗੁਰੂ ਨਾਨਕ ਸਾਹਿਬ ਦਾ ਵੀ ਮਨਾ ਲਿਆ ਹੈ ਤੇ ਹੁਣ ਅਸੀਂ ਸੰਵਿਧਾਨ ਦਿਵਸ ਮਨਾ ਰਹੇ ਹਾਂ ਪਰ ਸੰਵਿਧਾਨ ਨੂੰ ਲਾਗੂ ਕਰਨ ਵਾਲੇ ਕਿੱਥੇ ਹਨ। ਅੱਜ ਕੁਰੱਪਸ਼ਨ ਜ਼ੋਰਾਂ ਤੇ ਹੈ, ਹਰ ਪਾਸੇ ਡਿਸਕਰੀਮੀਨੇਸ਼ਨ ਹੋ ਰਹੀ ਹੈ। ਇਸ ਤੇ ਨੱਥ ਪਾਓ ਤਾਂ ਹੀ ਫਾਇਦਾ ਹੈ। ਹੁਣੇ ਸਾਡੇ ਖਜ਼ਾਨਾ ਮੰਤਰੀ ਜੀ ਬੋਲ ਕੇ ਹਟੇ ਹਨ, ਉਨ੍ਹਾਂ ਨੇ ਵੀ ਬਹੁਤ ਚੰਗੀਆਂ ਗੱਲਾਂ ਕੀਤੀਆਂ ਹਨ। ਮੈਂ ਉਨ੍ਹਾਂ ਨੂੰ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਘੱਟੋ ਘੱਟ ਜਿਥੇ ਗਰੀਬ ਦੀ ਐਜੂਕੇਸ਼ਨ ਦੀ ਗੱਲ ਹੈ, ਗਰੀਬ ਦੀ ਨੌਕਰੀ ਦੀ ਗੱਲ ਹੈ, ਉਸਦੇ ਰਹਿਣ ਸਹਿਣ ਦੀ ਗੱਲ ਹੈ, ਉਥੇ ਸਰਕਾਰ ਨੂੰ ਖਜ਼ਾਨੇ ਦਾ ਮੂੰਹ ਖੋਲਣਾ ਚਾਹੀਦਾ ਹੈ। ਅੱਜ ਆਪਾਂ 6-7 ਮੰਤਰੀ ਬਣਾ ਲਏ ਲੇਕਿਨ ਗਰੀਬ ਨੂੰ ਕੁਝ ਨਹੀਂ ਮਿਲਿਆ। ਆਪਾਂ ਕਿਹੜਾ ਸੰਵਿਧਾਨ ਦਿਵਸ ਮਨਾ ਰਹੇ ਹਾਂ, ਆਪਾਂ ਤਾ ਸਿਰਫ ਜੁਗਾੜ ਕਰ ਰਹੇ ਹਾਂ। ਇਹ ਢੋਂਗ ਸਰਕਾਰ ਨੂੰ ਬੰਦ ਕਰਨਾ ਚਾਹੀਦਾ ਹੈ। ਜੇਕਰ ਸਰਕਾਰ ਵਿਚ ਦਮ ਹੈ ਤਾਂ ਜਗਮੇਲ ਸਿੰਘ ਦੇ ਕੇਸ ਨੂੰ ਫਾਸਟ ਟਰੈਕ ਤੇ ਲਗਾ ਕੇ ਤਿੰਨ ਮਹੀਨਿਆਂ ਵਿਚ ਫਾਂਸੀ ਦੀ ਸਜ਼ਾ ਸੁਣਾਓ। ਪੈਸਾ ਤਾਂ ਨੈਸ਼ਨਲ ਐਸ.ਸੀ.ਕਮਿਸ਼ਨ ਨੇ ਦੇਣਾ ਹੈ, ਤੁਸੀਂ ਕੁਝ ਨਹੀਂ ਦਿੱਤਾ ਹੈ। ਨੌਕਰੀ ਦਾ ਲਾਰਾ ਲਗਾ ਦਿੱਤਾ। ਇਸ ਤਰ੍ਹਾਂ ਫਗਵਾੜੇ ਵਿੱਚ ਵੀ ਇੱਕ ਮੁੰਡਾ ਮਾਰਿਆ ਗਿਆ ਸੀ, ਉਸ ਦੇ ਪਰਿਵਾਰ ਨੂੰ ਵੀ ਨੌਕਰੀ ਅਤੇ ਪੈਸਿਆਂ ਦਾ ਲਾਰਾ ਲੱਗ ਗਿਆ। ਅੰਮ੍ਰਿਤਸਰ ਦੇ ਬੱਗੇ ਪਿੰਡ ਵਿੱਚ ਵੀ ਇਹੀ ਹੋਇਆ ਸੀ, ਮੱਥੇ ਤੇ ਜਾਤੀ ਦਾ ਨਾਮ ਲਿਖ ਦਿੱਤਾ। ਉਥੇ ਵੀ ਕੁਝ ਨਹੀਂ ਹੋਇਆ, ਬਾਅਦ ਵਿੱਚ ਪੁਲਿਸ ਰਾਜ਼ੀਨਾਮੇ ਕਰਵਾ ਦਿੰਦੀ ਹੈ, ਅਫਸਰਾਂ ਦਾ ਪ੍ਰੈਸ਼ਰ ਪੈ ਜਾਂਦਾ ਹੈ, ਇਹ ਨਹੀਂ ਹੋਣਾ ਚਾਹੀਦਾ ਹੈ। ਕਹਿਣ ਨੂੰ ਤਾਂ ਆਪਾਂ ਸਾਰੇ ਇੱਕ ਹਾਂ ਪਰ ਆਰਥਿਕ ਤੌਰ ਤੇ ਬਹੁਤ ਵੱਡੀ ਗੈਰ ਬਰਾਬਰਤਾ ਹੈ ਅਤੇ ਉਹ ਵੱਧ ਰਹੀ ਹੈ। ਹਕੂਮਤਾਂ ਅਤੇ ਸਰਕਾਰਾਂ ਨੂੰ ਧਿਆਨ ਦੇਣਾ ਪਵੇਗਾ। ਕੁਰੱਪਸ਼ਨ ਬੰਦ ਕਰਨੀ ਪਵੇਗੀ। ਮੈਂ, ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਇਹ ਦਿਨ ਮਨਾਇਆ ਹੈ। ਇਹ ਮਹਿਜ਼ ਇੱਕ ਆਰਤੀ ਵਜੋਂ ਨਾ ਮਨਾਇਆ ਜਾਵੇ ਕਿ ਚਲੋ ਮਨਾ ਲਿਆ ਹੁਣ ਸਭ ਦੀਆਂ ਜ਼ਿੰਮੇਵਾਰੀਆਂ ਖਤਮ ਹੋ ਗਈਆਂ । ਧੰਨਵਾਦ ।

**ਮਾਨਯੋਗ ਸਪੀਕਰ :** ਧੰਨਵਾਦ ਜੀ।

**WELCOME ANNOUNCEMENT BY THE SPEAKER**

**Mr. Speaker :** It is my pleasure to inform the House that Mr. Andre Aranha Correa do Lago, Hon'ble Ambassador of Brazil in India, is present in the Governor Box to watch the proceedings of the House. We heartily welcome him and his spouse. (Thumping)

**OFFICIAL RESOLUTION REG. NATIONWIDE CELEBRATIONS OF THE CONSTITUTION DAY TO COMMEMORATE THE ADOPTION OF THE CONSTITUTION OF INDIA AND TO PAY TRIBUTES TO BABA SAHEB DR. BHIMRAO AMBEDKAR AND OTHER FOUNDING FATHERS OF THE CONSTITUTION *(Resumption)***

**ਮਾਨਯੋਗ ਸਪੀਕਰ:** ਹਾਂ ਜੀ, ਸਰਦਾਰ ਚਰਨਜੀਤ ਸਿੰਘ ਚੰਨੀ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ (ਸਰਦਾਰ ਚਰਨਜੀਤ ਸਿੰਘ ਚੰਨੀ):** ਪਰਮ ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਹੁਤ ਹੀ ਮੱਹਤਵਪੂਰਨ ਮੌਕੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਸਭ ਤੋਂ ਪਹਿਲਾਂ ਆਪ ਜੀ ਨੂੰ ਅਤੇ ਸਾਰੇ ਸਦਨ ਨੂੰ ਸੰਵਿਧਾਨ ਦਿਵਸ ਦੇ ਮੌਕੇ ਤੇ ਬਹੁਤ ਬਹੁਤ ਵਧਾਈ ਦਿੰਦਾ ਹਾਂ। ਇਸ ਤੋਂ ਪਹਿਲਾਂ ਕਿ ਮੈਂ ਆਪਣੀ ਗੱਲ ਸ਼ੁਰੂ ਕਰਾਂ, ਮੈਂ ਸਦਨ ਨੂੰ ਇੱਕ ਹੋਰ ਵਧਾਈ ਦੇਣਾ ਚਾਹੁੰਦਾ ਹਾਂ ਕਿ ਸ਼੍ਰੀ ਗੁਰੂ ਨਾਨਕ ਸਾਹਿਬ ਜੀ ਦਾ 550ਵਾਂ ਪ੍ਰਕਾਸ਼ ਦਿਵਸ ਬਹੁਤ ਹੀ ਸ਼ਾਨਦਾਰ ਤਰੀਕੇ ਦੇ ਨਾਲ, ਪੂਰੀ ਸ਼ਰਧਾ ਦੇ ਨਾਲ, ਪੂਰੀ ਸ਼ਾਨੋ-ਸ਼ੌਕਤ ਦੇ ਨਾਲ ਸੰਗਤਾਂ ਨੂੰ ਨਾਲ ਲੈ ਕੇ ਮਾਨਯੋਗ ਮੁੱਖ ਮੰਤਰੀ ਤੇ ਪੰਜਾਬ ਸਰਕਾਰ ਵੱਲੋਂ ਮਨਾਇਆ ਗਿਆ ਹੈ। ਮੁੱਖ ਮੰਤਰੀ ਜੀ ਨੇ ਜੋ ਯੋਗਦਾਨ ਪਾਇਆ ਹੈ ਅਤੇ ਇਹ ਬੜੇ ਵੱਡੇ ਪੱਧਰ ਤੇ ਸਰਕਾਰ ਵੱਲੋਂ ਮਨਾਇਆ ਗਿਆ ਹੈ, ਉਸ ਲਈ ਮੈਂ ਧੰਨਵਾਦ ਕਰਦਾ ਹਾਂ। ਗੁਰੂ ਸਾਹਿਬ ਦੀ ਬਾਣੀ ਹੈ:

।।ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ।।

ਪਰਮਾਤਮਾ ਨੇ ਆਪ ਬਾਹ ਫੜ੍ਹ ਕੇ ਇਹ ਵੱਡੇ ਕਾਰਜ ਕਰਵਾਏ ਹਨ। ਇਸ ਲਈ ਮੈਂ ਉਨ੍ਹਾਂ ਦਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ। ਸਪੀਕਰ ਸਾਹਿਬ, ਸੰਵਿਧਾਨ ਦਿਵਸ ਬਾਰੇ ਮੈਂਬਰਾਂ ਨੇ ਪਹਿਲਾਂ ਹੀ ਕਾਫੀ ਕਿਹਾ ਹੈ। 26 ਨਵੰਬਰ, 1949 ਨੂੰ Constituent Assembly ਵੱਲੋਂ ਭਾਰਤ ਦਾ ਸੰਵਿਧਾਨ ਅਡਾਪਟ ਕੀਤਾ ਗਿਆ। ਜਿਹੜੀਆਂ ਗੱਲਾਂ ਪਹਿਲਾਂ ਹੋ ਚੁੱਕੀਆਂ ਹਨ, ਉਹ ਮੈਂ ਦੁਬਾਰਾ ਰਿਪੀਟ ਨਹੀਂ

Under Print
Not for Legal/Official use

ਕਰਨਾ ਚਾਹੁੰਦਾ। Constituent Assembly ਬਾਰੇ ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਕਾਫੀ ਕੁਝ ਬੋਲ ਚੁੱਕੇ ਹਨ। ਜਿਸ ਦੇ ਵਿੱਚ 389 ਮੈਂਬਰ ਸਨ। ਸਪੀਕਰ ਸਾਹਿਬ, ਅੱਜ ਦੇਸ਼ ਵਿੱਚ ਸਰਵਉੱਚ constitution ਹੈ, ਜੇਕਰ ਮੈਂ ਅੱਜ ਆਪਣੇ ਬਾਰੇ ਕਹਾਂ ਕਿ ਜੇ ਮੈਂ ਅੱਜ ਇਸ ਸਦਨ ਦੇ ਵਿੱਚ ਖੜ੍ਹਾ ਹਾਂ ਤਾਂ ਸਿਰਫ ਤੇ ਸਿਰਫ ਸੰਵਿਧਾਨ ਲਾਗੂ ਹੋਣ ਕਾਰਨ ਮੈਨੂੰ ਇਥੇ ਆਉਣ ਦਾ ਮੌਕਾ ਮਿਲਿਆ ਹੈ। ਇਸ ਕਰਕੇ ਮੇਰੇ ਵਾਸਤੇ ਜਿਸ ਤਰ੍ਹਾਂ ਮੇਰੇ ਗੁਰੂ ਹਨ, ਉਸੇ ਤਰੀਕੇ ਦੇ ਨਾਲ ਸੰਵਿਧਾਨ ਹੈ। ਜਿਸ ਨੇ ਇੱਕ ਗਰੀਬ ਪਰਿਵਾਰ ਵਿੱਚ ਪੈਦਾ ਹੋਣ ਦੇ ਬਾਵਜੂਦ ਰਿਜ਼ਰਵੇਸ਼ਨ ਦੀ ਪਾਲਿਸੀ ਦੇ ਤਹਿਤ ਮੈਨੂੰ ਮੌਕਾ ਦਿੱਤਾ ਹੈ। ਮੈਂ ਪਹਿਲਾਂ ਐਮ.ਐਲ.ਏ ਬਣਿਆ, ਫਿਰ ਲੀਡਰ ਆਫ ਆਪੋਜੀਸ਼ਨ ਬਣਿਆ ਤੇ ਅੱਜ ਮੰਤਰੀ ਬਣਿਆ ਹਾਂ। ਇਹ ਸਿਰਫ ਇਸ ਕਰਕੇ ਹੈ ਕਿਉਂਕਿ ਸੰਵਿਧਾਨ ਵਿੱਚ ਸਾਨੂੰ ਮੌਕਾ ਮਿਲਿਆ ਤੇ ਸੰਵਿਧਾਨ ਸਾਡੇ ਲਈ ਪੂਜਣਯੋਗ ਹੈ। ਮੇਰਾ ਪਰਿਵਾਰ, ਸਾਡੀ ਕੌਮ, ਸਾਡੇ ਗਰੀਬ ਲੋਕ ਇਸ ਸੰਵਿਧਾਨ ਦੇ ਹਮੇਸ਼ਾ ਮੁਦੱਈ ਰਹਿਣਗੇ, ਜਿਸ ਨੇ ਦੇਸ਼ ਵਿੱਚ ਬਰਾਬਰਤਾ ਦੀ ਗੱਲ ਕੀਤੀ ਹੈ ਤੇ ਗਰੀਬ ਤੇ ਲਿਤਾੜੇ ਹੋਏ ਲੋਕਾਂ ਨੂੰ ਉੱਪਰ ਚੁੱਕ ਕੇ ਦੂਸਰਿਆਂ ਦੇ ਬਰਾਬਰ ਤੱਕ ਖਿੱਚਣ ਦੀ ਕੋਸ਼ਿਸ਼ ਕੀਤੀ ਹੈ। ਇਸ ਦੇ ਨਿਰਮਾਤਾ ਬੀ.ਆਰ. ਅੰਬੇਦਕਰ ਜੀ ਇੱਕ ਬਹੁਤ ਹੀ ਗਰੀਬ ਪਰਿਵਾਰ ਵਿੱਚੋਂ ਸੀ, ਦਲਿਤ ਪਰਿਵਾਰ ਵਿੱਚੋਂ ਸੀ। ਉਨ੍ਹਾਂ ਦੇ ਪਿਤਾ ਰਾਮਾ ਜੀ ਮਾਲੋ ਜੀ ਸਕਪਾਲ ਤੇ ਮਾਤਾ ਭੀਮਾ ਬਾਈ ਰਾਮਾ ਜੀ ਸਕਪਾਲ ਸਨ। ਮੈਂ ਇਹ ਕਹਿ ਸਕਦਾ ਹਾਂ ਕਿ ਉਹ ਅੱਜ ਵੀ ਹਿੰਦੁਸਤਾਨ ਦੇ ਸਭ ਤੋਂ ਵੱਧ ਪੜ੍ਹੇ ਹੋਏ ਲੋਕਾਂ ਵਿੱਚੋਂ ਸੀ। ਜੇ ਤੁਸੀਂ ਮੈਨੂੰ ਇਜਾਜ਼ਤ ਦਿਓ ਤਾਂ ਮੈਂ ਉਨ੍ਹਾਂ ਦੀ ਕੁਆਲੀਫਿਕੇਸ਼ਨ ਪੜ੍ਹਾਂ।

**ਮਾਨਯੋਗ ਸਪੀਕਰ :** ਅੱਜ ਤਾਂ ਗੱਲ ਹੀ ਉਨ੍ਹਾਂ ਦੀ ਹੋ ਰਹੀ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਉਨ੍ਹਾਂ ਨੇ ਬੀ.ਏ. 1913 ਵਿੱਚ ਕੀਤੀ, ਐਮ.ਏ. ਦੋ ਵਾਰ ਕੀਤੀ 1915 ਤੇ 1916 ਵਿੱਚ, ਪੀ.ਐਚ.ਡੀ. 1916 ਵਿੱਚ ਸ਼ੁਰੂ ਕੀਤੀ, ਜੋ ਕਿ 1927 ਵਿੱਚ ਉਨ੍ਹਾਂ ਨੂੰ ਮਿਲੀ, ਐਮ.ਐਸ.ਸੀ. 1921 ਵਿੱਚ ਕੀਤੀ, ਬੈਰਿਸਟਰ ਆਫ ਲਾਅ 1922 ਵਿੱਚ ਬਣੇ, ਡੀ.ਸਾਇੰਸ 1923 ਵਿੱਚ, ਐਲ.ਐਲ.ਡੀ. 1952 ਵਿੱਚ ਅਤੇ ਡੀ.ਲਿਟ 1953 ਵਿੱਚ ਕੀਤੀ। ਇੰਨੀਆਂ ਜ਼ਿਆਦਾ ਡਿਗਰੀਆਂ, ਇੰਨੀ ਜ਼ਿਆਦਾ ਪੜ੍ਹਾਈ ਅਤੇ ਹਰ ਪੜ੍ਹਾਈ ਉਨ੍ਹਾਂ ਨੇ ਮੈਰਿਟ ਵਿੱਚ ਆ ਕੇ ਕੀਤੀ ਹੈ। ਇੰਨੇ ਹੋਣਹਾਰ ਆਗੂ ਨੇ ਸਾਡਾ ਸੰਵਿਧਾਨ ਲਿਖਿਆ ਹੈ ਔਰ ਡਾ. ਬੀ.ਆਰ. ਅੰਬੇਦਕਰ ਜੀ ਸਾਡੇ ਸੰਵਿਧਾਨ ਦੀ ਰੂਹ ਹਨ। ਲੇਕਿਨ ਮੈਂ ਇੱਥੇ ਇਹ ਵੀ ਕਹਿਣਾ ਚਾਹਾਂਗਾ ਕਿ ਜੋ ਡਾ. ਅੰਬੇਦਕਰ ਕਰ ਗਏ ਹਨ, ਉਹ ਨਾ ਪਹਿਲਾਂ ਕਦੇ ਹੋਇਆ ਹੈ ਤੇ ਨਾ ਹੀ ਅੱਗੇ ਹੋਣ ਦੀ ਉਮੀਦ ਹੈ। ਉਸ ਕਰਕੇ ਹੀ ਅੱਜ ਸਾਡਾ ਸੰਵਿਧਾਨ ਇੰਨੇ ਲੰਮੇ ਸਮੇਂ ਤੱਕ ਚੱਲ ਸਕਿਆ ਹੈ ਕਿਉਂਕਿ ਉਨ੍ਹਾਂ ਨੇ ਬੜੀ ਦੂਰਅੰਦੇਸ਼ੀ ਨਾਲ ਬਾਕੀ ਸਾਰੇ ਦੇਸ਼ਾਂ ਦੇ ਸੰਵਿਧਾਨ ਨੂੰ ਪੜ੍ਹ ਕੇ ਸਾਡਾ ਸੰਵਿਧਾਨ ਬਣਾਇਆ ਹੈ। ਲੇਕਿਨ ਜਿੱਥੇ ਅੰਬੇਦਕਰ ਸਾਹਿਬ ਸੰਵਿਧਾਨ ਦੀ ਰੂਹ ਹਨ ਉੱਥੇ ਜੇ ਕਿਸੇ ਨੂੰ ਆਤਮਾ ਕਹਿਣਾ ਹੋਵੇ ਤਾਂ ਉਹ ਜਵਾਹਰ ਲਾਲ ਨਹਿਰੂ ਹਨ, ਕਾਂਗਰਸ ਪਾਰਟੀ ਹੈ।

Under Print
Not for Legal/Official use

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਬੈਠੇ-ਬੈਠੇ ਬਿਨਾਂ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਪਲੀਜ਼ ਇੱਧਰ ਧਿਆਨ ਦਿਓ। ਕੋਈ ਨਹੀਂ। ਰਨਿੰਗ ਕਮੈਂਟਰੀ ਨਾ ਕਰੋ, ਟੀਨੂ ਜੀ, ਤੁਸੀਂ ਬੋਲ ਲਏ ਹੋ, ਹੁਣ ਰਨਿੰਗ ਕਮੈਂਟਰੀ ਨਾ ਕਰੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਮੈਂ ਅੱਜ ਮੰਤਰੀ ਹਾਂ, ਮੈਂ ਕੋਈ ਕੰਮ ਕਰਨਾ ਹੋਵੇ, ਕੋਈ ਕਾਨੂੰਨ ਲਿਆਉਣਾ ਹੋਵੇ ਤਾਂ ਮੈਂ ਮੁੱਖ ਮੰਤਰੀ ਦੀ ਮਰਜ਼ੀ ਤੋਂ ਬਿਨਾਂ ਨਹੀਂ ਲਿਆ ਸਕਦਾ। ਮੈਂ ਕੋਈ ਕਾਨੂੰਨ ਲਿਆਉਣਾ ਹੋਵੇ ਤਾਂ ਜਿਹੜੇ ਮੇਰੇ ਕੈਬਨਿਟ ਦੇ ਕੁਲੀਗ ਹਨ ਜੇ ਉਨ੍ਹਾਂ ਦੀ ਮੈਜੋਰਿਟੀ ਮੇਰੇ ਨਾਲ ਨਾ ਹੋਵੇ ਤਾਂ ਮੈਂ ਉਹ ਨਹੀਂ ਲੈ ਕੇ ਆ ਸਕਦਾ ਹਾਂ ਤੇ ਫਿਰ ਜੇ ਸਾਰੇ ਮੈਂਬਰ ਇੱਥੇ ਆ ਕੇ ਸਾਥ ਨਾ ਦੇਣ ਤਾਂ ਉਹ ਕਾਨੂੰਨ ਨਹੀਂ ਬਣ ਸਕਦਾ। ਇਹ ਸੋਚ ਸਾਡੇ ਬੀ.ਆਰ. ਅੰਬੇਦਕਰ ਜੀ ਦੀ ਸੀ ਤੇ ਉਨ੍ਹਾਂ ਦੀ ਸੋਚ ਨੂੰ ਜਿਨ੍ਹਾਂ ਨੇ ਨਾਲ ਹੋ ਕੇ ਇੰਪਲੀਮੈਂਟ ਕੀਤਾ ਉਹ ਜਵਾਹਰ ਲਾਲ ਨਹਿਰੂ ਤੇ ਕਾਂਗਰਸ ਪਾਰਟੀ ਸੀ ਕਿਉਂਕਿ ਕੰਸਟੀਚੂਏਂਟ ਅਸੈਂਬਲੀ ਵਿੱਚ ਕਾਂਗਰਸ ਪਾਰਟੀ ਦੇ ਮੈਜੋਰਿਟੀ ਮੈਂਬਰ ਸਨ। ਕਾਂਗਰਸ ਨੂੰ ਵੀ ਓਨਾ ਹੀ ਸ਼੍ਰੇਅ ਜਾਂਦਾ ਹੈ ਤੇ ਓਨਾ ਹੀ ਸ਼੍ਰੇਅ ਜਵਾਹਰ ਲਾਲ ਨਹਿਰੂ ਜੀ ਨੂੰ ਜਾਂਦਾ ਹੈ ਜਿਨ੍ਹਾਂ ਨੇ ਇਸ ਕੰਸਟੀਚਿਊਸ਼ਨ ਨੂੰ ਨਾਲ ਹੋ ਕੇ ਬਣਾਇਆ ਅਤੇ ਹਰ ਗੱਲ ਵਿੱਚ ਬੀ.ਆਰ.ਅੰਬੇਦਕਰ ਜੀ ਦੇ ਨਾਲ ਸਹਿਮਤ ਹੋ ਕੇ ਕੰਸਟੀਚਿਊਸ਼ਨ ਨੂੰ ਪੂਰਾ ਰੂਪ ਦਿੱਤਾ ਔਰ 26 ਨਵੰਬਰ, 1949 ਨੂੰ ਇਸ ਨੂੰ ਅਡਾਪਟ ਕੀਤਾ। ਇਸ ਲਈ ਇਹ ਸਾਰਾ ਸ਼੍ਰੇਅ ਅੰਬੇਦਕਰ ਜੀ, ਉਨ੍ਹਾਂ ਦੀ ਟੀਮ, ਕੰਸਟੀਚੂਏਂਟ ਅਸੈਂਬਲੀ ਤੇ ਖਾਸ ਤੌਰ ਤੇ ਜਵਾਹਰ ਲਾਲ ਨਹਿਰੂ ਜੀ, ਜਿਹੜੇ ਕਿ ਉਸ ਸਮੇਂ ਦੇ ਲੀਡਰ ਸੀ, ਉਨ੍ਹਾਂ ਨੂੰ ਵੀ ਜਾਂਦਾ ਹੈ। ਸਪੀਕਰ ਸਾਹਿਬ, 26 ਨਵੰਬਰ ਨੂੰ ਕੰਸਟੀਚਿਊਸ਼ਨ ਅਡਾਪਟ ਕੀਤਾ ਗਿਆ ਤੇ 25 ਤਰੀਕ ਨੂੰ ਅੰਬੇਦਕਰ ਸਾਹਿਬ ਨੇ constituent assembly ਵਿੱਚ ਆਪਣਾ ਲਾਸਟ ਭਾਸ਼ਣ ਦਿੱਤਾ ਸੀ। ਉਸ ਦਿਨ ਉਨ੍ਹਾਂ ਨੇ ਖਦਸ਼ੇ ਜ਼ਾਹਿਰ ਕੀਤੇ ਸੀ ਕਿ ਇਹ ਜਿਹੜਾ ਅਸੀਂ ਸੰਵਿਧਾਨ ਦੇ ਰਹੇ ਹਾਂ, ਇਹ ਇਕੱਲਾ ਕਿਤਾਬ ਨਹੀਂ ਹੈ। ਜੇ ਇਹ ਸੰਵਿਧਾਨ ਸਦੀਵੀ ਚਲਾਉਣਾ ਹੈ ਤਾਂ ਇਹ ਜ਼ਿਆਦਾ ਡਿਪੈਂਡ ਉਨ੍ਹਾਂ ਲੋਕਾਂ ਤੇ ਕਰੇਗਾ ਜਿਨ੍ਹਾਂ ਨੇ ਇਸ ਨੂੰ ਇੰਪਲੀਮੈਂਟ ਕਰਨਾ ਹੈ। ਉਦੋਂ ਤੋਂ ਲੈ ਕੇ ਅੱਜ ਤੱਕ ਦੇ ਜਿੰਨੇ ਵੀ ਲੀਡਰ ਸਾਹਿਬਾਨ, ਵਿਧਾਨ ਸਭਾਵਾਂ, ਪਾਰਲੀਮੈਂਟਾਂ ਰਹੀਆਂ ਹਨ, ਇਹ ਉਨ੍ਹਾਂ ਤੇ ਡਿਪੈਂਡ ਕਰਦਾ ਹੈ ਕਿ ਸਾਡਾ ਸੰਵਿਧਾਨ ਅੱਗੇ ਕਦੋਂ ਤੱਕ ਚਲੇਗਾ। ਸੋ, ਇਹ ਸਾਡੀ ਜ਼ਿੰਮੇਵਾਰੀ ਹੈ, ਸਰਕਾਰਾਂ ਦੀ ਜ਼ਿੰਮੇਵਾਰੀ ਹੈ, ਲੀਡਰਾਂ ਦੀ ਜ਼ਿੰਮੇਵਾਰੀ ਹੈ ਕਿ ਇਸ ਨੂੰ ਟਰੂ-ਸਪਿਰਿਟ ਦੇ ਵਿੱਚ ਲਾਗੂ ਕਰਦੇ ਰਹਿਣ, ਇਸ ਦੀ ਭਾਵਨਾ ਨੂੰ ਸਮਝਣ ਤਾਂ ਕਿ ਸਾਡਾ ਸੰਵਿਧਾਨ ਲੰਮੇ ਸਮੇਂ ਤੱਕ ਚੱਲ ਸਕੇ। ਇਸ ਦੇ ਨਾਲ ਹੀ ਜਿੱਥੇ ਇਹ ਕਿਹਾ ਸੀ ਕਿ ਜਿਹੜੇ ਬੰਦੇ ਇਸ ਨੂੰ ਲਾਗੂ ਕਰਨਗੇ, ਉਨ੍ਹਾਂ ਦੀ ਜ਼ਿੰਮੇਵਾਰੀ ਬਣੇਗੀ, ਉਨ੍ਹਾਂ ਦੇ ਕਿਰਦਾਰ ਤੇ ਦੇਖਿਆ ਜਾਵੇਗਾ ਕਿ ਕਿੰਨੀ ਦੇਰ ਚੱਲਦਾ ਹੈ। ਉਸੇ ਤਰ੍ਹਾਂ ਉਨ੍ਹਾਂ ਨੇ ਇਹ ਵੀ ਕਿਹਾ ਸੀ ਕਿ ਜਿਹੜੀ ਹੀਰੋ-ਵਰਸ਼ਿਪ ਜਾਂ ਕਿਸੇ ਬੰਦੇ ਦੀ ਭਗਤੀ ਹੈ,

ਇਹ ਵੀ ਠੀਕ ਨਹੀਂ ਹੈ, ਇਹ ਡਿਕਟੇਟਰਸ਼ਿਪ ਵੱਲ ਨੂੰ ਲੈ ਜਾਵੇਗੀ। ਇੱਕੋ ਬੰਦੇ ਦੇ ਜ਼ਿਆਦਾ ਭਗਤ ਨਾ ਬਣੋ ਕਿਤੇ ਉਹ ਤੁਹਾਨੂੰ ਡਿਕਟੇਟਰਸ਼ਿਪ ਵੱਲ ਨਾ ਲੈ ਜਾਵੇ। ਇਹ ਉਨ੍ਹਾਂ ਨੇ ਉਦੋਂ ਹੀ ਕਹਿ ਦਿੱਤਾ ਸੀ। (ਵਿਘਨ) ਕੋਈ ਨਹੀਂ ਬੋਲ ਲਿਉ, ਤੁਸੀਂ ਬੋਲਣਾ ਹੀ ਹੈ, ਵੀਰ ਜੀ। ਮੈਂ ਤੁਹਾਨੂੰ ਰੋਕਦਾ ਨਹੀਂ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਸਰ, ਇੱਕ ਮਿੰਟ ਜੀ। ਮੈਨੂੰ ਇਸ ਗੱਲ ਦੀ ਵੀ ਬੜੀ ਖੁਸ਼ੀ ਹੁੰਦੀ ਹੈ ਕਿ ਮੈਂ ਸਿੱਖ ਧਰਮ ਵਿੱਚ ਪੈਦਾ ਹੋਇਆ ਤੇ ਅੰਬੇਦਕਰ ਸਾਹਿਬ ਨੇ ਸਿੱਖ ਧਰਮ ਨੂੰ ਬਹੁਤ ਪਿਆਰ ਕੀਤਾ ਹੈ। ਇੱਥੋਂ ਤੱਕ ਕਿ ਉਹ ਆਪਣੇ ਸਾਰੇ ਸਾਥੀਆਂ ਨੂੰ ਨਾਲ ਲੈ ਕੇ ਸਿੱਖ ਧਰਮ ਐਡਾਪਟ ਕਰਨਾ ਚਾਹੁੰਦੇ ਸੀ। ਇਹ ਇਤਿਹਾਸ ਦੀ ਗੱਲ ਹੈ, ਕਿਤਾਬਾਂ ਵਿੱਚ ਲਿਖਿਆ ਹੋਇਆ ਹੈ ਤੇ ਇਹ ਵੀ ਹੋਇਆ ਕਿ ਉਸ ਸਮੇਂ ਦੇ ਸ਼੍ਰੋਮਣੀ ਅਕਾਲੀ ਦਲ ਨੇ ਉਨ੍ਹਾਂ ਨੂੰ ਸਿੱਖ ਧਰਮ ਅਡਾਪਟ ਨਹੀਂ ਕਰਨ ਦਿੱਤਾ। (ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ।) (ਵਿਘਨ...ਸ਼ੋਰ)

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਹੈ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਇਹ ਨਾ ਕਰੋ, ਇਹ ਨਾ ਕਰੋ। ਚੰਨੀ ਜੀ, ਚੰਨੀ ਜੀ, ਅੱਜ ਦਾ ਦਿਨ ਨਹੀਂ ਹੈ। ਚੰਨੀ ਜੀ, ਅੱਜ ਨੁਕਤਾਚੀਨੀ ਦਾ ਦਿਨ ਨਹੀਂ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਨਹੀਂ ਸਰ, ਮੈਂ ਨੁਕਤਾਚੀਨੀ ਨਹੀਂ ਕਰ ਰਿਹਾ।

**ਮਾਨਯੋਗ ਸਪੀਕਰ :** ਨਹੀਂ, ਨੁਕਤਾਚੀਨੀ ਨਹੀਂ ਕਰਨੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਰ, ਮੈਂ ਹਿਸਟਰੀ ਨੂੰ ਬਿਆਨ ਕਰ ਰਿਹਾ ਹਾਂ।

**ਮਾਨਯੋਗ ਸਪੀਕਰ:** ਨਹੀਂ, ਨੁਕਤਾਚੀਨੀ ਦਾ ਦਿਨ ਨਹੀਂ ਹੈ। ਨੁਕਤਾਚੀਨੀ ਦਾ ਦਿਨ ਨਹੀਂ ਹੈ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਪਰਮਿੰਦਰ ਸਿੰਘ ਢੀਂਡਸਾ, ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ ਅਤੇ ਸ਼੍ਰੀ ਪਵਨ ਕੁਮਾਰ ਟੀਨੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਕੁਝ ਬੋਲ ਰਹੇ ਸਨ ਪਰ ਮਾਈਕ ਬੰਦ ਹੋਣ ਕਰਕੇ ਕੁਝ ਸੁਣਾਈ ਨਹੀਂ ਦੇ ਰਿਹਾ ਸੀ।) (ਵਿਘਨ..ਸ਼ੋਰ)

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਰ, ਮੈਂ ਹਿਸਟਰੀ ਪੜ੍ਹ ਰਿਹਾ ਹਾਂ। ਇਹ ਗੱਲ ਮੈਂ ਪਿਛਲੀ ਵਾਰੀ ਵਿਧਾਨ ਸਭਾ ਦੇ ਵਿੱਚ ਕਹੀ ਸੀ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਚੰਦੂਮਾਜਰਾ ਜੀ ਤੁਸੀਂ ਜਦੋਂ ਬੋਲਣਾ ਹੈ, ਉਦੋਂ ਗੱਲ ਕਰ ਲਿਉ। ਬੈਠੋ, ਪਲੀਜ਼ ਬੈਠੋ। ਚੰਦੂਮਾਜਰਾ ਜੀ, ਜਦੋਂ ਤੁਸੀਂ ਬੋਲਣਾ ਹੈ, ਉਦੋਂ ਗੱਲ ਕਰ ਲਿਉ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ: :** ਇਹ ਗੱਲ ਮੈਂ ਪਿਛਲੀ ਵਾਰੀ ਲੀਡਰ ਆਫ ਦਿ ਆਪੋਜੀਸ਼ਨ ਹੁੰਦੇ ਹੋਏ ਵਿਧਾਨ ਸਭਾ ਦੇ ਵਿੱਚ ਕਹੀ ਸੀ। ਜਦੋਂ ਮੈਂ ਇਹ ਗੱਲ ਵਿਧਾਨ ਸਭਾ ਵਿੱਚ ਕਹੀ ਤਾਂ ਇਹ ਇਸੇ ਤਰ੍ਹਾਂ ਖੜ੍ਹੇ ਹੋਏ ਸੀ। ਅਲਟੀਮੇਟਲੀ ਰੌਲਾ ਪੈ ਗਿਆ ਫਿਰ ਪਿਛਲੇ ਸਪੀਕਰ ਸਾਹਿਬ ਜਿਹੜੇ ਆਪ ਵੀ ਅੰਬੇਦਕਰ ਜੀ ਨੂੰ ਮੰਨਦੇ ਸੀ, ਗਰੀਬ ਕਮਿਊਨਟੀ ਤੋਂ ਸਨ, ਇਹ ਉਨ੍ਹਾਂ ਦੇ ਕੈਬਿਨ ਵਿੱਚ ਗਏ ਕਿ ਤੁਸੀਂ ਦੱਸੋ ਅਸਲੀਅਤ ਕੀ ਹੈ। ਉਹ ਕਹਿੰਦੇ ਬੈਠ ਜਾਓ ਚੁੱਪ ਕਰਕੇ, ਅਸਲੀਅਤ ਇਹੀ ਹੈ। (ਵਿਘਨ..ਸ਼ੋਰ) ਇਹ ਮੇਰੇ ਨਾਲ ਆ ਕੇ, ਬਹਿਸ ਕਰ ਲੈਣ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਇਹ ਦਿਖਾਓ ਕਿਹੜੀ ਕਿਤਾਬ ਵਿੱਚ ਲਿਖਿਆ ਹੈ।

**ਮਾਨਯੋਗ ਸਪੀਕਰ :** ਆਪਾਂ controversial ਗੱਲ ਨਾ ਕਰੀਏ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਮੈਂ ਇਸ ਦੀਆਂ ਤੁਹਾਨੂੰ ਕਿਤਾਬਾਂ ਦੇ ਦੇਵਾਂਗਾ, ਲਿਟਰੇਚਰ ਦੇ ਦੇਵਾਂਗਾ, ਜਿਸ ਦੇ ਵਿੱਚ ਲਿਖਿਆ ਹੈ। ਅੰਬੇਦਕਰ ਜੀ ਦਾ ਬੇਟਾ ਇੱਥੇ ਆ ਕੇ 2 ਮਹੀਨੇ ਬੈਠਾ ਰਿਹਾ ਔਰ ਇਹ ਵੀ ਲਿਖਿਆ ਹੈ ਕਿ ਇੱਕ ਵਾਰ 25 ਹਜ਼ਾਰ ਰੁਪਿਆ ਇਲੈਕਸ਼ਨ ਲੜਨ ਵਾਸਤੇ ਅਕਾਲੀ ਦਲ ਨੇ ਦਿੱਤਾ ਕਿਉਂਕਿ ਉਹ ਸਿੱਖ ਬਣ ਰਹੇ ਸੀ। ਇਹ ਗੱਲਾਂ ਸਾਰੀਆਂ ਮੈਂ ਤੁਹਾਨੂੰ ਦੱਸ ਦੇਵਾਂਗਾ। ਮੈਂ ਆਪਣੀ ਅਗਲੀ ਗੱਲ ਕਰ ਲਵਾਂ।

**ਮਾਨਯੋਗ ਸਪੀਕਰ :** ਚਲੋ ਤੁਸੀਂ ਆਪਣੀ ਅੱਜ ਵਾਲੀ ਗੱਲ ਤੇ ਆਓ। (ਵਿਘਨ..ਸ਼ੋਰ) ਚੰਦੂਮਾਜਰਾ ਜੀ, ਤੁਸੀਂ ਅੱਜ ਬੋਲਣਾ ਹੈ। ਚੰਦੂਮਾਜਰਾ ਜੀ, ਜਦੋਂ ਤੁਸੀਂ ਬੋਲਣਾ ਹੈ, ਉਦੋਂ ਆਪਣੀ ਗੱਲ ਕਰ ਲਿਉ। ਤੁਹਾਡੇ ਬੁਲਾਰੇ ਨੇ ਬੋਲਣਾ ਹੈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਤੁਸੀਂ ਨਾ ਬੋਲੋ, ਇਸ ਗੱਲ ਨੂੰ ਜੇਕਰ ਤੁਸੀਂ ਜ਼ਿਆਦਾ ਵਧਾਓਗੇ ਤਾਂ ਤੁਹਾਡੇ ਸਿਰ ਤੇ ਹੀ ਪੈ ਜਾਣੀ ਹੈ। (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਤੁਸੀਂ ਇੱਕ ਗੱਲ ਦੱਸੋ, ਜਿਸ ਨੂੰ ਤੁਸੀਂ ਆਪਣੇ ਘਰ ਵਿੱਚ ਸ਼ਾਮਿਲ ਨਹੀਂ ਕਰਨਾ ਚਾਹੁੰਦੇ, ਉਹ ਤੁਹਾਡਾ ਪਿਆਰਾ ਕਿੱਥੋਂ ਹੋ ਗਿਆ? ਤੁਸੀਂ ਉਸ ਨੂੰ ਆਪਣੇ ਧਰਮ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ।

**ਮਾਨਯੋਗ ਸਪੀਕਰ:** ਚੰਨੀ ਜੀ, ਤੁਸੀਂ ਇੱਧਰ ਗੱਲ ਕਰੋ। ਚੰਨੀ ਜੀ, please address the chair.

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਜਿਹੜਾ ਸਾਡਾ ਸੰਵਿਧਾਨ ਹੈ, ਜਿਹੜਾ ਸਾਡਾ ਕਾਂਸਟੀਚਿਊਸ਼ਨ ਹੈ, ਉਹ ਇੱਕ ਮੇਨ ਗੱਲ ਤੇ ਖੜ੍ਹਾ ਹੈ, ਉਹ ਹੈ Secularism.

ਸਪੀਕਰ ਸਾਹਿਬ, ਧਰਮ-ਨਿਰਪੱਖਤਾ, ਜਿਸ ਦਾ ਅਰਥ ਹੈ ਕਿ ਰਾਜ ਦਾ ਕੋਈ ਆਪਣਾ ਧਰਮ ਨਹੀਂ ਹੋਵੇਗਾ। ਰਾਜ ਦੀ ਸਰਕਾਰ ਦਾ ਆਪਣਾ ਕੋਈ ਧਰਮ ਨਹੀਂ ਹੋਵੇਗਾ ਲੇਕਿਨ ਇਹ ਸਾਰੇ ਧਰਮਾਂ ਨੂੰ ਮਾਨਤਾ ਦੇਵੇਗੀ। ਸਾਰਿਆਂ ਨੂੰ ਬਰਾਬਰ ਰੱਖੇਗੀ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਹ ਸਾਡੀ ਪ੍ਰਸਤਾਵਨਾ ਵਿੱਚ ਲਿਖਿਆ ਹੋਇਆ ਹੈ। Secularism ਮੇਨ ਚੀਜ਼ ਹੈ। ਸੋਸ਼ਲਿਸਟ ਵੀ ਹੈ। ਬਰਾਬਰਤਾ ਦਾ ਵੀ ਹੈ ਲੇਕਿਨ ਜਿਹੜੀ ਧਰਮਾਂ ਵਾਲੀ ਗੱਲ ਕੀਤੀ ਹੈ, ਉਹ ਪੂਰੇ ਦੇਸ਼ ਨੂੰ, ਪੂਰੇ ਧਰਮਾਂ ਨੂੰ ਇੱਕ ਗੁਲਦਸਤਾ ਬਣਾ ਕੇ ਪੇਸ਼ ਕਰ ਦਿੱਤਾ ਹੈ। ਸੋ, ਜਦੋਂ ਤੱਕ ਇਹ ਗੁਲਦਸਤਾ ਕਾਇਮ ਹੈ, ਉਦੋਂ ਤੱਕ ਸਾਡੇ ਦੇਸ਼ ਦਾ ਸੰਵਿਧਾਨ ਕਾਇਮ ਹੈ। ਜਿਸ ਦਿਨ ਅਸੀਂ ਇਸ ਗੁਲਦਸਤੇ ਵਿੱਚੋਂ ਇੱਕ ਫੁੱਲ ਚੁਣ ਕੇ ਉਸ ਤੇ ਹੀ ਜੋਰ ਦੇਣਾ ਸ਼ੁਰੂ ਕਰ ਦਿੱਤਾ ਤਾਂ ਉਸ ਦਿਨ ਸਾਡਾ ਸੰਵਿਧਾਨ ਮੁਰਝਾ ਜਾਣਾ ਹੈ। ਉਸ ਦਿਨ ਸਾਡਾ ਬਹੁਤ ਜ਼ਿਆਦਾ ਨੁਕਸਾਨ ਹੋ ਜਾਵੇਗਾ। ਇਸ ਲਈ ਮੌਕੇ ਦੀਆਂ ਸਰਕਾਰਾਂ ਨੂੰ ਇਹ ਸੋਚ ਲੈਣਾ ਚਾਹੀਦਾ ਹੈ ਕਿ ਧਰਮਾਂ ਤੇ ਵਾਰ ਕਰਨੇ ਸਹੀ ਨਹੀਂ ਹਨ। ਸਭ ਦੇ ਧਰਮ ਬਰਾਬਰ ਹਨ। ਤੁਸੀਂ ਸਰਕਾਰ ਵਿੱਚ ਹੋ। ਸਰਕਾਰ ਦਾ ਕੋਈ ਧਰਮ ਨਹੀਂ ਹੈ। ਸਪੀਕਰ ਸਾਹਿਬ, ਬੜੀ ਵਿਲੱਖਣਤਾ ਦੀ ਗੱਲ ਹੈ ਕਿ constituent assembly ਵਿੱਚ ਹਿੰਦੂਆਂ ਦੀ ਮੈਜਾਰਿਟੀ ਸੀ ਔਰ ਮੈਜਾਰਿਟੀ ਨੇ ਸਰਬਸੰਮਤੀ ਨਾਲ ਇਹ ਫੈਸਲਾ ਕੀਤਾ ਸੀ ਕਿ ਦੇਸ਼ ਵਿੱਚ Secularism ਰਹਿਣਾ ਚਾਹੀਦਾ ਹੈ। ਦੇਸ਼ ਦਾ, ਰਾਜ ਦਾ ਕੋਈ ਧਰਮ ਨਹੀਂ ਹੋਵੇਗਾ।

**ਸਰਦਾਰ ਬਲਵਿੰਦਰ ਸਿੰਘ ਬੈਂਸ :(ਬੈਠੇ-ਬੈਠੇ)** ਕੀ 1984 ਵਿੱਚ ਕੁਝ ਨਹੀਂ ਹੋਇਆ?

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਤੁਸੀਂ ਵੀ ਬੋਲ ਲੈਣਾ, ਮੈਂ ਨਹੀਂ ਰੋਕਾਂਗਾ। ਜਿਹੜੀਆਂ ਗੱਲਾਂ ਤੁਹਾਨੂੰ ਚੰਗੀਆਂ ਲੱਗਦੀਆਂ ਹਨ, ਉਹ ਬੋਲ ਲੈਣਾ। ਮੈਂ ਤਾਂ ਅੱਜ ਦੀ ਗੱਲ ਕਰ ਰਿਹਾ ਹਾਂ। ਸਪੀਕਰ ਸਾਹਿਬ, ਉਦੋਂ ਹਿੰਦੂਆਂ ਦੀ ਮੈਜਾਰਿਟੀ ਸੀ, ਜਿਨ੍ਹਾਂ ਨੇ ਸਾਡਾ ਸੰਵਿਧਾਨ ਬਣਾਇਆ। ਸਪੀਕਰ ਸਾਹਿਬ, ਹਿੰਦੂਆਂ ਦੀ ਮੈਜਾਰਿਟੀ ਨੇ ਵੀ ਇਹ ਫੈਸਲਾ ਕੀਤਾ ਕਿ ਦੇਸ਼ Secular ਰਹਿਣਾ ਚਾਹੀਦਾ ਹੈ। ਰਾਜ ਦਾ ਆਪਣਾ ਕੋਈ ਧਰਮ ਨਹੀਂ ਹੋਵੇਗਾ। ਫਿਰ ਅੱਜ ਕੀ ਹੋ ਰਿਹਾ ਹੈ? ਅੱਜ ਧਰਮ ਦੀ ਟੌਫੀ 'ਤੇ, ਹਿੰਦੂਤਵ ਦੀ ਟੌਫੀ ਉੱਪਰ ਜਿਹੜੀ ਚਾਕਲੇਟ ਚੜ੍ਹਾਈ ਜਾ ਰਹੀ ਹੈ, ਉਹ ਨੈਸ਼ਨਲਿਜ਼ਮ ਦੀ ਚੜ੍ਹਾਈ ਜਾ ਰਹੀ ਹੈ। ਇੱਕ ਨਵੀਂ ਟੌਫੀ ਤਿਆਰ ਕੀਤੀ ਗਈ ਹੈ, ਉਸ ਦੇ ਅੰਦਰ ਹਿੰਦੂਤਵ ਅਤੇ ਉੱਪਰ ਨੈਸ਼ਨੇਲਿਜ਼ਮ ਚੜ੍ਹਾ ਕੇ ਲੋਕਾਂ ਨੂੰ ਖੁਆਈ ਜਾ ਰਹੀ ਹੈ। ਉਸ ਨਾਲ ਕੀ ਹੋਣਾ ਹੈ? ਸਾਡੇ ਦੇਸ਼ ਦਾ ਜਿਹੜਾ ਸੰਵਿਧਾਨ ਹੈ, ਉਸ ਨੇ ਲੀਰੋ-ਲੀਰ ਹੋਣਾ ਹੈ। ਇਸ ਲਈ ਮੈਂ ਇਹ ਇੱਕ ਕਿਸਮ ਦੀ ਵਾਰਨਿੰਗ ਦੇਣਾ ਚਾਹੁੰਦਾ ਹਾਂ ਕਿ ਇਸ ਤਰ੍ਹਾਂ ਦੇ ਜਿਹੜੇ ਐਕਸ਼ਨ ਹਨ, ਇਸ ਤਰ੍ਹਾਂ ਦੀ ਜਿਹੜੀ ਸੋਚ ਹੈ, ਸਿਰਫ ਰਾਜ ਵਿੱਚ ਆਉਣ ਲਈ, ਮੈਜਾਰਿਟੀ ਦੀਆਂ ਭਾਵਨਾਵਾਂ ਨੂੰ ਭੜਕਾ ਕੇ, ਦੁਬਾਰਾ ਰਾਜ ਵਿੱਚ ਆਉਣਾ। ਇਹ ਸੋਚ ਦੇਸ਼ ਅਤੇ ਸੰਵਿਧਾਨ ਦਾ ਨੁਕਸਾਨ ਕਰ ਰਹੀ ਹੈ। ਸਪੀਕਰ ਸਾਹਿਬ, ਕਾਂਸਟੀਚਿਊਸ਼ਨ ਦੇ ਵਿੱਚ ਧਾਰਾ 370 ਦੇ ਵਿੱਚ ਕੀ ਹੋ ਕੇ ਹਟਿਆ ਹੈ। ਸ਼੍ਰੋਮਣੀ ਅਕਾਲੀ ਦਲ ਦੇ ਵੀਰਾਂ ਨੇ ਐਮਰਜੈਂਸੀ ਦੀ ਗੱਲ ਕੀਤੀ। ਐਮਰਜੈਂਸੀ

ਬਾਰੇ ਸ਼੍ਰੋਮਣੀ ਅਕਾਲੀ ਦਲ ਨੇ ਬੜਾ ਤਕੜਾ ਰੋਲ ਅਦਾ ਕੀਤਾ ਹੈ। ਸ਼੍ਰੋਮਣੀ ਅਕਾਲੀ ਦੀ ਪੋਲੀਟਿਕਸ ਹਮੇਸ਼ਾਂ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਦੀ ਰਹੀ ਹੈ। ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਆਪਣੀ ਸਾਰੀ ਜ਼ਿੰਦਗੀ ਦੇ ਵਿੱਚ ਰਾਜਾਂ ਨੂੰ ਵੱਧ ਅਧਿਕਾਰ ਦਿਵਾਉਣ ਦੀ ਗੱਡ ਕਰਦੇ ਰਹੇ ਹਨ। ਇੱਥੋਂ ਤੱਕ ਕਿ ਆਨੰਦਪੁਰ ਸਾਹਿਬ ਦਾ ਰੈਜ਼ੋਲਿਉਸ਼ਨ ਪੜ੍ਹ ਲਵੋ, ਜਿਸ ਵਿੱਚ ਰਾਜਾਂ ਲਈ ਵੱਧ ਅਧਿਕਾਰ ਮੰਗੇ ਗਏ ਸੀ। ਸਿਰਫ ਚਾਰ ਕਾਨੂੰਨ ਉੱਪਰੋਂ ਚਲਾਏ ਜਾਣ, ਬਾਕੀ ਸਾਰੇ ਕਾਨੂੰਨ ਹੇਠਾਂ ਸਟੇਟ ਕੋਲ ਹੋਣ। ਲੇਕਿਨ ਅੱਜ ਕੀ ਹੋ ਰਿਹਾ ਹੈ, ਜਿਹੜੀ ਅਕਾਲੀ ਦਲ ਦੀ ਪੂਰੀ Ideology ਸੀ, ਉਸ ਨੇ U-turn ਲੈ ਲਿਆ ਹੈ। ਟੋਟਲ Ideology ਨੂੰ ਛੱਡ ਕੇ, ਇੱਕ ਨਵੀਂ Ideology ਲਿਆ ਦਿੱਤੀ ਕਿ ਜਦੋਂ ਜੰਮੂ ਕਸ਼ਮੀਰ ਰਾਜਾਂ ਦੇ ਅਧਿਕਾਰ ਖੋਹੇ ਗਏ ਤਾਂ ਇਨ੍ਹਾਂ ਨੇ ਤਾੜੀਆਂ ਮਾਰੀਆਂ। (ਤਕਨੀਕੀ ਸਿੱਖਿਆ ਮੰਤਰੀ ਜੀ ਤਾੜੀਆਂ ਮਾਰਦੇ ਹੋਏ) ਅਤੇ (ਟਰੈਜ਼ਰੀ ਬੈਂਚਿਜ਼ ਵੱਲੋਂ ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਔਰ ਸੰਸਦ ਵਿੱਚ ਵੋਟ ਪਾਈ।(ਵਿਘਨ) ਤੁਸੀਂ ਆਪਣਾ ਬੋਲ ਲੈਣਾ। ਤੁਸੀਂ ਕਾਂਗਰਸ ਦਾ ਬੋਲ ਲੈਣਾ। ਤੁਸੀਂ ਬੀ.ਜੇ.ਪੀ. ਦਾ ਬੋਲ ਲੈਣਾ, ਤੁਸੀਂ ਜਿਸ ਦਾ ਮਰਜ਼ੀ ਬੋਲੋ, let me speak first. (ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਬੋਲ ਰਹੇ ਸਨ) (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਇੱਧਰ ਗੱਲ ਕਰੋ। ਚੰਨੀ ਜੀ, ਤੁਸੀਂ ਇੱਧਰ ਗੱਲ ਕਰੋ।ਚੰਦੂਮਾਜਰਾ ਜੀ, ਵਡਾਲਾ ਸਾਹਿਬ, ਪਹਿਲਾਂ ਐਮਰਜੈਂਸੀ ਦੀ ਗੱਲ ਤੁਹਾਡੇ ਬੰਦਿਆਂ ਨੇ ਕੀਤੀ ਹੈ। (ਵਿਘਨ, ਸ਼ੋਰ) ਐਮਰਜੈਂਸੀ ਦੀ ਗੱਲ ਤੁਸੀਂ ਕੀਤੀ ਹੈ, ਇਸ ਕਰਕੇ ਉਹ 370 ਦੀ ਗੱਲ ਕਰ ਰਹੇ ਹਨ। (ਵਿਘਨ, ਸ਼ੋਰ) ਵਡਾਲਾ ਸਾਹਿਬ, ਬੈਠ ਜਾਓ। ਤੁਸੀਂ ਬੋਲਣਾ ਹੈ। ਤੁਹਾਡੇ ਬੰਦਿਆਂ ਨੇ ਬੋਲਣਾ ਹੈ। ਜਦੋਂ ਬੋਲੋਗੇ, ਉਦੋਂ ਜਵਾਬ ਦੇ ਦਿਓ। ਸਿੱਧੂ ਸਾਹਿਬ।

**ਸਿਹਤ ਅਤੇ ਪਰਿਵਾਰ ਭਲਾਈ ਮੰਤਰੀ (ਸਰਦਾਰ ਬਲਬੀਰ ਸਿੰਘ ਸਿੱਧੂ):** ਚੰਨੀ ਜੀ ਨੇ ਦੱਸਿਆ ਹੈ ਕਿ ਬਾਦਲ ਸਾਹਿਬ ਨੇ ਵੱਧ ਅਧਿਕਾਰਾਂ ਦੀ ਗੱਲ ਕੀਤੀ। ਇਨ੍ਹਾਂ ਦੇ ਇਸ ਚੱਕਰ ਕਰਕੇ ਪੰਜਾਬ ਵਿੱਚ 10 ਸਾਲ ਅੱਗ ਲੱਗੀ ਰਹੀ। ਉਸ ਦਾ ਜਵਾਬ ਦਿਓ।

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਤੁਸੀਂ ਪੰਜਾਬ ਵਿੱਚ ਅੱਗ ਲਾਈ ਹੈ। (ਵਿਘਨ,ਸ਼ੋਰ)

**ਮਾਨਯੋਗ ਸਪੀਕਰ:** ਪਲੀਜ਼ ਸਾਰੇ ਬੈਠੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਰ, ਮੈਂ ਹੁਣ ਸੰਵਿਧਾਨ ਤੱਕ ਹੀ ਸੀਮਿਤ ਰਹਿੰਦਾ ਹਾਂ। ਮੈਂ ਦੱਸਣਾ ਚਾਹੁੰਦਾ ਹਾਂ ਕਿ ਪੰਜਾਬ ਵਿੱਚ ਸੰਵਿਧਾਨ ਫਾੜਿਆ ਗਿਆ ਸੀ। ਮੈਂ ਨਹੀਂ ਫਾੜਿਆ ਸੀ। ਇਨ੍ਹਾਂ ਵੀਰਾਂ (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਦੇ ਲੀਡਰਾਂ ਨੇ ਫਾੜਿਆ ਸੀ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਫਾੜਿਆ ਸੀ। 24 ਫਰਵਰੀ 1984 ਨੂੰ ਫਾੜਿਆ ਸੀ। ਤੁਹਾਡੀ

ਪਾਰਟੀ ਦੇ ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਫਾੜਿਆ ਸੀ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਅੱਜ ਤੱਕ ਸ਼੍ਰੋਮਣੀ ਅਕਾਲੀ ਦਲ ਸੰਵਿਧਾਨ ਦੇ ਖਿਲਾਫ ਲੜਦਾ ਰਿਹਾ ਹੈ ਜਾਂ ਤਾਂ ਸੰਵਿਧਾਨ ਵਿੱਚ ਅਮੈਂਡਮੈਂਟ ਮੰਗਦਾ ਰਿਹ ਜਾਂ ਵੱਧ ਅਧਿਕਾਰ ਮੰਗਦਾ ਰਿਹਾ ਹੈ।ਇਸ ਲਈ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਅੱਜ ਤੱਕ ਇਹ ਵੱਧ ਅਧਿਕਾਰ ਮੰਗਦੇ ਰਹੇ ਪਰ ਹੁਣ ਇੱਕ ਛੋਟੀ ਜਿਹੀ ਮਨਿਸਟਰੀ ਕਰਕੇ ਬਾਪ ਦਾਦੇ ਦੀ ਸਾਰੀ ਕੀਤੀ-ਕਰਾਈ ਖੂਹ ਵਿੱਚ ਪਾ ਦਿੱਤੀ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਸਪੀਕਰ ਸਾਹਿਬ, ਮਨਿਸਟਰੀ ਕਿੰਨੀ ਕੁ ਹੁੰਦੀ ਹੈ। ਬਾਪ ਨੇ ਕੋਈ ਘਾਲਣਾ ਘਾਲੀ ਹੋਵੇ, 17 ਵਾਰ ਜਾਂ 17 ਸਾਲ ਜੇਲ੍ਹਾਂ ਕੱਟੀਆਂ ਹੋਣ ਅਤੇ ਜਦੋਂ ਇੱਕ ਸਟੇਟ ਦੇ ਹੱਕ ਖੋਹੇ ਜਾਣ, ਉਸ ਸਮੇਂ ਅਕਾਲੀ ਦਲ ਦਾ ਪ੍ਰਧਾਨ ਪਾਰਲੀਮੈਂਟ ਵਿੱਚ ਵੋਟ ਪਾਵੇ ਅਤੇ ਬਾਹਰ ਆ ਕੇ ਬਿਆਨ ਦੇਵੇ ਕਿ ਬਹੁਤ ਅੱਛਾ ਹੋਇਆ ਤਾਂ ਇਸ ਤੋਂ ਮਾੜੀ ਗੱਲ ਹੋਰ ਕੋਈ ਨਹੀਂ ਹੋ ਸਕਦੀ। ਇਹ ਯੂ ਟਰਨ ਲਿਆ ਗਿਆ ਹੈ। ਬਾਪ ਦੇ ਕੀਤੇ ਕਰਾਏ ਤੇ ਪਾਣੀ ਫੇਰ ਦਿੱਤਾ। (ਸ਼ੇਮ-ਸ਼ੇਮ ਦੀਆਂ ਆਵਾਜ਼ਾਂ) ਇਹ ਸਭ ਮਨਿਸਟਰੀ ਦੇ ਬਚਾਉਣ ਕਰਕੇ ਹੀ ਹੋਇਆ ਹੈ ਕਿਉਂਕਿ ਪਾਵਰ 5 ਸਾਲ ਹੋਰ ਰਹਿਣੀ ਹੈ। ਇਹ ਸਾਰਾ ਕੁਝ ਰਾਜ ਕਰਨ ਲਈ ਹੋਇਆ। ਸਰਦਾਰ ਪਰਕਾਸ਼ ਸਿੰਘ ਬਾਦਲ ਨੇ ਰਾਜ ਛੱਡਿਆ, ਉਨ੍ਹਾਂ ਨੇ ਲੜਾਈ ਕੀਤੀ ਸੀ। ਇਸੇ ਕਰਕੇ ਲੋਕਾਂ ਨੇ ਪੰਜ ਵਾਰ ਮੁੱਖ ਮੰਤਰੀ ਬਣਾਇਆ ਪਰ ਬੇਟੇ ਨੇ ਉਹ ਸਾਰੀ ਕਰੀ-ਕੁਤਰੀ ਖੋਅ ਲਈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸੰਵਿਧਾਨ ਨੇ ਰਿਜ਼ਰਵੇਸ਼ਨ ਦਿੱਤੀ ਹੈ, ਇਸ ਲਈ ਮੈਂ ਸੰਵਿਧਾਨ ਦਾ ਕਾਇਲ ਹਾਂ। ਇਹ ਠੀਕ ਹੈ ਕਿ ਕਈ ਕਮੀਆਂ ਹਨ। ਮੇਰੇ ਭੈਣ ਜੀ ਨੇ ਗੱਲ ਕੀਤੀ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਰ, ਪੁਆਇੰਟ ਆਫ ਆਰਡਰ (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਮਜੀਠੀਆ ਸਾਹਿਬ।

**ਸਰਦਾਰ ਬਿਕਰਮ ਸਿੰਘ ਮਜੀਠੀਆ:** ਸਪੀਕਰ ਸਾਹਿਬ, ਮੈਂ ਇਨ੍ਹਾਂ ਦਾ ਗੀਤ ਪਿਛਲੀ ਵਾਰ ਸੁਣਾਇਆ ਸੀ, ਦਿਲ ਲਾ ਕੇ ਤੋੜ ਕੇ ਨਾ ਜਾਈ ਬੱਲੀਏ। (ਵਿਘਨ, ਸ਼ੋਰ) ਹੁਣ ਗੀਤ ਅਗਲੇ ਦਾ ਹੈ, ਇਸ ਲਈ ਮੇਰੇ ਤੋਂ ਉਹ ਗੱਲ ਨਹੀਂ ਬਣਨੀ। ਮੈਂ ਕਲਾਕਾਰ ਨਹੀਂ ਹਾਂ। ਇਹ ਹੈਰਾਨਗੀ ਦੀ ਗੱਲ ਹੈ ** **

**ਮਾਨਯੋਗ ਸਪੀਕਰ :** ਪਲੀਜ਼, ਪਰਸਨਲ ਨਾ ਹੋਵੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ** **

**ਮਾਨਯੋਗ ਸਪੀਕਰ :** ਪਲੀਜ਼ ਪਰਸਨਲ ਨਾ ਜਾਓ।

** Expunged as ordered by the Hon'ble Speaker.

**ਸਰਦਾਰ ਬਿਕਰਮ ਸਿੰਘ ਮਜੀਠੀਆ :** ਨਹੀਂ ਜੀ, ਪਰਸਨਲ ਨਹੀਂ ਜੀ। ਸਪੀਕਰ ਸਾਹਿਬ, ਇਹ ਬਾਦਲ ਸਾਹਿਬ ਬਾਰੇ ਜੋ ਮਰਜ਼ੀ ਕਹਿ ਦੇਣ, ਉਹ ਤਾਂ ਪਰਸਨਲ ਹੈ ਹੀ ਨਹੀਂ ਜੀ। ਇਹ ਤਾਂ ਓਵਰ ਵਿਊ ਗੱਲ ਹੋ ਗਈ। ਇਸ ਲਈ ਸਪੀਕਰ ਸਾਹਿਬ, ਗੱਲਾਂ ਤਾਂ ਬਹੁਤ ਹਨ। ਮੈਂ ਇਨ੍ਹਾਂ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਹਾਡੀ ਕਾਂਗਰਸ ਪਾਰਟੀ ਦਾ ਜੰਮੂ ਕਸ਼ਮੀਰ ਤੇ ਕੀ ਸਟੈਂਡ ਹੈ? ਹੁੱਡਾ ਸਾਹਿਬ ਦਾ ਕੀ ਸਟੈਂਡ ਹੈ?

**ਮਾਨਯੋਗ ਸਪੀਕਰ :** ਤੁਹਾਡੀ ਪਾਰਟੀ ਦੇ ਬੰਦਿਆਂ ਨੇ ਜਦੋਂ ਬੋਲਣਾ ਹੈ, ਉਦੋਂ ਬੋਲ ਲੈਣਾ। ਤੁਸੀਂ ਜਦੋਂ ਬੋਲਣਾ ਹੈ, ਉਦੋਂ ਬੋਲ ਲਿਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਤੁਸੀਂ ਕਾਂਸਟੀਚਿਊਸ਼ਨ ਦੀ , ਸੰਵਿਧਾਨ ਦੀ ਗੱਲ ਕੀਤੀ। ਸਾਡੇ ਢੀਂਡਸਾ ਸਾਹਿਬ ਅਤੇ ਐਫ.ਐਮ. ਸਾਹਿਬ ਵੀ ਬੋਲੇ ਹਨ। ਐਫ.ਐਮ.ਸਾਹਿਬ ਨੇ ਢੀਂਡਸਾ ਸਾਹਿਬ ਦਾ ਜ਼ਿਕਰ ਕੀਤਾ। ਇੱਕ ਐਮਰਜੈਂਸੀ ਦੇ ਮੁੱਦੇ ਦਾ ਵੀ ਜ਼ਿਕਰ ਕੀਤਾ। ਐਮਰਜੈਂਸੀ ਨੂੰ ਸਹੀ ਠਹਿਰਾਉਣਾ ਬੜੀ ਸ਼ਰਮ ਦੀ ਗੱਲ ਹੈ। ਚਲੋ, ਤੁਸੀਂ ਕਿਹਾ ਹੈ ਕਿ ਆਪਾਂ ਪਰਸਨਲ ਗੱਲ ਨਹੀਂ ਕਰਨੀ।(ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ ਤੁਸੀਂ ਅੱਗੇ ਬੋਲਣਾ ਹੈ ਤੇ ਅੱਗੇ ਬੋਲ ਲੈਣਾ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਬੇਨਤੀ ਸੁਣ ਲਓ। ਜੇ ਤੁਸੀਂ ਚਾਹੁੰਦੇ ਹੋ ਕਿ ਅੱਜ ਡਿਸਕਸ਼ਨ ਹੋ ਜਾਵੇ ਤਾਂ let it be a fruitful discussion. Will he now pass judgements? ਸਪੀਕਰ ਸਾਹਿਬ, ਮੈਂ ਤੁਹਾਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ a person who has changed his stand a number of times, ਕੀ ਇਨ੍ਹਾਂ ਕੋਲ ਸਰਟੀਫਿਕੇਸ਼ਨ ਦੀ ਕੋਈ ਮਸ਼ੀਨ ਹੈ? ਕੀ ਇਹ ਸਰਟੀਫਾਈ ਕਰਨਗੇ? ਜਿਹੜੇ ਸਰਦਾਰ ਬਾਦਲ ਸਾਹਿਬ ਨੂੰ ਲੋਕਾਂ ਨੇ ਪੰਜ ਵਾਰੀ ਮੁੱਖ ਮੰਤਰੀ ਬਣਾਇਆ ਹੈ, will he certify? ਮੈਨੂੰ ਇਹ ਜਵਾਬ ਦੇ ਦੇਣ ਕਿ ਰਾਹੁਲ ਗਾਂਧੀ ਜੀ ਕਿੱਥੇ ਹਨ? ਉਨ੍ਹਾਂ ਦਾ ਕੀ ਸਟੈਂਡ ਹੈ?

**ਮਾਨਯੋਗ ਸਪੀਕਰ :** ਤੁਸੀਂ ਪਰਸਨਲ ਗੱਲ ਨਾ ਕਰੋ, ਪਰਸਨਲ ਗੱਲ ਨਾ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰ ਰਿਹਾ ਹਾਂ ਕਿ ਅਸੀਂ ਪਰਸਨਲ ਗੱਲ ਨਹੀਂ ਕਰਨਾ ਚਾਹੁੰਦੇ, ਬਿਲਕੁਲ ਵੀ ਨਹੀਂ ਕਰਨਾ ਚਾਹੁੰਦੇ।

**ਮਾਨਯੋਗ ਸਪੀਕਰ :** ਨਹੀਂ, ਨਹੀਂ, ਮੈਂ ਸਾਰਿਆਂ ਨੂੰ ਰਿਕੁਐਸਟ ਕਰਦਾ ਹਾਂ ਕਿ ਪਰਸਨਲ ਗੱਲ ਨਹੀਂ ਕਰਨੀ।

Under Print
Not for Legal/Official use

**ਸਰਦਾਰ ਬਿਕਰਮ ਸਿੰਘ ਮਜੀਠੀਆ :** ਅਸੀਂ ਤੁਹਾਨੂੰ ਕਮਿਟਮੈਂਟ ਦੇ ਕੇ ਆਏ ਹਾਂ ਕਿ ਸਾਰੇ ਪਰਸਨਲ ਗੱਲ ਨਹੀਂ ਕਰਾਂਗੇ ਪਰ he is nobody… ਬਾਦਲ ਸਾਹਿਬ ਦੀ 90 ਸਾਲ ਦੀ ਉਮਰ ਹੈ। ਉਨ੍ਹਾਂ ਦੀ ਸਿਹਤ ਠੀਕ ਨਹੀਂ ਹੈ, ਉਹ ਨਹੀਂ ਆ ਸਕੇ। ਇਸ ਦਾ ਮਤਲਬ ਇਹ ਨਹੀਂ ਕਿ he will now certify ਔਰ ਮੈਂ ਇੱਥੇ ਕੁਰੈਕਟ ਕਰ ਦੇਵਾਂ ਕਿ ਆਰਟੀਕਲ 25 ਦਾ ਬਾਦਲ ਸਾਹਿਬ ਨੇ ਵਿਰੋਧ ਕੀਤਾ ਸੀ। ਇਸ ਲਈ ਗੱਲ ਨੂੰ ਇਸ ਤਰ੍ਹਾਂ ਗੋਲ-ਮੋਲ ਨਾ ਘੁਮਾਓ। ਮੈਨੂੰ ਲਗਦਾ ਹੈ ਕਿ ਤੁਹਾਡੀ ਉਮਰ ਉਸ ਸਮੇਂ, ਤੁਸੀਂ ਤਾਂ ਉਦੋਂ ** ** ਜਦੋਂ ਬਾਦਲ ਸਾਹਿਬ ਤੇ ਫੈਸਲਾ ਸੁਣਾਇਆ ਸੀ।

**ਮਾਨਯੋਗ ਸਪੀਕਰ :** ** ਐਕਸਪੰਜ ਕਰ ਦਿੱਤੇ ਜਾਣ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਇਸ ਲਈ ਇਹ ਗੱਲਾਂ ਨਾ ਕੀਤੀਆਂ ਜਾਣ। ਚੰਨੀ ਸਾਹਿਬ, ਤੁਸੀਂ ਬੜੇ ਸਿਆਣੇ ਹੋ। ਤੁਹਾਡਾ ਉਹ ਗੀਤ ਸਾਨੂੰ ਬੜਾ ਚੰਗਾ ਲੱਗਿਆ, ਅੰਦਾਜ਼ ਵੀ ਚੰਗਾ ਲੱਗਿਆ ਅਤੇ ਤੁਸੀਂ ਭੰਗੜਾ ਵੀ ਚੰਗਾ ਪਾਇਆ। ਉਸ ਵਿਚ ਤੁਹਾਡੀ ਕਲਾਕਾਰੀ ਦੇਖਣ ਨੂੰ ਮਿਲੀ ਹੈ।

**ਮਾਨਯੋਗ ਸਪੀਕਰ :** ਬੈਠੋ, ਬੈਠੋ, ਬੈਠੋ। ਮੈਂ ਸਾਰੇ ਹਾਊਸ ਨੂੰ ਇੱਕ ਪ੍ਰਾਰਥਨਾ ਕਰਦਾ ਹਾਂ ਕਿ ਸਾਰੇ ਅੱਜ ਦੇ ਦਿਨ ਦੀ ਪਵਿੱਤਰਤਾ ਨੂੰ ਬਣਾਈ ਰੱਖੋ।(ਵਿਘਨ...) ਪਲੀਜ਼, ਪਲੀਜ਼।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਮੈਂ ਹੁਣ ਕੋਈ ਅਕਾਲੀ ਦਲ ਦੀ ਗੱਲ ਨਹੀਂ ਕਰਦਾ। ਮੈਂ ਇਨ੍ਹਾਂ ਨੂੰ ਕਹਿ ਦੇਣਾ ਚਾਹੁੰਦਾ ਹਾਂ ਕਿ ਮੈਂ ਤਾਂ ਬਾਦਲ ਸਾਹਿਬ ਦੀ ਪ੍ਰਸ਼ੰਸਾ ਕੀਤੀ ਹੈ। ਤੁਸੀਂ ਉਸ ਸਮੇਂ ਇੱਥੇ ਹੈ ਨਹੀਂ ਸੀ (ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ ) ਮੈਂ ਇਹ ਕਿਹਾ ਹੈ ਕਿ ਉਹ ਬੰਦਾ Stalwart ਬਣਿਆ ਹੈ।ਉਹ ਬੰਦਾ ਪੰਜ ਵਾਰੀ ਮੁੱਖ ਮੰਤਰੀ ਬਣਿਆ ਅਤੇ ਉਨ੍ਹਾਂ ਨੇ ਲੜਾਈ ਲੜੀ ਹੈ। ਮੈਂ ਤਾਂ ਇਹ ਕਿਹਾ ਹੈ। ਮੈਂ ਉਨ੍ਹਾਂ ਦੇ ਖਿਲਾਫ ਨਹੀਂ ਬੋਲਿਆ, ਮੈਂ ਤਾਂ ਉਨ੍ਹਾਂ ਨੂੰ ਚੰਗਾ ਕਿਹਾ ਹੈ। ਮੈਂ ਦੱਸਣਾ ਚਾਹੁੰਦਾ ਹਾਂ ਕਿ ਤੁਹਾਨੂੰ ਬਾਹਰ ਕਿਸੇ ਨੇ ਗਲਤ ਦੱਸਿਆ ਹੈ। ਸਪੀਕਰ ਸਾਹਿਬ, ਰਿਜ਼ਰਵੇਸ਼ਨ ਬਾਰੇ ਸਾਡੇ ਸਤਿਕਾਰ ਯੋਗ ਭੈਣ ਜੀ ਨੇ ਬੋਲਿਆ ਹੈ। ਪੰਜਾਬ ਵਿੱਚ 35% ਸ਼ਡਿਊਲਡ ਕਾਸਟ ਲੋਕਾਂ ਦੀ ਆਬਾਦੀ ਹੈ ਤੇ 25% ਰਿਜ਼ਰਵੇਸ਼ਨ ਹੈ। ਇਹੋ ਜਿਹੀਆਂ ਕੁਝ ਕਮੀਆਂ ਉਸ ਸਮੇਂ ਰਹਿ ਗਈਆਂ। ਇਹ ਠੀਕ ਹੈ ਕਿ ਨੌਕਰੀਆਂ ਦੇ ਵਿੱਚ, ਐਮ.ਐਲ.ਏ. ਬਣਨ ਦੇ ਵਿਚ ਰਿਜ਼ਰਵੇਸ਼ਨ ਮਿਲ ਗਈ। ਲੇਕਿਨ ਜਿਹੜੇ ਪਾਵਰ ਦੇ ਮੇਨ ਸੋਮੇ ਹਨ, ਉੱਥੇ ਸ਼ਡਿਊਲਡ ਕਾਸਟਸ ਨੂੰ ਛੇਤੀ-ਛੇਤੀ ਪਹੁੰਚਣ ਨਹੀਂ ਦਿੱਤਾ ਜਾਂਦਾ। ਸਾਡੇ ਹਾਈਕੋਰਟ ਦੇ, ਸੁਪਰੀਮ ਕੋਰਟ ਦੇ ਕਿੰਨੇ ਜੱਜ ਹਨ? ਉੱਥੇ ਕਦੇ ਕੋਈ ਐਸ.ਸੀ. ਨਹੀਂ ਲਗਦਾ। ਜਿੱਥੇ ਕੋਈ ਡਿਸਕਰੀਸ਼ਨ ਹੈ, ਉੱਥੇ ਗਰੀਬ ਨਹੀਂ ਲਗਦਾ। ਜਿੱਥੇ ਕਾਨੂੰਨ ਹੈ, ਪਹਿਲਾਂ ਹੀ ਰਸਤੇ

** Expunged as ordered by the chair.

Under Print
Not for Legal/Official use

ਲੱਭੇ ਜਾਂਦੇ ਹਨ। ਸਰਕਾਰ ਭਾਵੇਂ ਕੋਈ ਵੀ ਹੋਵੇ। ਇਸ ਕਰਕੇ ਇਹ ਜਿਹੜੀਆਂ ਕਮੀਆਂ ਹਨ, ਇਨ੍ਹਾਂ ਤੇ ਵਿਚਾਰ ਹੋਵੇ, ਰਿਜ਼ਰਵੇਸ਼ਨ ਪਾਲਿਸੀ ਵਿਚ ਸੋਧ ਦੀ ਜ਼ਰੂਰਤ ਹੈ। ਸਪੀਕਰ ਸਾਹਿਬ.....

**ਸਰਦਾਰ ਕੁਲਤਾਰ ਸਿੰਘ ਸੰਧਵਾਂ :(ਬੈਠੇ-ਬੈਠੇ)** ਏ.ਸੀ.ਆਰ. ਦੇ ਵਿੱਚ ਵੀ।

**ਮਾਨਯੋਗ ਸਪੀਕਰ :** ਤੁਸੀਂ ਰਨਿੰਗ ਕੁਮੈਂਟਰੀ ਨਾ ਕਰੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਹਾਂ ਜੀ, ਏ.ਸੀ. ਆਰ. ਲਿਖਣ ਤੋਂ ਪਹਿਲਾਂ ਵੀ ਇਹ ਦੇਖਿਆ ਜਾਂਦਾ ਹੈ ਕਿ ਇਹ ਕਿਤੇ ਐਸ.ਸੀ. ਤਾਂ ਨਹੀਂ ਹੈ। ਇਹ ਆਮ ਗੱਲ ਹੈ। ਮੈਂ ਆਮ ਦੇਖਦਾ ਹਾਂ ਕਿ ਸਾਡੀ ਜਿਹੜੀ ਮਾਨਸਿਕਤਾ ਹੈ, ਅਜੇ ਉੱਥੇ ਤੱਕ ਨਹੀਂ ਉੱਠੀ, ਜਿੱਥੇ ਤੱਕ ਅੰਬੇਦਕਰ ਸਾਹਿਬ ਅਤੇ ਸਾਡਾ ਕਾਂਸਟੀਚਿਊਸ਼ਨ ਸਾਨੂੰ ਉਠਾਉਣਾ ਚਾਹੁੰਦਾ ਹੈ। ਅਜੇ ਸਾਡੀ ਮਾਨਸਿਕਤਾ ਉਥੇ ਹੀ ਖੜ੍ਹੀ ਹੈ ਕਿ ਕਿਹੜੀ ਬਿਰਾਦਰੀ ਹੈ। ਦੱਬ ਲਵੋ ਇਸ ਨੂੰ ਜਿੰਨਾ ਕੁ ਦੱਬ ਹੁੰਦਾ ਹੈ। ਦੂਸਰੇ, ਦੂਸਰਿਆਂ ਨੂੰ ਵੀ ਦਬਦੇ ਹੋਣਗੇ ਲੇਕਿਨ ਇਹੀ ਚੀਜ਼ਾਂ ਹਟਾਉਣ ਦੀ ਸੰਵਿਧਾਨ ਨੇ ਗੱਲ ਕੀਤੀ ਹੈ, ਸਾਨੂੰ ਉਸ ਦੀ ਭਾਵਨਾ ਨੂੰ ਸਮਝਣਾ ਚਾਹੀਦਾ ਹੈ। ਸਾਨੂੰ ਦੇਸ਼ ਨੂੰ ਸਮੁੱਚੇ ਤੌਰ ਤੇ ਉਪਰ ਉਠਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਸਾਨੂੰ ਇਕ ਦੂਜੇ ਨੂੰ ਦਬਾਅ ਕੇ ਨਹੀਂ ਰਖਣਾ ਚਾਹੀਦਾ ।

**ਮਾਨਯੋਗ ਸਪੀਕਰ :** ਚਲੋ, ਤੁਸੀਂ ਬੈਠੋ ਜੀ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਸਪੀਕਰ ਸਾਹਿਬ, ਮੈਂ ਜ਼ਿਆਦਾ ਸਮਾਂ ਨਾ ਲੈਂਦਾ ਹੋਇਆ ਆਖਰ ਵਿੱਚ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਪਿਛਲੀ ਵਿਧਾਨ ਸਭਾ ਨੇ ਪਾਸ ਕੀਤਾ ਸੀ ਕਿ ਅੰਬੇਦਕਰ ਸਾਹਿਬ ਦਾ ਬੁੱਤ ਵਿਧਾਨ ਸਭਾ ਵਿਚ ਲੱਗੇ। ਪਿਛਲੇ ਸਪੀਕਰ ਸਾਹਿਬ ਦੀ ਬਹੁਤ ਕੋਸ਼ਿਸ਼ ਸੀ ਲੇਕਿਨ ਬੁੱਤ ਨਹੀਂ ਲੱਗ ਸਕਿਆ। ਹੁਣ ਮੈਂ ਆਪ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਬਾਰੇ ਵਿਚਾਰ ਕਰਕੇ ਲਗਾਇਆ ਜਾਵੇ।

**Mr. Speaker :** Thank you, thank you.

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ :** ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਟੈਕਨੀਕਲ ਐਜੂਕੇਸ਼ਨ ਵਿੱਚ ਹਰ ਅਦਾਰੇ ਵਿਚ ਅੰਬੇਦਕਰ ਸਾਹਿਬ ਦੀ ਫੋਟੋ ਲਗਾ ਕੇ, ਉਨ੍ਹਾਂ ਦੀ ਪੂਰੀ ਐਜੂਕੇਸ਼ਨ ਤੇ ਕੁਆਲੀਫਿਕੇਸ਼ਨ ਲਿਖਾਂਗੇ ਤਾਂਕਿ ਨੌਜਵਾਨ ਉਨ੍ਹਾਂ ਦੇ ਜੀਵਨ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਬਾਰੇ ਹੋਰ ਜ਼ਿਆਦਾ ਜਾਣ ਸਕਣ। ਮੈਂ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਬੋਲਣ ਦਾ ਸਮਾਂ ਦਿੱਤਾ ਹੈ।

**ਮਾਨਯੋਗ ਸਪੀਕਰ :** ਸ਼੍ਰੀ ਕੰਵਰ ਸੰਧੂ ਜੀ। ਸੰਧੂ ਸਾਹਿਬ, ਤੁਹਾਡੇ ਪੰਜ ਮਿੰਟ ਹਨ।

**ਸ਼੍ਰੀ ਕੰਵਰ ਸੰਧੂ (ਖਰੜ):** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਤਿੰਨ-ਚਾਰ, ਜੋ ਥੋੜ੍ਹੇ ਜਿਹੇ ਵੱਖਰੇ ਪਹਿਲੂ ਹਨ, ਉਨ੍ਹਾਂ ਪਹਿਲੂਆਂ ਉਤੇ ਗੱਲ ਕਰਨੀ ਚਾਹੁੰਦਾ ਹਾਂ। ਅੱਜ ਆਪਾਂ ਸੰਵਿਧਾਨ ਦਿਵਸ ਮਨਾ ਰਹੇ ਹਾਂ ਔਰ ਜਿਸ ਦੇ ਨਿਰਮਾਤਾ ਖਾਸ ਕਰਕੇ ਡਾਕਟਰ ਬਾਬਾ ਸਾਹਿਬ ਅੰਬੇਦਕਰ ਨੂੰ ਯਾਦ ਕਰ ਰਹੇ ਹਾਂ। ਸਪੀਕਰ ਸਾਹਿਬ, ਇਸ ਮੌਕੇ ਉਤੇ ਮੈਂ ਕੁਝ ਫੈਕਟਸ ਔਰ ਫਿਗਰਜ਼ ਪੇਸ਼ ਕਰਨੀਆਂ ਚਾਹੁੰਦਾ ਹਾਂ, ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕਿਵੇਂ ਪਿਛਲੇ ਕਰੀਬ 70 ਸਾਲਾਂ ਦੇ ਵਿੱਚ, ਜੋ ਬਾਬਾ ਸਾਹਿਬ ਦੇ ਖਿਆਲਾਤ ਸਨ, ਉਨ੍ਹਾਂ ਦੇ ਵਿਚਾਰ ਸੀ ਜਾਂ ਕਾਂਸਟੀਚਿਊਸ਼ਨ ਹੈ, ਉਸ ਨਾਲ ਆਪਾਂ ਕਿਵੇਂ ਇਕ ਤਰੀਕੇ ਨਾਲ ਖਿਲਵਾੜ ਕੀਤਾ। ਅਮਰੀਕਾ ਦੇ ਕਾਂਸਟੀਚਿਊਸ਼ਨ ਨੂੰ ਬਣੇ ਨੂੰ ਕਰੀਬ 250 ਸਾਲ ਹੋ ਗਏ ਔਰ ਉਨ੍ਹਾਂ ਨੇ 250 ਸਾਲਾਂ ਵਿੱਚ ਹੁਣ ਤੱਕ ਸਿਰਫ 27 ਜਾਂ 28 ਸੋਧਾਂ ਕੀਤੀਆਂ ਹਨ। ਅਸੀਂ 68-70 ਸਾਲ ਵਿੱਚ ਹੀ ਆਪਣੇ ਕਾਂਸਟੀਚਿਊਸ਼ਨ ਵਿੱਚ ਲਗਭਗ 100 ਤੋਂ ਵੱਧ ਸੋਧਾਂ ਕਰ ਲਈਆਂ ਹਨ। ਜੇ ਇਹ ਸੋਧਾਂ ਲੋਕਾਂ ਦੇ ਭਲੇ ਵਾਸਤੇ, ਉਨ੍ਹਾਂ ਦੀ ਬਿਹਤਰੀ ਵਾਸਤੇ ਸਾਬਤ ਹੁੰਦੀਆਂ ਤਾਂ ਬਹੁਤ ਚੰਗੀ ਗੱਲ ਸੀ। ਪਰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜੋ ਕੁਝ ਹਾਊਸ ਵਿੱਚ ਪਹਿਲਾਂ ਵੀ ਦੱਸਿਆ ਗਿਆ ਹੈ ਕਿ ਇਹ ਜੋ ਕੁਝ ਹੋ ਰਿਹਾ ਹੈ, ਇਹ ਥੋੜ੍ਹੇ ਜਿਹੇ ਚੁਣੇ ਹੋਏ ਲੋਕਾਂ ਵਾਸਤੇ ਹੋ ਰਿਹਾ ਹੈ। ਆਮ ਲੋਕਾਂ ਵਾਸਤੇ ਕੁਝ ਨਹੀਂ ਹੋਇਆ। ਅੱਜ ਮੈਂ ਆਫੀਸ਼ੀਅਲ ਰੈਜੋਲਿਊਸ਼ਨ ਵੇਖ ਰਿਹਾ ਸੀ ਕਿ ਆਫੀਸ਼ੀਅਲ ਰੈਜੋਲਿਊਸ਼ਨ ਵੀ ਸਿਰਫ ਫੰਡਾਮੈਂਟਲ ਡਿਊਟੀਜ਼, ਮੌਲਿਕ ਕਰਤੱਵਾਂ ਦੇ ਉੱਪਰ ਹੈ ਪਰ ਜੇ ਵੇਖਿਆ ਜਾਵੇ ਤਾਂ ਜਿਹੜਾ ਆਪਣਾ ਅਸਲ ਕਾਂਸਟੀਚਿਊਸ਼ਨ ਸੀ, ਜਿਹੜਾ ਬਾਬਾ ਸਾਹਿਬ ਨੇ ਬਣਾਇਆ, ਉਸ ਵਿੱਚ ਤਾਂ ਫੰਡਾਮੈਂਟਲ ਡਿਊਟੀਜ਼ ਹੈ ਹੀ ਨਹੀਂ। ਉਸ ਵਿੱਚ ਫੰਡਾਮੈਂਟਲ ਰਾਈਟਸ, ਸਾਡੇ ਜਿਹੜੇ ਹੱਕ ਹਨ ਔਰ ਜਿਹੜੇ ਡਾਇਰੈਕਟਿਵ ਪ੍ਰਿੰਸੀਪਲਜ਼ ਹਨ, ਉਨ੍ਹਾਂ ਦਾ ਜ਼ਿਕਰ ਹੈ । ਜਿਹੜੀਆਂ ਫੰਡਾਮੈਂਟਲ ਡਿਊਟੀਜ਼ ਹਨ, ਇਹ ਐਮਰਜੈਂਸੀ ਦੇ ਦੌਰਾਨ 1976 ਦੇ ਵਿੱਚ 42ਵੀਂ ਸੋਧ ਦੇ ਤਹਿਤ ਲਿਆਂਦੀਆਂ ਗਈਆਂ।

**Mr. Speaker :** But he had warned on certain issues. ਉਨ੍ਹਾਂ ਨੇ warn ਕੀਤਾ ਸੀ, ਉਨ੍ਹਾਂ ਦੀ ਰੂਹ ਹੈ।

**ਸ਼੍ਰੀ ਕੰਵਰ ਸੰਧੂ :** ਹਾਂ ਜੀ। ਉਨ੍ਹਾਂ ਨੇ ਜ਼ਿਕਰ ਜ਼ਰੂਰ ਕੀਤਾ ਸੀ ਕਿ ਕੁਝ ਇਸ ਤਰ੍ਹਾਂ ਦੀਆਂ ਚੀਜ਼ਾਂ ਦੀ ਲੋੜ ਹੈ ਪਰ ਉਨ੍ਹਾਂ ਨੂੰ ਲੱਗਿਆ ਸੀ ਕਿ ਸਾਡੇ ਜਿਹੜੇ ਫੰਡਾਮੈਂਟਲ ਰਾਈਟਸ ਹਨ, ਉਨ੍ਹਾਂ ਨੂੰ ਪਹਿਲ ਦੇਣੀ ਚਾਹੀਦੀ ਹੈ । ਸਪੀਕਰ ਸਾਹਿਬ, ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਜਿਹੜੇ ਫੰਡਾਮੈਂਟਲ ਰਾਈਟਸ ਹਨ, ਉਨ੍ਹਾਂ ਨੂੰ ਬਿਲਕੁਲ ਨਜ਼ਰਅੰਦਾਜ਼ ਕੀਤਾ ਗਿਆ ਹੈ। ਅੱਜ ਵਾਲੇ ਆਫੀਸ਼ੀਅਲ ਰੈਜੋਲਿਊਸ਼ਨ ਦੇ ਵਿੱਚ ਬੜੀ ਚੰਗੀ ਗੱਲ ਹੈ ਕਿ ਉਸ ਵਿੱਚ ਇੱਕ ਅਮੈਂਡਮੈਂਟ ਲਿਆਂਦੀ ਗਈ ਹੈ, ਉਸ ਵਿਚ ਇੱਕ ਜ਼ਮੀਮਾ ਲਿਆਂਦਾ ਗਿਆ ਹੈ ਕਿ ਜਿਹੜਾ ਬੇਸਿਕ ਸਟਰਕਚਰ ਹੈ, ਜਿਹੜਾ ਮੁੱਢਲਾ ਢਾਂਚਾ ਹੈ ਉਹ ਵੀ ਬਰਕਰਾਰ ਰਹੇ, ਇਹ ਬੜੀ ਚੰਗੀ ਗੱਲ ਹੈ ਪਰ ਮੇਰੀ ਗੁਜ਼ਾਰਿਸ਼ ਹੈ ਕਿ ਫੰਡਾਮੈਂਟਲ ਰਾਈਟਸ ਦਾ ਜ਼ਿਕਰ ਵੀ ਜ਼ਰੂਰ

ਕਰੀਏ ਕਿਉਂਕਿ ਜੋ ਜਿਸ ਤਰ੍ਹਾਂ ਦੇ ਜ਼ੁਲਮ ਹੋ ਰਹੇ ਹਨ, 70 ਸਾਲ ਦੀ ਅਜਾਦੀ ਤੋਂ ਬਾਅਦ ਵੀ ਇਨਜਸਟਿਸਿਜ਼ ਹੋ ਰਹੀਆਂ ਹਨ, ਉਸ ਵਾਸਤੇ ਫੰਡਾਮੈਂਟਲ ਰਾਈਟਸ ਦੇ ਉੱਤੇ ਇੰਫੈਸਾਈਜ਼ ਕਰਨਾ ਬਹੁਤ ਜ਼ਰੂਰੀ ਹੈ। ਇਹ ਫੰਡਾਮੈਂਟਲ ਡਿਊਟੀਜ਼ ਐਮਰਜੈਂਸੀ ਵੇਲੇ ਲਿਆਂਦੀਆਂ ਗਈਆਂ ਸੀ। ਉਸ ਵੇਲੇ ਇਹ ਆਮ ਦੱਸਿਆ ਜਾਂਦਾ ਸੀ ਕਿ ਅਸੀਂ ਇਹ ਸੋਵੀਅਤ ਯੂਨੀਅਨ, ਯੂ.ਐਸ.ਐਸ.ਆਰ. ਤੋਂ ਬੋਰੋ ਕੀਤਾ ਸੀ, ਉਹ ਸੋਵੀਅਤ ਯੂਨੀਅਨ, ਉਹ ਯੂ.ਐਸ.ਐਸ.ਆਰ. ਜਿਸ ਦੀ ਇਸ ਵੇਲੇ ਹੋਂਦ ਹੈ ਹੀ ਨਹੀਂ, ਹੁਣ ਉਹ ਇੱਕ ਵੱਖਰੀ ਸ਼ਕਲ ਲੈ ਗਿਆ। ਚਲੋ, ਫਿਰ ਵੀ ਫੰਡਾਮੈਂਟਲ ਡਿਊਟੀਜ਼ ਦੀ ਲੋੜ ਹੈ। ਸਪੀਕਰ ਸਾਹਿਬ, ਇੱਥੇ ਐਮਰਜੈਂਸੀ ਦਾ ਵੀ ਜ਼ਿਕਰ ਹੋਇਆ ਹੈ। ਮੈਂ ਇਸ ਗੱਲ ਵਿੱਚ ਨਹੀਂ ਜਾਣਾ ਚਾਹੁੰਦਾ ਕਿ ਇਹ ਕਿਸ ਨੇ ਲਗਾਈ ਅਤੇ ਕਿਉਂ ਲਗਾਈ ਪਰ ਇਹ ਹਮੇਸ਼ਾ ਵਾਸਤੇ ਸਾਡੇ ਲਈ black mark ਹੈ, ਕਾਲਾ ਧੱਬਾ ਹੈ। ਜੇ ਲੋਕਾਂ ਨੇ ਉਸ ਵੇਲੇ ਇਸ ਦਾ ਵਿਰੋਧ ਕੀਤਾ ਤਾਂ ਉਨ੍ਹਾਂ ਦੀ ਸ਼ਲਾਘਾ ਕਰਨੀ ਵੀ ਜ਼ਰੂਰ ਬਣਦੀ ਹੈ। ਹਾਲਾਂਕਿ ਉਨ੍ਹਾਂ ਵਿਚੋਂ ਕੁਝ ਲੋਕ ਹੁਣ ਹੋਰ ਤਰੀਕੇ ਨਾਲ ਸਾਡੇ ਸੰਵਿਧਾਨ ਨਾਲ ਧੱਕਾ ਕਰ ਰਹੇ ਹਨ।

ਸਪੀਕਰ ਸਾਹਿਬ, ਸਾਡੇ ਸੰਵਿਧਾਨ ਦਾ Preamble ਕਹਿੰਦਾ ਹੈ: We, the people of India... ਸਪੀਕਰ ਸਾਹਿਬ, the people of India, ਕਿਹੜੇ ਲੋਕ...? ਤੁਹਾਨੂੰ ਲਗਦਾ ਹੈ ਕਿ ਬੰਤ ਸਿੰਘ, ਜਿਹੜਾ ਆਪਣੀ ਬੱਚੀ ਦੀ ਇੱਜ਼ਤ ਬਚਾਉਂਦਾ ਆਪਣੇ ਹੱਥ-ਪੈਰ ਗੁਆ ਚੁੱਕਾ ਹੈ, ਉਹ ਸੰਵਿਧਾਨ ਚੁੱਕ ਕੇ ਕਹਿ ਸਕਦਾ ਹੈ : We, the people... ਜਾਂ ਭੀਮ ਟਾਂਕ, ਜਿਸ ਨੂੰ ਬੜੀ ਬੇਰਹਿਮੀ ਨਾਲ ਕੁੱਟਿਆ ਗਿਆ, ਉਹ ਕਹਿ ਸਕਦਾ ਹੈ? ਇਹ ਥੋੜ੍ਹੀ ਪੁਰਾਣੀ ਗੱਲ ਹੈ ਜਾਂ ਜਗਮੇਲ ਸਿੰਘ ਕਹਿ ਸਕਦਾ ਹੈ : We, the people... ਇਹ ਥੋੜ੍ਹੇ ਜਿਹੜੇ ਰਸੂਖ ਵਾਲੇ ਲੋਕ ਹਨ, ਜਿਹੜੇ We, the people ਹਨ, ਜਿਹੜੇ ਇਸ ਵੇਲੇ ਇਹ ਸਾਰੇ benefits enjoy ਕਰ ਰਹੇ ਹਨ। ਮੈਂ ਥੋੜ੍ਹੇ ਜਿਹੇ ਵੱਖਰੇ ਪਹਿਲੂ ਤੇ ਜਾਣਾ ਚਾਹੁੰਦਾ ਹਾਂ। ਸੰਵਿਧਾਨ ਦਾ ਜਿਹੜਾ ਪਹਿਲਾ ਹਿੱਸਾ ਹੈ, ਉਹ ਕਹਿੰਦਾ ਹੈ : India, that is Bharat, shall be a Union of States. ਸਪੀਕਰ ਸਾਹਿਬ, ਅਸੀਂ ਪਿਛਲੇ 70 ਸਾਲਾਂ ਵਿੱਚ ਆਪਣੇ ਰਾਜਾਂ ਨਾਲ ਕੀ ਕੀਤਾ? ਖਿਲਵਾੜ ਕੀਤਾ। ਮੈਂ ਦੇਖ ਰਿਹਾ ਸੀ, 3-4 ਦਿਨ ਪਹਿਲਾਂ ਸਾਡੇ ਆਨਰੇਬਲ ਵਿੱਤ ਮੰਤਰੀ ਦਿੱਲੀ ਗਏ ਸੀ, ਉਨ੍ਹਾਂ ਨੇ ਜ਼ਿਕਰ ਕੀਤਾ ਕਿ ਜਿਹੜਾ ਸਾਡਾ ਹੱਕ ਬਣਦਾ ਹੈ, ਉਹ GST share ਨਹੀਂ ਮਿਲ ਰਿਹਾ। ਸੋ, ਅਸੀਂ ਸਟੇਟਾਂ ਦੀ ਇਹ ਹਾਲਤ ਕਰ ਦਿੱਤੀ। ਇਹੋ ਜਿਹੇ ਕਾਨੂੰਨ ਬਣਾਏ ਹਨ ਕਿ ਜਿਹੜੇ ਸਾਡੇ ਹੱਕ ਹਨ, ਉਨ੍ਹਾਂ ਵਾਸਤੇ ਵੀ ਮਿੰਨਤ-ਤਰਲਾ ਕਰਨਾ ਪੈਂਦਾ ਹੈ, ਇਨ੍ਹਾਂ ਨੇ ਸਟੇਟਾਂ ਨੂੰ ਭਿਖਾਰੀ ਬਣਾ ਦਿੱਤਾ।

ਇੱਥੇ ਕਸ਼ਮੀਰ ਦਾ ਵੀ ਜ਼ਿਕਰ ਹੋਇਆ। ਸੰਵਿਧਾਨ ਵਿੱਚ ਕਿਹੜਾ ਕਲਾਜ਼ ਕਹਿੰਦਾ ਹੈ ਕਿ ਇਕ ਸਟੇਟ ਨੂੰ ਤੋੜ ਕੇ ਤੁਸੀਂ Union Territory ਬਣਾ ਦਿਓ। ਮੈਨੂੰ ਬੜਾ ਅਫਸੋਸ ਹੁੰਦਾ ਹੈ including this House ਮੁਲਕ ਵਿੱਚ ਕਿਸੇ ਅਸੈਂਬਲੀ ਨੇ ਇਸ ਵਾਸਤੇ ਰੈਜ਼ੋਲਿਊਸ਼ਨ ਪਾਸ ਨਹੀਂ ਕੀਤਾ ਕਿ ਇਹ ਗਲਤ ਹੋਇਆ ਹੈ। ਇਹ ਸੰਵਿਧਾਨ ਦੀਆਂ provisions ਦੀ ਉਲੰਘਣਾ ਹੈ। ਮੈਂ ਸੋਚ ਰਿਹਾ ਸੀ ਕਿ ਅੱਜ ਕੋਈ

ਇਹੋ ਜਿਹੀ ਸਟੇਟ ਹੁੰਦੀ। ਸੰਨ 1947 ਵਿੱਚ ਬਹੁਤ ਇਹੋ ਜਿਹੀਆਂ Princely States ਨੂੰ ਜੋੜ ਕੇ ਅਸੀਂ Union of States ਬਣਾਇਆ, ਜੇ ਅੱਜ ਕੋਈ ਇਹੋ ਜਿਹੀ ਸਟੇਟ ਹੁੰਦੀ ਜਿਸ ਨੂੰ ਨਾਲ ਰਲਾਉਣਾ ਹੁੰਦਾ, ਕੀ ਉਸ ਨੇ ਸਾਡੇ ਨਾਲ ਰਲਣਾ ਸੀ?

7th Schedule of Constitution ਬਹੁਤ ਅਹਿਮ ਹਿੱਸਾ ਹੈ, ਜਿਸ ਵਿੱਚ ਇਕ ਯੂਨੀਅਨ ਲਿਸਟ ਹੈ, ਇਕ ਸਟੇਟ ਲਿਸਟ ਹੈ ਅਤੇ ਇਕ ਕਨਕਰੰਟ ਲਿਸਟ ਹੈ। ਕਿੰਨੇ ਅਫਸੋਸ ਦੀ ਗੱਲ ਹੈ ਕਿ ਉਨ੍ਹਾਂ ਤਿੰਨਾਂ ਲਿਸਟਾਂ ਵਿਚੋਂ ਸਟੇਟ ਲਿਸਟ ਦੀ ਆਈਟਮ ਘਟਾਈ ਜਾਂਦੇ ਹਨ ਅਤੇ ਯੂਨੀਅਨ ਲਿਸਟ ਅਤੇ ਕਨਕਰੰਟ ਲਿਸਟ ਵਧੀ ਜਾਂਦੀ ਹੈ। ਇਹ ਲਗਾਤਾਰ ਹੁੰਦਾ ਰਿਹਾ ਹੈ। ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਜਿਹੜੀ centralisation ਹੋ ਰਹੀ ਹੈ, ਸਾਡੇ ਸਾਥੀ ਜਿਹੜੇ ਸਾਡੇ left ਤੇ ਬੈਠੇ ਹਨ, ਇਨ੍ਹਾਂ ਨੇ ਵਾਕਿਆ ਹੀ ਬੜੇ ਸਾਲ federal ਢਾਂਚੇ ਵਾਸਤੇ ਜੱਦੋ ਜਹਿਦ ਕੀਤੀ ਹੈ ਪਰ ਉਹ ਵੀ ਹੋਲੀ ਹੋਲੀ ਨਾਲ ਰਲ ਗਏ ਹਨ। ਇਸ ਵੇਲੇ ਸਟੇਟ ਲਿਸਟ ਵਿੱਚ ਸਿਰਫ 61 ਆਈਟਮਸ ਰਹਿ ਗਏ ਹਨ, ਜਿਹੜੇ ਕਿ 66 ਹੁੰਦੇ ਸਨ। ਜਿਵੇਂ ਦੱਸਿਆ ਗਿਆ ਹੈ ਕਿ ਐਜੂਕੇਸ਼ਨ ਦਾ ਸਬਜੈਕਟ, ਜਿਸ ਦਾ 42ਵੀਂ ਅਮੈਂਡਮੈਂਟ ਵੇਲੇ ਐਮਰਜੈਂਸੀ ਦੌਰਾਨ ਨੁਕਸਾਨ ਹੋਇਆ ਹੈ। ਐਜੂਕੇਸ਼ਨ ਲੈ ਲਈ, ਫਾਰੈਸਟ, ਹੋਰ ਤਾਂ ਹੋਰ administration of justice ਵੀ ਸਟੇਟਾਂ ਤੋਂ ਲੈ ਲਿਆ ਗਿਆ ਅਤੇ ਉਸ ਨੂੰ ਕਨਕਰੰਟ ਲਿਸਟ ਵਿੱਚ ਪਾ ਦਿੱਤਾ। ਕੀ ਸਟੇਟਾਂ ਕਿਸੇ ਨੂੰ ਇਨਸਾਫ ਨਹੀਂ ਦੇ ਸਕਦੀਆਂ? ਸੋ, ਅਸੀਂ ਲਗਾਤਾਰ ਸਟੇਟਾਂ ਨੂੰ ਕਮਜ਼ੋਰ ਕਰ ਰਹੇ ਹਾਂ। ਹਾਲਾਂਕਿ ਅਸੀਂ ਕਹਿੰਦੇ ਹਾਂ ਕਿ We are a federal State. ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਸ ਮੁਲਕ ਵਿੱਚ ਲਗਾਤਾਰ ਮੁਹਿੰਮ ਚਲਾਉਣ ਦੀ ਲੋੜ ਹੈ ਲੇਕਿਨ ਕੋਈ ਨਹੀਂ ਬੋਲ ਰਿਹਾ।

7th Schedule ਦੇ ਤਹਿਤ ਆਪਣੀ ਇਸ ਸਟੇਟ ਵਿੱਚ ਪਾਣੀਆਂ ਦੀ ਗੱਲ ਕਾਫੀ ਹੁੰਦੀ ਰਹੀ ਹੈ। ਮੈਨੂੰ ਪਤਾ ਹੈ ਕਿ ਲੋਕ ਇਨਸਾਫ ਪਾਰਟੀ ਇਸ ਬਾਰੇ ਗੱਲ ਕਰਦੀ ਰਹੀ ਹੈ, ਆਪਾਂ ਸਾਰੇ ਗੱਲ ਕਰਦੇ ਰਹੇ ਹਾਂ। ਸਟੇਟ ਲਿਸਟ ਵਿੱਚ ਇਹ 17ਵੇਂ ਨੰਬਰ ਤੇ ਹੈ ਲੇਕਿਨ ਯੂਨੀਅਨ ਲਿਸਟ ਵਿੱਚ 56 ਨੰਬਰ ਤੇ ਆਈਟਮ ਹੈ। ਜਦੋਂ ਇੱਥੇ ਸਾਲ 2004 ਵਿੱਚ ਕਾਨੂੰਨ ਬਣਿਆ ਤਾਂ ਉਹ over rule ਹੋ ਜਾਂਦਾ ਹੈ ਕਿਉਂਕਿ 56 ਨੰਬਰ ਆਈਟਮ ਯੂਨੀਅਨ ਲਿਸਟ ਵਿੱਚ ਹੈ। ਇਸ ਵਿੱਚ ਇਕ correction ਕਰਨ ਦੀ ਲੋੜ ਹੈ, ਜੇ ਸਟੇਟ ਸਬਜੈਕਟ ਹੈ ਤਾਂ ਫੇਰ ਸਟੇਟ ਸਬਜੈਕਟ ਹੈ, ਫੇਰ ਇਸ ਨੂੰ ਅਸੀਂ over rule ਕਿਵੇਂ ਕਰ ਸਕਦੇ ਹਾਂ? ਇਸ ਨਾਲ ਸਾਡੇ ਹੱਕ ਖੋਹੇ ਜਾਂਦੇ ਹਨ ਅਤੇ ਤੁਸੀਂ ਕੁਝ ਨਹੀਂ ਕਰ ਸਕਦੇ। ਸਾਲ 2016-17 ਵਿੱਚ ਜਿਹੜੀ GST ਲਿਆਂਦੀ ਗਈ, ਉਸ ਨਾਲ ਟੈਕਸੇਸ਼ਨ ਦੀ ਪਾਵਰ ਵੀ ਇਥੋਂ ਲੈ ਗਏ। ਹੁਣ ਸਾਡੇ ਕੋਲ ਟੈਕਸੇਸ਼ਨ ਦੀ ਪਾਵਰ ਵੀ ਨਹੀਂ ਹੈ ਅਤੇ ਇਸ ਵਾਸਤੇ ਕਿਹਾ ਜਾਂਦਾ ਹੈ ਕਿ ਅਸੀਂ cooperative federalism ਕਰ ਰਹੇ ਹਾਂ। ਇਹ ਕਿਹੜੀ cooperative federalism ਹੈ, ਇਹ ਤਾਂ ਸਟੇਟਾਂ ਦੀ ਲੁੱਟ ਹੈ। ਸਪੀਕਰ ਸਾਹਿਬ, ਸਟੇਟਾਂ ਨਾਲ ਧੋਖਾ ਹੋ ਰਿਹਾ ਹੈ। ਇਸ ਵਿੱਚ ਚਾਹੀਦਾ ਤਾਂ ਇਹ ਹੈ ਕਿ ਜਦੋਂ GST ਲਿਆਂਦੀ

Under Print
Not for Legal/Official use

ਗਈ ਸੀ, ਜੇਕਰ ਸਟੇਟਾਂ ਦਾ ਸ਼ੇਅਰ ਉਨ੍ਹਾਂ ਨੂੰ ਨਹੀਂ ਜਾਂਦਾ ਤਾਂ ਸੈਂਟਰ ਨੂੰ ਉਨ੍ਹਾਂ ਨੂੰ ਪੀਨਲ ਇੰਟਰਸਟ ਦੇ ਨਾਲ ਪੈਸਾ ਦੇਣਾ ਚਾਹੀਦਾ ਹੈ। ਅਸੀਂ ਜਦੋਂ ਸੈਂਟਰ ਸਰਕਾਰ ਤੋਂ ਕਰਜ਼ਾ ਲੈਂਦੇ ਹਾਂ ਤਾਂ ਉਸ 'ਤੇ ਇੰਟਰਸਟ ਦੇਣਾ ਪੈਂਦਾ ਹੈ ਪਰ ਜਦੋਂ ਸੈਂਟਰ ਸਰਕਾਰ ਸਾਡੇ ਪੈਸੇ ਨਹੀਂ ਦਿੰਦੀ ਤਾਂ ਸਾਨੂੰ ਉਨ੍ਹਾਂ ਪੈਸਿਆਂ ਤੇ ਇੰਟਰਸਟ ਕਿਉਂ ਦੇਣਾ ਪੈਂਦਾ ਹੈ? ਸੋ, ਸਟੇਟਾਂ ਨਾਲ ਲਗਾਤਾਰ ਅਜਿਹਾ ਹੋ ਰਿਹਾ ਹੈ। ਮੈਨੂੰ ਹੁਣ ਪਤਾ ਲੱਗਾ ਹੈ ਕਿ ਆਰਟੀਕਲ 302 ਅਤੇ 304 ਦੇ ਵਿੱਚ ਵੀ ਸੋਧ ਹੋਣ ਜਾ ਰਹੀ ਹੈ। ਜੇ ਆਰਟੀਕਲ 304 ਵਿੱਚ ਸੋਧ ਹੋ ਗਈ ਤਾਂ ਇਸ ਦਾ ਮਤਲਬ ਹੈ ਕਿ ਸਟੇਟ ਕੋਈ ਇਹੋ ਜਿਹਾ ਕਾਨੂੰਨ ਨਹੀਂ ਬਣਾ ਸਕਦਾ ਕਿ ਬਾਹਰੋਂ ਤੁਹਾਡੀ ਸਟੇਟ ਵਿੱਚ ਕੋਈ ਚੀਜ਼ ਆਵੇ, ਬਾਹਰੋਂ ਕੋਈ ਚੀਜ਼ ਨਹੀਂ ਆ ਸਕਦੀ। ਫਿਰ ਸਟੇਟਾਂ ਕਾਹਦੀਆਂ ਰਹਿ ਗਈਆਂ? ਫਿਰ ਤਾਂ ਸਟੇਟਾਂ ਨਾਮ-ਮਾਤਰ ਹੀ ਰਹਿ ਗਈਆਂ। ਫਿਰ ਤਾਂ ਸਟੇਟਾਂ ਸੈਂਟਰ ਗੌਰਮਿੰਟ ਦੇ ਰਹਿਮੋ-ਕਰਮ ਤੇ ਹੀ ਰਹਿ ਗਈਆਂ। ਸਪੀਕਰ ਸਾਹਿਬ, ਮੈਂ ਫਿਰ ਰਿਕੁਐਸਟ ਕਰਦਾ ਹਾਂ ਕਿ ਸਾਨੂੰ ਕੰਟਰੀਵਾਈਡ ਇੱਕ ਮੂਵਮੈਂਟ ਬਣਾਉਣ ਦੀ ਲੋੜ ਹੈ ਅਤੇ ਪੰਜਾਬ ਨੂੰ ...

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸ਼੍ਰੀ ਕੰਵਰ ਸੰਧੂ :** ਸਪੀਕਰ ਸਾਹਿਬ, ਪੰਜਾਬ ਨੂੰ ਇਸ ਦੀ ਪਹਿਲਕਦਮੀ ਕਰਨੀ ਚਾਹੀਦੀ ਹੈ ਤਾਂ ਕਿ ਬਾਕੀ ਸਟੇਟਾਂ ਵੀ ਸਾਡੇ ਨਾਲ ਰਲ਼ ਜਾਣ। ਇਹ ਪ੍ਰੋਸੈਸ ਰਿਵਰਸ ਹੋਵੇ ਅਤੇ ਸਟੇਟਾਂ ਨੂੰ ਆਪਣੇ ਹੱਕ ਮਿਲਣ। ਫੈਡਰਲ ਢਾਂਚਾ ਸਹੀ ਇੰਪਲੀਮੈਂਟ ਹੋਵੇ । ਮੈਂ ਫਿਰ ਰਿਕੁਐਸਟ ਕਰਦਾ ਹਾਂ ਕਿ ਆਫੀਸ਼ੀਅਲ ਰੈਜ਼ੋਲਿਊਸ਼ਨ ਦੇ ਵਿੱਚ ਫੰਡਾਮੈਂਟਲ ਰਾਈਟਸ ਦਾ ਡਿਊਟੀਜ਼ ਦੇ ਨਾਲ ਜ਼ਿਕਰ ਹੋਵੇ। ਬਹੁਤ-ਬਹੁਤ ਧੰਨਵਾਦ ਜੀ।

**ਡਾਕਟਰ ਰਾਜ ਕੁਮਾਰ ਵੇਰਕਾ (ਅੰਮ੍ਰਿਤਸਰ ਪੱਛਮੀ, ਐਸ.ਸੀ.) :** ਸਪੀਕਰ ਸਾਹਿਬ, ਧੰਨਵਾਦ ਜੀ। ਅੱਜ ਅਸੀਂ ਸਾਰੇ ਦੇਸ਼ ਦੇ ਸੰਵਿਧਾਨ 'ਤੇ ਚਰਚਾ ਕਰ ਰਹੇ ਹਾਂ। ਮੈਨੂੰ ਬੜੇ ਦੁਖ ਨਾਲ ਕਹਿਣਾ ਪੈ ਰਿਹਾ ਹੈ ਕਿ ਜਦੋਂ ਦੇਸ਼ ਦੇ ਸੰਵਿਧਾਨ ਤੇ ਚਰਚਾ ਕਰ ਰਹੇ ਹੋਈਏ, ਉਦੋਂ ਕੋਈ ਤੇਰ-ਮੇਰ ਨਹੀਂ ਹੋਣੀ ਚਾਹੀਦੀ। ਮੈਂ ਇੱਕ ਲਾਈਨ ਕਹਾਂਗਾ ਕਿ ਤੇਰ ਮੇਰ ਨੇ ਤੋੜੇ ਸਾਡੇ ਕਿੰਨੇ ਸਾਂਝੇ ਚੁੱਲੇ। ਦੇਸ਼ ਵਿੱਚ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਇਸ ਦੇਸ਼ ਵਿੱਚ ਦੋ ਤਰ੍ਹਾਂ ਦੀ ਲੜਾਈ ਲੜੀ ਜਾ ਰਹੀ ਸੀ, ਇੱਕ ਤਾਂ ਗੈਰ-ਬਰਾਬਰੀ ਦੇ ਖਿਲਾਫ ਲੜਾਈ, ਛੂਆ-ਛੂਤ ਅਤੇ ਜਾਤ-ਪਾਤ ਦੇ ਖਿਲਾਫ ਲੜਾਈ ਸੀ ਅਤੇ ਦੂਸਰੇ ਪਾਸੇ ਅੰਗਰੇਜ਼ਾਂ ਦੇ ਖਿਲਾਫ, ਦੇਸ਼ ਨੂੰ ਅਜ਼ਾਦ ਕਰਵਾਉਣ ਦੀ ਲੜਾਈ ਲੜੀ ਜਾ ਰਹੀ ਸੀ। ਉਸ ਵਕਤ ਦਾ ਜਿਹੜਾ ਰੂੜੀਵਾਦੀ ਸਮਾਜ ਸੀ, ਜਿਸ ਵਕਤ ਪੜ੍ਹਨ ਦੀ ਅਜ਼ਾਦੀ ਨਹੀਂ ਸੀ, ਮੰਦਰਾਂ ਵਿੱਚ ਜਾਣ ਦੀ ਅਜ਼ਾਦੀ ਨਹੀਂ ਸੀ, ਤਲਾਬ ਅਤੇ ਖੂਹਾਂ ਵਿਚੋਂ ਪਾਣੀ ਪੀਣ ਦੀ ਅਜ਼ਾਦੀ ਨਹੀਂ ਸੀ ਅਤੇ ਉਹ ਸਾਰੀ ਗੈਰ-ਬਰਾਬਰੀ ਦੇ ਖਿਲਾਫ ਲੜਾਈ ਬਾਬਾ ਸਾਹਿਬ ਅੰਬੇਦਕਰ ਜੀ ਲੜ ਰਹੇ ਸੀ। ਉਸ ਵਕਤ ਦਾ ਰੂੜ੍ਹੀਵਾਦੀ ਸਮਾਜ ਇਹ ਕਹਿੰਦਾ ਸੀ: 'ਢੋਲ, ਗੰਵਾਰ, ਸ਼ੂਦਰ, ਪਸ਼ੂ, ਨਾਰੀ ਯਹ ਸਭ ਤਾੜਨ ਕੇ ਅਧਿਕਾਰੀ।' ਬਾਬਾ ਸਾਹਿਬ ਅੰਬੇਦਕਰ ਜੀ ਨੇ ਸੰਵਿਧਾਨ ਲਿਖਦੇ ਹੋਏ ਕਿਹਾ ਕਿ ਢੋਲ, ਗੰਵਾਰ, ਸ਼ੂਦਰ, ਪਸ਼ੂ, ਨਾਰੀ ਇਹ ਸਭ ਬਰਾਬਰ ਦੇ ਅਧਿਕਾਰੀ। ਜਿਸ ਔਰਤ ਨੂੰ

ਉਹ ਰੂੜੀਵਾਦੀ ਸਮਾਜ ਪੈਰ੍ਹਾਂ ਦੀ ਜੁੱਤੀ ਕਹਿੰਦਾ ਸੀ, ਬਾਬਾ ਸਾਹਿਬ ਅੰਬੇਦਕਰ ਨੇ ਉਸ ਨੂੰ ਸਿਰ ਦਾ ਤਾਜ ਕਿਹਾ। ਮੈਂ ਦੱਸਣਾ ਚਾਹੁੰਦਾ ਹਾਂ ਕਿ ਬਾਬਾ ਸਾਹਿਬ ਅੰਬੇਦਕਰ ਨੇ ਜਦੋਂ ਪਾਰਲੀਮੈਂਟ ਦੀ ਸੀਟ ਤੋਂ ਅਸਤੀਫਾ ਦਿੱਤਾ ਸੀ ਤਾਂ ਉਹ ਕੋਈ ਦਲਿਤ ਹੱਕਾਂ ਵਾਸਤੇ ਨਹੀਂ ਸਗੋਂ ਵਿਮੈਨ ਇੰਪਾਵਰਮੈਂਟ ਲਈ ਦਿੱਤਾ ਸੀ। ਅੱਜ ਅਸੀਂ ਚਰਚਾਵਾਂ ਕਰਦੇ ਹਾਂ ਕਿ ਮਹਿਲਾਵਾਂ ਨੂੰ ਬਰਾਬਰ ਦਾ ਅਧਿਕਾਰ ਮਿਲੇ, ਬਾਬਾ ਸਾਹਿਬ ਅੰਬੇਦਕਰ ਨੇ ਜਿਸ ਵਿਮੈਨ ਇੰਪਾਵਰਮੈਂਟ ਦਾ ਬਿਲ ਪਾਰਲੀਮੈਂਟ ਦੇ ਅੰਦਰ ਪੇਸ਼ ਕੀਤਾ, ਜਦੋਂ ਉਸ ਦਾ ਵਿਰੋਧ ਉਸ ਵਕਤ ਦੀ ਪਾਰਲੀਮੈਂਟ ਨੇ ਕੀਤਾ ਤਾਂ ਬਾਬਾ ਸਾਹਿਬ ਨੇ ਮਹਿਲਾਵਾਂ ਦੇ ਅਧਿਕਾਰਾਂ ਨੂੰ ਪੂਰਾ ਨਾ ਹੁੰਦਾ ਵੇਖ ਕੇ ਆਪਣੇ ਪਦ ਤੋਂ ਅਸਤੀਫਾ ਦੇ ਦਿੱਤਾ ਸੀ। ਅੱਜ ਕਿੰਨੇ ਕੁ ਲੋਕ ਹਨ, ਜਿਹੜੇ ਗੈਰ-ਬਰਾਬਰੀ ਦੇ ਖਿਲਾਫ ਲੜਾਈ ਲੜਦੇ ਹਨ? ਕਿੰਨੇ ਕੁ ਲੋਕ ਹਨ ਜਿਹੜੇ ਗਰੀਬ ਔਰ ਦਲਿਤ ਦੀ ਗੱਲ ਕਰ ਰਹੇ ਹਨ? ਸਪੀਕਰ ਸਾਹਿਬ, ਮੈਂ ਇੱਕ ਗੱਲ ਕਹਿਣੀ ਚਾਹੁੰਦਾ ਹਾਂ ਕਿ ਅੱਜ ਵੀ ਗੈਰ-ਬਰਾਬਰੀ ਹੈ। ਸਾਡੇ ਦੇਸ਼ ਦਾ ਸੰਵਿਧਾਨ ਕਿਉਂ ਬਣਿਆ? ਇਹ ਇਸ ਵਾਸਤੇ ਬਣਿਆ ਤਾਂ ਕਿ ਇਹ ਚੀਜ਼ਾਂ ਖਤਮ ਹੋਣ ਅਤੇ ਲੋਕਾਂ ਨੂੰ ਨੌਕਰੀਆਂ ਅਤੇ ਰੁਜ਼ਗਾਰ ਦੇ ਵਸੀਲੇ ਮਿਲਣ । ਬਾਬਾ ਸਾਹਿਬ ਅੰਬੇਦਕਰ ਜੀ ਨੇ ਇਹ ਕਦੇ ਨਹੀਂ ਕਿਹਾ ਕਿ ਜਿਹੜਾ ਅੱਗੇ ਲੰਘ ਗਿਆ, ਉਸ ਨੂੰ ਪਿੱਛੇ ਸੁੱਟੋ। ਬਾਬਾ ਸਾਹਿਬ ਨੇ ਕਿਹਾ ਕਿ ਜਿਹੜਾ ਕੋਈ ਪਿੱਛੇ ਰਹਿ ਗਿਆ, ਭਾਈ, ਉਸ ਨੂੰ ਵੀ ਅੱਗੇ ਆਉਣ ਦਾ ਮੌਕਾ ਦਿਉ। ਉਸ ਨੂੰ ਵੀ ਅੱਗੇ ਵਧਣ ਦਾ ਮੌਕਾ ਦਿਉ। ਲੇਕਿਨ ਮੈਨੂੰ ਇਸ ਗੱਲ ਦੀ ਹੈਰਾਨਗੀ ਹੈ ਕਿ ਦੇਸ਼ ਦੇ ਸੰਵਿਧਾਨ ਦੀ ਅੱਜ ਜਿਹੜੇ ਲੋਕ ਚਰਚਾ ਕਰ ਰਹੇ ਹਨ, ਦੇਸ਼ ਦੇ ਸੰਵਿਧਾਨ ਦੀਆਂ ਜਿਹੜੇ ਲੋਕ ਗੱਲਾਂ ਕਰ ਰਹੇ ਹਨ, ਕਿ ਭਾਈ ਤੁਸੀਂ ਅੱਜ ਗੈਰ-ਬਰਾਬਰੀ ਦਾ ਪਾੜਾ ਖਤਮ ਕਰਨ ਦੀ ਬਜਾਏ ਸਗੋਂ ਉਹ ਪਾੜਾ ਵਧਾ ਰਹੇ ਹੋ। ਬਾਬਾ ਸਾਹਿਬ ਨੇ ਤਾਂ ਕਿਹਾ ਸੀ ਕਿ ਸਰਕਾਰੀ ਸੈਕਟਰ ਨੂੰ ਵਧਾਇਆ ਜਾਣਾ ਚਾਹੀਦਾ ਹੈ ਪਰ ਅੱਜ ਸਰਕਾਰੀ ਸੈਕਟਰ ਨੂੰ ਤਬਾਹ ਕੀਤਾ ਜਾ ਰਿਹਾ ਹੈ ਤੇ ਪ੍ਰਾਈਵੇਟ ਸੈਕਟਰ ਨੂੰ ਵਧਾਇਆ ਜਾ ਰਿਹਾ ਹੈ ਤੇ ਨੌਕਰੀਆਂ ਦੇ ਵਸੀਲੇ ਖਤਮ ਕੀਤੇ ਜਾ ਰਹੇ ਹਨ ਫਿਰ ਕਿਸ ਤਰ੍ਹਾਂ ਬਰਾਬਰ ਦਾ ਸਮਾਜ ਵਿਕਸਤ ਹੋਵੇਗਾ। ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਸੱਚਮੁੱਚ ਸਾਡੀ ਅਸੈਂਬਲੀ ਸੀਰੀਅਸ ਹੈ ਤਾਂ ਅੱਜ ਦੇਸ਼ ਦੇ ਅੰਦਰ ਸਾਨੂੰ ਰੋਲ ਮਾਡਲ ਬਣਨਾ ਚਾਹੀਦਾ ਹੈ ਕਿਉਂਕਿ ਇਹ ਦੇਸ਼ ਦੀ ਸਭ ਤੋਂ ਵੱਡੀ ਦਲਿਤ ਪਾਪੂਲੇਸ਼ਨ ਵਾਲੀ ਅਸੈਂਬਲੀ ਹੈ। ਇਥੇ ਸਾਡੇ ਸਾਥੀਆਂ ਨੇ ਐਜੂਕੇਸ਼ਨ ਦੀ ਗੱਲ ਕੀਤੀ ਹੈ, ਗੈਰ ਬਰਾਬਰੀ ਨੂੰ ਖਤਮ ਕਰਨ ਦੀ ਗੱਲ ਕੀਤੀ ਹੈ। ਸਪੀਕਰ ਸਾਹਿਬ, ਤੁਸੀਂ ਖੁਦ ਝਾਤੀ ਮਾਰ ਕੇ ਦੇਖੋ ਕਿ ਜਿਹੜਾ ਸ਼ਡਿਊਲਡ ਕਾਸਟ ਸਬ ਪਲਾਨ ਹੈ। ਮੈਂ ਪੂਰੇ ਦੇਸ਼ ਦੇ ਸੂਬੇ ਦੀਆਂ ਸਰਕਾਰਾਂ ਵਿਚ ਦੇਖਿਆ ਹੈ ਪਰ ਮੈਨੂੰ ਇਸ ਗੱਲ ਦੀ ਹੈਰਾਨਗੀ ਹੈ ਕਿ ਦੇਸ਼ ਦਾ ਸੰਵਿਧਾਨ ਕਹਿੰਦਾ ਹੈ ਕਿ ਜਿੰਨੀ ਪਾਪੂਲੇਸ਼ਨ ਉਨੀ ਰਿਜ਼ਰਵੇਸ਼ਨ, ਜਿਨਾ ਬਜਟ ਉਨੀ ਐਲੋਕੇਸ਼ਨ ਤੇ ਜਿੰਨੀ ਸਰਕਾਰੀ ਜ਼ਮੀਨ ਹੋਲਡਿੰਗ, ਉਨੀ ਵੰਡ ਲੇਕਿਨ ਅਫਸੋਸ ਨਾਲ ਇਹ ਤਿੰਨੇ ਚੀਜ਼ਾਂ ਕਿਹੜੀ ਜਗ੍ਹਾ ਤੇ ਹੋ ਰਹੀਆਂ ਹਨ, ਕੌਣ ਇਸ ਦਾ ਜ਼ਿੰਮੇਵਾਰ ਹੈ? ਇਕੱਲਾ ਪੰਜਾਬ ਨਹੀਂ ਬਲਕਿ ਪੂਰੇ ਦੇਸ਼ ਦੇ ਅੰਦਰ ਜਿਹੜਾ ਸਬ ਪਲਾਨ ਹੈ, ਉਸਦਾ ਇਹੀ

ਹਾਲ ਹੈ। ਪੰਜਾਬ ਨੇ ਵੀ 27 ਫੀਸਦੀ ਐਲੋਕੇਸ਼ਨ ਕੀਤੀ ਹੈ, ਪਰ ਅੱਜ ਤੱਕ 9 ਫੀਸਦੀ ਤੋਂ ਉੱਪਰ ਕਦੇ ਵੀ ਇਹ ਪੈਸਾ ਖਰਚ ਨਹੀਂ ਹੋਇਆ। ਸਪੀਕਰ ਸਾਹਿਬ, ਅੱਜ ਸਾਡੇ ਸਕੂਲਾਂ ਕਾਲਜਾਂ ਦੇ ਵਿਦਿਆਰਥੀ ਸਕਾਲਰਸ਼ਿਪ ਤੋਂ ਵਾਂਝੇ ਹਨ। ਸਾਡੇ ਹੋਣਹਾਰ ਵਿੱਤ ਮੰਤਰੀ ਜੀ ਬੈਠੇ ਹਨ। ਮੈਂ ਪਾਰਟੀ ਪਲੇਟਫਾਰਮ ਤੋਂ ਨਹੀਂ ਬਲਕਿ ਆਪਣੀ ਰੂਹ ਤੇ ਆਤਮਾ ਤੋਂ ਗੱਲ ਕਰ ਰਿਹਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜੇਕਰ ਤੁਸੀਂ ਸੱਚਮੁੱਚ ਗਰੀਬਾਂ ਦਾ ਭਲਾ ਚਾਹੁੰਦੇ ਹੋ ਤਾਂ ਤੁਸੀਂ ਇਸ ਵਾਸਤੇ ਐਕਟ ਦੇ ਅੰਦਰ ਤਰਮੀਮ ਕਿਉਂ ਨਹੀਂ ਕਰਦੇ ? ਜਿਹੜਾ 27 ਫੀਸਦੀ ਆਰੱਕਸ਼ਣ ਹੈ, ਜਿਹੜੀ 27 ਫੀਸਦੀ ਬਜਟ ਐਲੋਕੇਸ਼ਨ ਹੈ, ਉਸ ਵਿਚੋਂ ਕੇਵਲ 4 ਫੀਸਦੀ ਬੱਚਿਆਂ ਦੀ ਐਜੂਕੇਸ਼ਨ ਤੇ ਸਕਾਲਰਸ਼ਿਪ ਤੇ ਖਰਚ ਕਰਨ ਲਈ ਰਿਜ਼ਰਵ ਰੱਖ ਦਿਓ ਤਾਂ ਸਾਨੂੰ ਹੋਰ ਕੁਝ ਮੰਗਣ ਦੀ ਜ਼ਰੂਰਤ ਨਹੀਂ ਹੈ। ਅਸੀਂ ਕਟੋਰਾ ਲੈ ਕੇ ਮੰਗਣ ਦੇ ਆਦੀ ਨਹੀਂ ਹਾਂ, ਅਸੀਂ ਜ਼ਲੀਲ ਹੋਣ ਦੇ ਆਦੀ ਨਹੀਂ ਹਾਂ, ਅਸੀਂ ਆਪਣੇ ਮਾਂ-ਬਾਪ, ਦਾਦਾ-ਦਾਦੀ ਤੋਂ ਬਹੁਤ ਜ਼ਲਾਲਤ ਦੇ ਕਿੱਸੇ ਸੁਣ ਚੁੱਕੇ ਹਾਂ ਲੇਕਿਨ ਹੁਣ ਅਸੀਂ ਹੋਰ ਜ਼ਲਾਲਤ ਮਹਿਸੂਸ ਨਹੀਂ ਕਰਨਾ ਚਾਹੁੰਦੇ। ਅਸੀਂ ਸ਼ੌਂਕ ਨਹੀਂ ਰੱਖਦੇ ਕਿ ਆਰੱਕਸ਼ਣ ਦਾ ਕਟੋਰਾ ਲੈ ਕੇ ਸਮਾਜ ਕੋਲੋਂ ਕੁਝ ਮੰਗੀਏ ਲੇਕਿਨ ਇਹ ਗੱਲ ਜ਼ਰੂਰ ਹੈ ਕਿ ਬਰਾਬਰੀ ਦਾ ਹਿੱਸਾ ਤੇ ਬਰਾਬਰੀ ਦੇ ਹੱਕ ਤੇ ਚਰਚਾ ਜ਼ਰੂਰ ਹੋਣੀ ਚਾਹੀਦੀ ਹੈ। ਸਪੀਕਰ ਸਾਹਿਬ, ਮੈਂ ਤੁਹਾਨੂੰ ਦੂਸਰੀ ਬੇਨਤੀ ਕਰਨੀ ਹੈ ਕਿ ਅੱਜ ਪੰਜਾਬ ਤੋਂ ਇਲਾਵਾ ਦੇਸ਼ ਅੰਦਰ ਕੁਝ ਘਟਨਾਵਾਂ ਵਾਪਰੀਆਂ ਹਨ। ਐਸ.ਸੀ/ਐਸ.ਟੀ. ਐਕਟ ਨੂੰ ਕਮਜ਼ੋਰ ਕਰਨ ਦੀਆਂ ਸਾਜਿਸ਼ਾਂ ਕੀਤੀਆਂ ਗਈਆਂ ਹਨ, ਇਸ ਐਕਟ ਨੂੰ ਖਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਪ੍ਰੰਤੂ ਮੈਂ ਦੇਸ਼ ਦੀ ਸੁਪਰੀਮ ਕੋਰਟ ਦਾ ਧੰਨਵਾਦ ਕਰਦਾ ਹਾਂ ਕਿ ਜਿਨ੍ਹਾਂ ਨੇ ਇਸ ਐਕਟ ਨੂੰ ਬਚਾਇਆ ਹੈ। ਸਪੀਕਰ ਸਾਹਿਬ, ਮੈਂ ਇਕ ਗੱਲ ਕਹਿਣਾ ਚਾਹੁੰਦਾ ਹਾਂ ਕਿ ਬਾਬਾ ਸਾਹਿਬ ਅੰਬੇਦਕਰ ਦੀ ਕੌਮ ਨੂੰ ਵੋਟ ਬੈਂਕ ਵੱਜੋਂ ਨਾ ਦੇਖਿਆ ਜਾਵੇ। ਮੈਂ ਕਈ ਵਾਰੀ ਚਿੰਤਾ ਵਿਚ ਇਸ ਗੱਲ ਨੂੰ ਦੇਖਿਆ ਹੈ ਕਿ ਵੋਟਾਂ ਵੇਲੇ ਬਹੁਤ ਸਾਰੀਆਂ ਸਿਆਸੀ ਪਾਰਟੀਆਂ ਲਾਰੇ ਲਾਉਂਦੀਆਂ ਹਨ, ਵਾਅਦੇ ਕਰਦੀਆਂ ਹਨ। ਮੈਂ ਆਪਣੇ ਮਨ ਵਿਚ ਸੋਚਦਾ ਹੁੰਦਾ ਹਾਂ ਕਿ ਜਿਹੜੇ ਦੁਨੀਆ ਦੇ ਸਾਇੰਸਦਾਨ ਹਨ, ਖੋਜੀ ਹਨ, ਜਿਹੜੇ ਚੰਦਰਮਾ ਦੀ ਗੱਲ ਕਰ ਰਹੇ ਹਨ ਔਰ ਜਿਹੜੇ ਕਹਿ ਰਹੇ ਹਨ ਕਿ ਅਸੀਂ ਬਹੁਤ ਕੁਝ ਬਣਾ ਦਿੱਤਾ ਹੈ। ਲੇਕਿਨ ਮੈਂ ਉਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਇੱਕ ਲਾਈਨ ਹੋਰ ਬਣਾ ਦਿਓ, ऐ साइंसदानों कोई ऐसी मशीन बना दो, कोई ऐसा आला बना दो कि दिल के दर्द को तोला जा सके, प्यार की गहराई को मापा जा सके, ज़ख्मों को गिना जा सके, सयासत के इस दौर में हर कोई दलितों से ये कहता है, मेरा प्यार सच्चा है, मैं तुम्हारे लिए आसमां से चाँद तारे तोड़ के ले आऊंगा। ऐ साइंसदानों कोई ऐसी मशीन बना दो, कोई ऐसा आला बना दो कि बेवफाई को जाना जा सके, बेवफाओं को पहचाना जा सके। ਸਪੀਕਰ ਸਾਹਿਬ, ਮੈਂ ਕੀ ਕਹਾਂ " कि किताबों में छपते हैं गरीबों की चाहत के किस्से, हकीकत की दुनिया में चाहत नहीं है। ज़माने के बाज़ार में दलित वो शह है कि जिस की वोट के बाद कोई ज़रूरत नहीं है। ** ** । ਜੇ ਸੱਚ- ਮੁੱਚ ਕੋਈ

** Expunged as ordered by Hon'ble Speaker.

Under Print
Not for Legal/Official use

constructive ਕੰਮ ਕਰਨਾ ਚਾਹੁੰਦੇ ਹੋ ਤਾਂ ਰੱਬ ਦੇ ਵਾਸਤੇ ਕੋਈ ਮਿਸਾਲ ਪੈਦਾ ਕਰ ਦਿਓ, ਪੰਜਾਬ ਕੰਸਟੀਚਿਊਸ਼ਨ ਨੂੰ ਬਚਾਉਣ ਵਾਸਤੇ ਅਸੈਂਬਲੀ ਦੇ ਵਿੱਚ ਇਸ ਕੋਈ ਫਰਜ਼ ਅਦਾ ਕਰ ਦਿਓ। ਇੱਕ ਗੱਲ ਅਖੀਰ ਦੇ ਵਿੱਚ ਕਹਿ ਕੇ ਧੰਨਵਾਦ ਕਰਦਾ ਹਾਂ। ਅੱਜ ਸੰਵਿਧਾਨ ਦਾ ਦਿਨ ਹੈ। ਜਿਸ ਤਰ੍ਹਾਂ ਸੰਵਿਧਾਨ ਦੇ ਨਾਲ ਖਿਲਵਾੜ ਹੋ ਰਿਹਾ ਹੈ, ਸਪੀਕਰ ਸਾਹਿਬ, ਮੈਨੂੰ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਜਿਸ ਤਰੀਕੇ ਦੇ ਨਾਲ ਕੰਸਟੀਚਿਊਸ਼ਨ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਅਤੇ ਜਿਸ ਤਰੀਕੇ ਦੀਆਂ ਘਟਨਾ ਮਹਾਰਾਸ਼ਟਰ ਦੇ ਵਿੱਚ ਦੇਖਣ ਨੂੰ ਮਿਲੀ ਹੈ। ਜਿਸ ਤਰੀਕੇ ਦੀ ਘਟਨਾ ਕਰਨਾਟਕ ਵਿੱਚ ਦੇਖਣ ਨੂੰ ਮਿਲੀ, ਮੈਂ ਧੰਨਵਾਦ ਕਰਦਾ ਹਾਂ ਦੇਸ਼ ਦੀ ਸੁਪਰੀਮ ਕੋਰਟ ਦਾ ਕਿ ਉਨ੍ਹਾਂ ਨੇ ਸੰਵਿਧਾਨ ਨੂੰ ਬਚਾ ਲਿਆ ਹੈ। ਦੇਸ਼ ਦੇ ਸੰਵਿਧਾਨ ਨੂੰ ਬਚਾ ਕੇ ਲੋਕਤੰਤਰ ਨੂੰ ਜਿਊਂਦਾ ਰੱਖਣ ਦੀ ਗਵਾਹੀ ਉਨ੍ਹਾਂ ਨੇ ਭਰ ਦਿੱਤੀ।

**ਮਾਨਯੋਗ ਸਪੀਕਰ :** ਅੱਜ ਦੇ ਦਿਨ ਤੱਕ ਹੀ ਰਹੋ ਜੀ।

**ਡਾਕਟਰ ਰਾਜ ਕੁਮਾਰ ਵੇਰਕਾ :** ਸਰ, ਮੈਂ ਅੱਜ ਦੇ ਦਿਨ ਦੀ ਗੱਲ ਹੀ ਕਰ ਰਿਹਾ ਹਾਂ। ਇਹ ਸੁਪਰੀਮ ਕੋਰਟ ਦੀ ਅੱਜ ਦੇ ਦਿਨ ਦੀ ਹੀ ਘਟਨਾ ਹੈ। ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਦੀ ਗੱਲ ਹੈ। ਮੈਂ ਤੁਹਾਨੂੰ ਇੱਕ ਗੱਲ ਕਹੀ ਹੈ ਕਿ ਮੈਂ ਕੋਈ ਪਾਰਟੀ ਪਲੇਟਫਾਰਮ ਤੇ ਨਹੀਂ ਬੋਲ ਰਿਹਾ ਹਾਂ। ਮੈਂ ਦਿਲ ਤੋਂ ਬੋਲ ਰਿਹਾ ਹਾਂ। ਅਖੀਰ ਵਿੱਚ ਮੇਰੀ ਤੁਹਾਨੂੰ ਇਹ ਬੇਨਤੀ ਹੈ ਕਿ ਪ੍ਰਾਈਵੇਟ ਸੈਕਟਰ ਨੂੰ ਬੜ੍ਹਾਵਾ ਦਿੱਤਾ ਜਾ ਰਿਹਾ ਹੈ, ਸਰਕਾਰੀ ਸੈਕਟਰ ਖਤਮ ਹੁੰਦਾ ਜਾ ਰਿਹਾ ਹੈ। ਸਾਨੂੰ ਸਾਰਿਆਂ ਨੂੰ ਇਸ ਗੱਲ ਲਈ ਚਿੰਤਾ ਕਰਨੀ ਪਵੇਗੀ ਕਿ ਗਰੀਬਾਂ ਨੂੰ ਕਿਸ ਤਰ੍ਹਾਂ ਅੱਗੇ ਵਧਾਇਆ ਜਾ ਸਕੇ, ਗਰੀਬੀ ਨੂੰ ਕਿਸ ਤਰ੍ਹਾਂ ਖਤਮ ਕੀਤਾ ਜਾ ਸਕੇ ਅਤੇ ਇਹ ਸਮਾਜ ਜਿਸ ਦੀ ਬਾਬਾ ਸਾਹਿਬ ਅੰਬੇਦਕਰ ਜੀ ਨੇ ਚਿੰਤਾ ਕੀਤੀ ਸੀ , ਅਸੀਂ ਉਸ ਦੇ ਵਿੱਚ ਕੀ ਯੋਗਦਾਨ ਪਾ ਰਹੇ ਹਾਂ। ਉਮੀਦ ਕਰਦਾ ਹਾਂ ਕਿ ਅਸੀਂ ਉਸ ਵਿੱਚ ਯੋਗਦਾਨ ਪਾਵਾਂਗੇ। ਧੰਨਵਾਦ।

**ਮਾਨਯੋਗ ਸਪੀਕਰ :** ਡਾਕਟਰ ਸੁਖਵਿੰਦਰ ਕੁਮਾਰ।

**ਡਾਕਟਰ ਸੁਖਵਿੰਦਰ ਕੁਮਾਰ (ਬੰਗਾ, ਐਸ.ਸੀ) :** ਧੰਨਵਾਦ ਸਪੀਕਰ ਸਾਹਿਬ। ਸਭ ਤੋਂ ਪਹਿਲਾਂ ਮੈਂ ਸੰਵਿਧਾਨ ਦਿਵਸ ਦੇ ਮੌਕੇ ਤੇ ਤੁਹਾਨੂੰ ਸਾਰਿਆਂ ਨੂੰ ਅਤੇ ਦੇਸ਼ ਵਾਸੀਆਂ ਨੂੰ ਲੱਖ ਲੱਖ ਵਧਾਈ ਦਿੰਦਾ ਹਾਂ। 26 ਨਵੰਬਰ, 1949 ਦੇ ਦਿਨ ਬਾਬਾ ਸਾਹਿਬ ਡਾਕਟਰ ਅੰਬੇਦਕਰ ਸਾਹਿਬ ਨੇ ਦੇਸ਼ ਦੇ ਸੰਵਿਧਾਨ ਦਾ ਖਰੜਾ ਤਿਆਰ ਕਰਕੇ ਕਮੇਟੀ ਅੱਗੇ ਰੱਖਿਆ, ਜੋ 26 ਜਨਵਰੀ, 1950 ਨੂੰ ਲਾਗੂ ਹੋਇਆ। ਜਦੋਂ ਦੇਸ਼ ਆਜ਼ਾਦੀ ਦੀ ਲੜਾਈ ਲੜ ਰਿਹਾ ਸੀ, ਉਸ ਵੇਲੇ ਨਾਲ-ਨਾਲ ਗਰੀਬ ਲੋਕ, ਪੱਛੜਿਆ ਸਮਾਜ, ਜਿਨ੍ਹਾਂ ਨੂੰ ਛੂਆ-ਛੂਤ ਕਰਕੇ ਨੀਚਾ ਦਿਖਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਸੀ, ਉਨ੍ਹਾਂ ਖਿਲਾਫ ਵੀ ਬਾਬਾ ਸਾਹਿਬ ਲੜ ਰਹੇ ਸੀ। ਇੱਥੇ ਆਮ ਪ੍ਰਚਲਿਤ ਸੀ ਢੋਲ, ਗਵਾਰ, ਸ਼ੂਦਰ, ਪਸ਼ੂ, ਨਾਰੀ, ਇਹ ਸਭ ਤਾੜਨ ਕੇ ਅਧਿਕਾਰੀ। ਜਿੱਥੇ ਇੱਕ ਜਮਾਤ ਦੇਸ਼ ਦੀ ਆਜ਼ਾਦੀ ਦੀ ਲੜਾਈ ਲੜ ਰਹੀ ਸੀ, ਉਥੇ ਬਾਬਾ ਸਾਹਿਬ ਡਾਕਟਰ ਅੰਬੇਦਕਰ ਉਨ੍ਹਾਂ 85% ਲੋਕਾਂ ਲਈ ਲੜਾਈ ਲੜ ਰਹੇ ਸੀ, ਜਿਨ੍ਹਾਂ ਨੂੰ ਸਦੀਆਂ ਤੋਂ ਲਤਾੜਿਆ ਗਿਆ ਸੀ। ਜਿਨ੍ਹਾਂ ਨੂੰ ਨੀਚਾ ਦਿਖਾਉਣ ਦਾ ਹਰ ਹੀਲਾ-ਵਸੀਲਾ ਵਰਤਿਆ ਜਾ ਰਿਹਾ ਸੀ। ਬਾਬਾ ਸਾਹਿਬ ਡਾ. ਅੰਬੇਦਕਰ ਨੇ ਸ਼ਾਇਦ ਸ਼੍ਰੀ

ਗੁਰੂ ਨਾਨਕ ਦੇਵ ਜੀ ਪਾਤਸ਼ਾਹ, ਜਿਨ੍ਹਾਂ ਨੇ ਮਾਨ-ਸਨਮਾਨ ਦੀ ਗੱਲ ਕੀਤੀ, ਊਚ-ਨੀਚ ਨੂੰ ਖਤਮ ਕਰਨ ਦੀ ਗੱਲ ਕੀਤੀ ਔਰ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਜਿਨ੍ਹਾਂ ਨੇ ਉਸ ਵੇਲੇ ਖਾਲਸਾ ਪੰਥ ਸਜਾ ਕੇ ਇਹ ਮੈਸੇਜ ਦੇਣ ਦੀ ਕੋਸ਼ਿਸ਼ ਕੀਤੀ ਕਿ ਕੋਈ ਊਚ-ਨੀਚ ਨਹੀਂ ਹੈ, ਸਾਰੇ ਹੀ ਉਸ ਪ੍ਰਮਾਤਮਾ ਦੇ ਬੰਦੇ ਹਾਂ ਤੇ ਸਾਨੂੰ ਇਕੱਠੇ ਹੋ ਕੇ ਰਹਿਣਾ ਚਾਹੀਦਾ ਹੈ ਔਰ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਨੇ ਜੋ ਨਾਅਰਾ ਦਿੱਤਾ ਸੀ ਕਿ "ਐਸਾ ਚਾਹੂੰ ਰਾਜ ਮੈਂ ਜਹਾਂ ਮਿਲੇ ਸਭਨ ਕੋ ਅੰਨ, ਛੋਟ ਬੜੇ ਸਭ ਸਮ ਬਸੇ, ਰਵਿਦਾਸ ਰਹੇ ਪ੍ਰਸੰਨ" । ਬਾਬਾ ਸਾਹਿਬ ਡਾ. ਅੰਬੇਦਕਰ ਨੇ ਇਨ੍ਹਾਂ ਸੰਤਾਂ-ਮਹਾਂਪੁਰਸ਼ਾਂ ਤੋਂ ਇੱਕ ਸੁਨੇਹਾ ਲਿਆ ਉਸ ਨਾਲ ਦੇਸ਼ ਦੇ ਅੰਦਰ ਸੁਤੰਤਰਤਾ, ਸਮਾਨਤਾ ਤੇ ਆਪਸੀ ਭਾਈਚਾਰੇ ਦੀ ਕਮੀ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ। ਉਸ ਵੇਲੇ ਸੰਵਿਧਾਨ ਵਿੱਚ ਸਾਹਮਣੇ ਚੁਣੌਤੀਆਂ ਸਨ। ਉਸ ਵੇਲੇ ਸੰਵਿਧਾਨ ਦਾ ਪਹਿਲਾ ਉਦੇਸ਼ ਤੇ ਚੁਣੌਤੀ ਸੀ ਕਿ ਸਮਾਜਿਕ ਕ੍ਰਾਂਤੀ ਇਸ ਦੇਸ਼ ਦੇ ਅੰਦਰ ਲਿਆਂਦੀ ਜਾਵੇ। ਦੂਜਾ ਉਦੇਸ਼ ਅਤੇ ਚੁਣੌਤੀ ਸੀ- ਰਾਜਨੀਤਿਕ ਕ੍ਰਾਂਤੀ ਔਰ ਮੈਂ ਸਮਝਦਾ ਹਾਂ ਕਿ ਜੋ ਸਭ ਤੋਂ ਵੱਡੀ ਤੇ ਤੀਸਰੀ ਚੁਣੌਤੀ ਸੀ ਉਹ ਘੱਟ ਗਿਣਤੀਆਂ ਦੇ ਹੱਕਾਂ ਦੀ ਗੱਲ ਸੀ। ਉਸ ਵੇਲੇ ਬਾਬਾ ਸਾਹਿਬ ਡਾ. ਅੰਬੇਦਕਰ ਨੇ ਧਾਰਾ 14, ਜਾਤ-ਪਾਤ ਤੇ ਊਚ-ਨੀਚ ਦੇ ਭੇਦ-ਭਾਵ ਨੂੰ ਖਤਮ ਕਰਨ ਲਈ ਲਿਆਂਦੀ। ਧਾਰਾ 17 ਵਿੱਚ ਸਦੀਆਂ ਤੋਂ ਲੋਕਾਂ ਵਿੱਚ ਚਲੇ ਆ ਰਹੇ ਛੂਤ-ਛਾਤ ਨੂੰ ਖਤਮ ਕਰਨ ਦੀ ਗੱਲ ਕੀਤੀ। ਧਾਰਾ 16 ਤੇ 335 ਰਾਹੀਂ ਸਰਕਾਰੀ ਨੌਕਰੀਆਂ ਤੇ ਵਿਦਿਅਕ ਸੰਸਥਾਵਾਂ ਵਿੱਚ ਰਿਜ਼ਰਵੇਸ਼ਨ ਦਿੱਤੀ। ਧਾਰਾ 330 ਤੇ 332 ਵਿੱਚ ਜਿਸ ਕਰਕੇ ਅੱਜ ਅਸੀਂ ਇੱਥੇ ਹਾਂ, ਕਮਜ਼ੋਰ ਸ਼੍ਰੇਣੀਆਂ ਲਈ ਪਾਰਲੀਮੈਂਟ ਤੇ ਅਸੈਂਬਲੀ ਵਿੱਚ ਰਿਜ਼ਰਵੇਸ਼ਨ ਲਿਆ ਕੇ ਦਿੱਤੀ। ਸਰ, ਮੈਂ ਇੱਕ ਗੱਲ ਇੱਥੇ ਜ਼ਰੂਰ ਰੱਖਣੀ ਚਾਹਾਂਗਾ, ਮੇਰੀ ਨਿੱਜੀ ਜ਼ਿੰਦਗੀ ਵਿੱਚ ਇਸ ਦਾ ਕੀ ਅਸਰ ਹੋਇਆ।ਸ਼ਾਇਦ ਤੁਹਾਨੂੰ ਇਸ ਗੱਲ ਦੀ ਹੈਰਾਨੀ ਹੋਵੇਗੀ ਕਿ ਸੰਨ 1947 ਤੋਂ ਪਹਿਲਾਂ ਪੰਜਾਬ ਦੇ ਅੰਦਰ ਇੱਕ ਵੀ ਕੁਆਲੀਫਾਈਡ ਡਾਕਟਰ ਨਹੀਂ ਸੀ। ਕਿਸੇ ਵੀ ਬੰਦੇ ਨੇ ਇੱਥੇ ਐਮ.ਬੀ.ਬੀ.ਐਸ. ਨਹੀਂ ਕੀਤੀ ਸੀ, ਉਸ ਦਾ ਕਾਰਨ ਇਹ ਨਹੀਂ ਸੀ ਕਿ ਦਲਿਤ ਸਮਾਜ ਵਿੱਚ ਜਿਹੜੇ ਲੋਕ ਸੀ, ਉਹ ਇਸ ਕਾਬਿਲ ਨਹੀਂ ਸੀ ਬਲਕਿ ਉਹ ਇਸ ਕਰਕੇ ਸੀ ਕਿ ਛੂਆ-ਛਾਤ ਇੰਨੀ ਜ਼ਿਆਦਾ ਸੀ ਕਿ ਜੇ ਕੋਈ ਡਾਕਟਰ ਬਣ ਵੀ ਜਾਂਦਾ ਤਾਂ ਉਸ ਨੂੰ ਦਿਖਾਉਣ ਵਾਲਾ ਕੋਈ ਨਹੀਂ ਸੀ। ਅੱਜ ਮੈਂ ਤੁਹਾਡੇ ਸਾਹਮਣੇ ਇੱਕ ਡਾਕਟਰ ਦੇ ਰੂਪ ਵਿੱਚ, ਐਮ.ਐਲ.ਏ. ਦੇ ਰੂਪ ਵਿੱਚ ਖੜ੍ਹਾ ਹਾਂ। ਸਰ, ਮੈਨੂੰ ਇਸ ਗੱਲ ਦਾ ਮਾਣ ਹੈ ਕਿ ਬਾਬਾ ਸਾਹਿਬ ਡਾ. ਅੰਬੇਦਕਰ ਦੇ ਦਿੱਤੇ ਹੋਏ ਹੱਕ ਤਹਿਤ ਮੈਂ ਡਾਕਟਰ ਵੀ ਬਣਿਆ ਔਰ ਡਾਕਟਰ ਦੀ ਮੇਰੀ ਸਪੈਸ਼ਲਿਟੀ ਦੇ ਵਿੱਚ ਜੋ ਸਭ ਤੋਂ ਵੱਡੀ ਡਿਗਰੀ ਹੈ, ਮੈਂ ਉਹ ਪ੍ਰਾਪਤ ਕੀਤੀ। ਉਸ ਵਿੱਚ ਹੋਰ ਕਿਸੇ ਦਾ ਕੋਈ ਯੋਗਦਾਨ ਨਹੀਂ ਹੈ। ਮੈਂ ਸਿਰਫ ਤੇ ਸਿਰਫ ਬਾਬਾ ਸਾਹਿਬ ਡਾ.ਅੰਬੇਦਕਰ ਦੀ ਬਦੌਲਤ ਹੀ ਇੱਥੇ ਪਹੁੰਚਿਆ ਹਾਂ। ਜੇ ਅੱਜ ਮੈਂ ਐਮ.ਐਲ.ਏ. ਵੀ ਹਾਂ, ਉਹ ਵੀ ਜਿਹੜੇ ਉਨ੍ਹਾਂ ਵੱਲੋਂ ਦਿੱਤੇ ਹੱਕ ਹਨ, ਉਨ੍ਹਾਂ ਦੀ ਬਦੌਲਤ ਹੀ ਮੈਂ ਇੱਥੇ ਹਾਂ। ਸਰ, ਇਸ ਦੀ ਬੜੀ ਲੰਬੀ ਦਾਸਤਾਨ ਹੈ ਕਿ ਅਸੀਂ ਇਸ ਮੰਜ਼ਿਲ ਤੱਕ ਕਿਸ ਤਰ੍ਹਾਂ ਪਹੁੰਚੇ? ਅਸੀਂ ਅੱਜ ਇਸ ਦੇਸ਼ ਦੇ ਅੰਦਰ ਉਸ ਸੰਵਿਧਾਨ ਦਾ

Under Print
Not for Legal/Official use

ਫਾਇਦਾ ਉਠਾ ਕੇ ਅੱਗੇ ਵਧੇ ਹਾਂ। ਬੇਸ਼ੱਕ ਇਹ ਗੱਲਾਂ ਕਰਨੀਆਂ ਬਹੁਤ ਸੌਖੀਆਂ ਹਨ, ਉਹ ਲੋਕ ਜਿਨ੍ਹਾਂ ਨੂੰ ਕੋਈ ਹੱਥ ਨਹੀਂ ਲਾਉਣਾ ਚਾਹੁੰਦਾ, ਉਹ ਲੋਕ ਜਿਨ੍ਹਾਂ ਨੂੰ ਕੋਈ ਟੱਚ ਨਹੀਂ ਕਰਨਾ ਚਾਹੁੰਦਾ, ਉਹ ਲੋਕ ਜਿਨ੍ਹਾਂ ਨੂੰ ਸਦਾ ਹੀ ਇਹ ਕਹਿ ਕੇ ਚੁੱਪ ਕਰਵਾ ਦਿੱਤਾ ਜਾਂਦਾ ਸੀ ਕਿ ਬੈਠ ਜਾ, ਤੈਨੂੰ ਅਜੇ ਇੰਨੀ ਅਕਲ ਨਹੀਂ ਹੈ, ਉਨ੍ਹਾਂ ਲੋਕਾਂ ਦਾ ਉੱਪਰ ਉਠਣਾ ਬਾਬਾ ਸਾਹਿਬ ਡਾ. ਅੰਬੇਦਕਰ ਦੀ ਬਹੁਤ ਵੱਡੀ ਘਾਲਣਾ ਸਦਕਾ ਹੀ ਸੰਭਵ ਹੋਇਆ ਹੈ। ਸਰ, ਅੱਜ ਜੇਕਰ ਸੰਵਿਧਾਨ ਦੀ ਗੱਲ ਕਰੀਏ ਤਾਂ ਇਸ ਵਿੱਚ ਬਾਬਾ ਸਾਹਿਬ ਡਾ. ਅੰਬੇਦਕਰ ਨੇ ਬਹੁਤ ਵੱਡਾ ਸੰਘਰਸ਼ ਕੀਤਾ ਕਿਉਂਕਿ ਉਸ ਵੇਲੇ ਦੀ ਕਾਂਗਰਸ ਪਾਰਟੀ ਦੇ ਪ੍ਰਧਾਨ ਗਾਂਧੀ ਜੀ ਜਦੋਂ ਆਜ਼ਾਦੀ ਦੀ ਲੜਾਈ ਲੜ ਰਹੇ ਸੀ ਤਾਂ ਉਹ ਸਿਰਫ ਤੇ ਸਿਰਫ ਹਿੰਦੂਆਂ ਲਈ ਅਧਿਕਾਰ ਦੀ ਮੰਗ ਕਰ ਰਹੇ ਸੀ। ਉਸ ਵੇਲੇ ਹਿੰਦੂਆਂ ਨੂੰ ਅਧਿਕਾਰ ਦੇਣ ਦੀ ਗੱਲ ਹੋਈ, ਉਸ ਵੇਲੇ ਮੁਸਲਮਾਨਾਂ ਨੂੰ ਅਧਿਕਾਰ ਦੇਣ ਦੀ ਗੱਲ ਹੋਈ, ਉਸ ਵੇਲੇ ਐਂਗਲੋ ਇੰਡੀਅਨ ਨੂੰ ਅਧਿਕਾਰ ਦੇਣ ਦੀ ਗੱਲ ਹੋਈ, ਬਾਬਾ ਸਾਹਿਬ ਡਾ. ਅੰਬੇਦਕਰ ਨੇ ਕਿਹਾ ਕਿ ਸਾਨੂੰ ਵੀ ਕੋਈ ਹੱਕ ਲੈ ਕੇ ਦਿਓ, ਦਲਿਤਾਂ ਨੂੰ ਵੀ ਕੋਈ ਹੱਕ ਚਾਹੀਦੇ ਹਨ, ਸਾਨੂੰ ਵੀ ਰਾਜਨੀਤੀ ਵਿੱਚ, ਐਜੂਕੇਸ਼ਨ ਵਿੱਚ ਕੋਈ ਮੌਕੇ ਮਿਲਣੇ ਚਾਹੀਦੇ ਹਨ। ਪਹਿਲੀ ਗੋਲ-ਮੇਜ਼ ਕਾਨਫਰੰਸ ਹੋਈ ਅਤੇ ਸੈਕਿੰਡ ਗੋਲ-ਮੇਜ਼ ਕਾਨਫਰੰਸ ਵਿੱਚ ਜਿਹੜਾ ਕਮਿਊਨਲ ਐਵਾਰਡ ਮਿਲਿਆ। ਉਸ ਦਾ 17 ਅਗਸਤ, 1932 ਨੂੰ ਐਲਾਨ ਹੋਇਆ, ਜਿਸ ਕਰਕੇ ਸਾਨੂੰ ਰਾਜਨੀਤਿਕ ਰਿਜ਼ਰਵੇਸ਼ਨ ਮਿਲੀ ਔਰ ਸਾਨੂੰ ਪੜ੍ਹਨ-ਲਿਖਣ ਦਾ ਹੱਕ ਮਿਲਿਆ। ਜਦੋਂ ਇਹ ਖਬਰ ਕਾਂਗਰਸ ਦੇ ਉਸ ਵੇਲੇ ਦੇ ਪ੍ਰਧਾਨ ਗਾਂਧੀ ਜੀ ਕੋਲ ਪਹੁੰਚੀ ਤਾਂ ਉਨ੍ਹਾਂ ਨੇ ਇਸ ਦੇ ਖਿਲਾਫ ਮਰਨ ਵਰਤ ਰੱਖ ਦਿੱਤਾ। ਉਨ੍ਹਾਂ ਨੇ ਕਿਹਾ ਕਿ ਕਿਸੇ ਨੂੰ ਵੀ ਰਿਜ਼ਰਵੇਸ਼ਨ ਦੇ ਦਿਉ ਪਰ ਜਿਹੜੇ ਦਲਿਤ ਸਮਾਜ ਦੇ ਲੋਕ ਹਨ, ਇਨ੍ਹਾਂ ਨੂੰ ਰਿਜ਼ਰਵੇਸ਼ਨ ਨਹੀਂ ਮਿਲਣੀ ਚਾਹੀਦੀ। ਉਨ੍ਹਾਂ ਨੇ ਕਿਹਾ ਕਿ ਜੇ ਦਲਿਤ ਸਮਾਜ ਦੇ ਲੋਕ ਹਿੰਦੂ ਧਰਮ ਛੱਡ ਕੇ ਮੁਸਲਮਾਨ ਬਣ ਜਾਣ, ਪਾਰਸੀ ਬਣ ਜਾਣ ਜਾਂ ਕ੍ਰਿਸ਼ਚੀਅਨ ਬਣ ਜਾਣ, ਮੈਨੂੰ ਕੋਈ ਇਤਰਾਜ਼ ਨਹੀਂ ਹੈ ਪਰ ਮੈਨੂੰ ਇਸ ਗੱਲ ਦਾ ਇਤਰਾਜ਼ ਹੈ ਕਿ ਇਨ੍ਹਾਂ ਨੂੰ ਰਿਜ਼ਰਵੇਸ਼ਨ ਨਹੀਂ ਮਿਲਣੀ ਚਾਹੀਦੀ। 24 ਸਤੰਬਰ, 1932 ਨੂੰ ਗਾਂਧੀ ਜੀ ਔਰ ਬਾਬਾ ਸਾਹਿਬ ਡਾ. ਅੰਬੇਦਕਰ ਵਿੱਚ ਇੱਕ ਮੀਟਿੰਗ ਹੋਈ। ਬਾਬਾ ਸਾਹਿਬ ਡਾ.ਅੰਬੇਦਕਰ ਜੀ ਨੇ ਸਾਨੂੰ ਹੱਕ ਲੈ ਕੇ ਦਿੱਤਾ ਸੀ ਕਿ ਦਲਿਤ ਸਮਾਜ ਦੇ ਲੋਕਾਂ ਲਈ ਹਲਕੇ ਰਾਖਵੇਂ ਹੋਣਗੇ। ਉਸ ਦਾ ਵੀ ਇੱਕ ਬਹੁਤ ਵੱਡਾ ਕਾਰਨ ਸੀ ਕਿਉਂਕਿ ਜੇਕਰ ਐੱਸ.ਸੀ. ਜਾਂ ਦਲਿਤ ਸਮਾਜ ਆਪਣੇ ਨੁਮਾਇੰਦੇ ਆਪ ਚੁਣਦਾ ਤਾਂ ਕਿਤੇ ਨਾ ਕਿਤੇ ਉਨ੍ਹਾਂ ਦੀ ਜਵਾਬਦੇਹੀ ਵੀ ਬਣਦੀ ਸੀ। ਅੱਜ ਬਹੁਤ ਵੱਡੀਆਂ ਮਜਬੂਰੀਆਂ ਹਨ ਕਿ ਲੋਕ ਉਸ ਤਰ੍ਹਾਂ ਗੱਲਾਂ ਨਹੀਂ ਕਰ ਸਕਦੇ। ਜਦੋਂ ਗਾਂਧੀ ਜੀ ਦਾ ਉਨ੍ਹਾਂ ਨਾਲ ਸਮਝੌਤਾ ਹੋਇਆ ਤਾਂ ਸਾਨੂੰ ਇੱਕ ਵੋਟ ਦਾ ਹੱਕ ਮਿਲਿਆ ਔਰ ਜਿਹੜੇ ਹਲਕੇ ਐੱਸ.ਸੀ. ਲਈ ਰਿਜ਼ਰਵਡ ਹੋਣੇ ਸੀ, ਉਹ ਮੰਗ ਖਤਮ ਕਰ ਦਿੱਤੀ ਗਈ। ਸਿਰਫ ਰਿਜ਼ਰਵੇਸ਼ਨ ਦੀ ਪਰਸੈਂਟੇਜ ਕਰਕੇ ਸਾਨੂੰ ਉਹ ਹੱਕ ਮਿਲਿਆ। ਸੋ, ਮੈਂ ਇਹ ਗੱਲ ਕਹਿਣੀ ਚਾਹੁੰਦਾ ਸੀ ਕਿ ਬਾਬਾ ਸਾਹਿਬ ਡਾ. ਅੰਬੇਦਕਰ ਦੀ ਬਹੁਤ ਵੱਡੀ ਘਾਲਣਾ ਸੀ। ਉਨ੍ਹਾਂ ਦੇ ਇਸ ਸੰਘਰਸ਼ ਪਿੱਛੇ ਉਨ੍ਹਾਂ

ਨੂੰ ਬੜਾ ਕੁਝ ਸਹਿਣਾ ਪਿਆ। ਤੁਸੀਂ ਸਾਰੇ ਜਾਣਦੇ ਹੋ ਕਿ ਉਨ੍ਹਾਂ ਦੇ 5 ਬੱਚੇ ਸਨ। ਉਸ ਵਿਚੋਂ 4 ਬੱਚੇ ਬਿਨਾਂ ਦਵਾਈ ਤੋਂ, ਬਿਨਾਂ ਇਲਾਜ ਤੋਂ, ਬਿਨਾਂ ਕੇਅਰ ਤੋਂ ਇਸ ਦੁਨੀਆ ਤੋਂ ਬਚਪਨ ਵਿੱਚ ਹੀ ਚਲੇ ਗਏ ਔਰ ਉਨ੍ਹਾਂ ਦਾ ਇੱਕ ਬਚਾ ਜਿਉਂਦਾ ਬਚਿਆ। ਉਸ ਤੋਂ ਬਾਅਦ ਜਦੋਂ ਉਨ੍ਹਾਂ ਨੂੰ ਸੰਵਿਧਾਨ ਲਿਖਣ ਦਾ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਸਭ ਤੋਂ ਵੱਡਾ ਜ਼ੋਰ ਮੌਲਿਕ ਅਧਿਕਾਰਾਂ ਤੇ ਦਿੱਤਾ ਕਿਉਂਕਿ ਇੱਕ ਸਮਾਂ ਸੀ ਜਦੋਂ ਲੋਕਾਂ ਨੂੰ ਜਾਤ ਦੇ ਆਧਾਰ ਤੇ, ਧਰਮ ਦੇ ਆਧਾਰ ਤੇ, ਲਿੰਗ ਦੇ ਆਧਾਰ ਤੇ, ਰੰਗ ਦੇ ਆਧਾਰ ਤੇ ਔਰ ਸਥਾਨ ਦੇ ਆਧਾਰ ਤੇ ਪ੍ਰੈਫਰੈਂਸ ਮਿਲਦੀ ਸੀ। ਉਨ੍ਹਾਂ ਨੇ ਜਿਹੜੇ ਸਾਨੂੰ ਮੌਲਿਕ ਅਧਿਕਾਰ ਲੈ ਕੇ ਦਿੱਤੇ, ਉਸ ਵਿੱਚ ਸੁਤੰਤਰਤਾ, ਸਨਮਾਨ ਔਰ ਆਪਸੀ ਭਾਈਚਾਰੇ ਦੇ ਅਧਿਕਾਰ ਲੈ ਕੇ ਦਿੱਤੇ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ ਸੀ:

।। ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।

ਬਾਬਾ ਸਾਹਿਬ ਡਾ. ਅੰਬੇਦਕਰ ਦੀ ਬਦੌਲਤ ਹੀ ਅੱਜ ਇਸਤਰੀ ਜਾਤੀ ਨੂੰ ਅਧਿਕਾਰ ਮਿਲੇ ਹਨ। ਜਦੋਂ ਉਹ ਕੁਆਰੀ ਹੁੰਦੀ ਹੈ ਤਾਂ ਉਸ ਨੂੰ ਆਪਣੇ ਪਿਤਾ ਦੀ ਪ੍ਰਾਪਰਟੀ ਵਿੱਚੋਂ ਹਿੱਸਾ ਮਿਲਦਾ ਹੈ। ਜਦੋਂ ਉਸ ਦਾ ਵਿਆਹ ਹੋ ਜਾਂਦਾ ਹੈ ਤਾਂ ਪਤੀ ਦੀ ਪ੍ਰਾਪਰਟੀ ਵਿੱਚ ਉਹ ਹਿੱਸੇਦਾਰ ਹੁੰਦੀ ਹੈ। ਜਦੋਂ ਬੁਢਾਪੇ ਵਿੱਚ ਆ ਕੇ ਉਹ ਇੱਕ ਮਾਂ ਹੁੰਦੀ ਹੈ, ਜੇ ਉਸ ਵੇਲੇ ਕੋਈ ਗੱਲ ਹੋ ਜਾਵੇ ਤਾਂ ਉਸ ਵੇਲੇ ਵੀ ਬਾਬਾ ਸਾਹਿਬ ਡਾ. ਅੰਬੇਦਕਰ ਨੇ ਨਾਰੀ ਜਾਤੀ ਨੂੰ ਇਹ ਅਧਿਕਾਰ ਲੈ ਕੇ ਦਿੱਤਾ ਕਿ ਪਹਿਲੇ ਨੰਬਰ ਤੇ ਉਹ ਹੱਕਦਾਰ ਹੈ।

**ਮਾਨਯੋਗ ਸਪੀਕਰ :** Thank you, ਡਾਕਟਰ ਸਾਹਿਬ।

**ਡਾਕਟਰ ਸੁਖਵਿੰਦਰ ਕੁਮਾਰ:** ਸਰ, 2 ਮਿੰਟ ਪਲੀਜ਼। ਬਹੁਤ ਗੱਲਾਂ ਹੋਈਆਂ ਹਨ, ਐਜੂਕੇਸ਼ਨ ਦੀ ਗੱਲ ਹੋਈ। ਅੱਜ ਪੰਜਾਬ ਦੇ ਅੰਦਰ ਐਜੂਕੇਸ਼ਨ ਕਿੱਥੇ ਹੈ? ਗੌਰਮਿੰਟ ਸਕੂਲ ਵਿੱਚ ਜਿੱਥੇ 90 ਤੋਂ 95% ਐੱਸ.ਸੀ. ਬੱਚੇ ਪੜ੍ਹਦੇ ਹਨ, ਉੱਥੇ ਜਾਂ ਤਾਂ ਇੱਕ ਟੀਚਰ ਹੈ ਜਾਂ 2 ਟੀਚਰ ਹਨ। ਤੁਸੀਂ ਕਿਸ ਤਰ੍ਹਾਂ ਸੋਚਦੇ ਹੋ ਕਿ ਛੋਟੇ-ਛੋਟੇ ਬੱਚੇ, ਜਿਨ੍ਹਾਂ ਨੂੰ ਘਰ ਵਿੱਚ ਮਾਂ ਮਸਾਂ ਹੀ ਸਾਂਭਦੀ ਹੈ ਤਾਂ ਇੱਕ ਟੀਚਰ 40-45 ਬੱਚੇ ਕਿਸ ਤਰ੍ਹਾਂ ਸਾਂਭ ਸਕਦਾ ਹੈ? ਅੱਜ ਲੋਕਾਂ ਨੂੰ ਹੈਲਥ ਸੇਵਾਵਾਂ ਦੇਣ ਦੀ ਲੋੜ ਹੈ, ਜਿਹੜੇ ਆਪਣੇ ਤੌਰ ਤੇ ਮਹਿੰਗੀਆਂ ਸੇਵਾਵਾਂ ਨਹੀਂ ਲੈ ਸਕਦੇ। ਮੈਂ ਇੱਕ ਲਾਸਟ ਗੱਲ ਕਹਾਂਗਾ। ਤੁਸੀਂ ਮੈਨੂੰ ਸਮਾਂ ਦਿੱਤਾ ਹੈ, ਇਸ ਲਈ ਬਹੁਤ-ਬਹੁਤ ਧੰਨਵਾਦ। ਸਪੀਕਰ ਸਾਹਿਬ, ਮੈਂ ਇੱਕ ਗੱਲ ਜ਼ਰੂਰ ਕਹਾਂਗਾ ਕਿ ਕਿਤੇ ਨਾ ਕਿਤੇ ਜਿਹੜਾ ਸੰਵਿਧਾਨ ਹੈ, ਉਸ ਵਿੱਚ ਊਣਤਾਈਆਂ ਬਹੁਤ ਹਨ। ਜੇ ਅੱਜ ਜਗਮੇਲ ਸਿੰਘ ਦੇ ਕਤਲ ਦੀ ਗੱਲ ਹੋਈ ਤਾਂ ਉਸ ਨੂੰ ਖੰਭੇ ਨਾਲ ਬੰਨ੍ਹ ਕੇ, ਉਸ ਨੂੰ ਪਿਸ਼ਾਬ ਪਿਲਾ ਕੇ, ਉਸ ਨੂੰ ਤਸੀਹੇ ਦੇ ਕੇ ਮਾਰਿਆ ਗਿਆ ਔਰ ਨਾਲ-ਨਾਲ ਜਿਹੜੇ ਸਾਡੇ ਲੈਵਲ ਦੇ ਕੰਮ ਹਨ। ਅਸੀਂ ਸਮਝਦੇ ਹਾਂ ਕਿ ਤੁਸੀਂ ਸਭ ਤੋਂ ਵੱਡੇ ਰਖਵਾਲੇ ਹੋ ਅਤੇ ਜੇਕਰ ਅਸੀਂ ਨੈਤਿਕਤਾ ਤੋਂ ਗਿਰਦੇ ਹਾਂ ਤਾਂ ਕਿਤੇ ਨਾ ਕਿਤੇ ਉਸ ਦਾ ਅਸਰ ਵੀ ਲੋਕਾਂ ਤੇ ਜਾਂਦਾ ਹੈ।

ਇਹ ਬੜੀ ਹਾਸੋ-ਹੀਣੀ ਗੱਲ ਹੈ ਕਿ ਇਸ ਸਭਾ ਦੇ ਅੰਦਰ ਉਹ ਲੋਕ ਵੀ ਬੈਠੇ ਹਨ, ਜਿਹੜੇ ਕਈ ਵਾਰੀ ਕਾਨੂੰਨ ਦਾ ਕਿਤੇ ਨਾ ਕਿਤੇ ਮਜ਼ਾਕ ਬਣਾਉਂਦੇ ਹਨ। ਇਨ੍ਹਾਂ ਗੱਲਾਂ ਦਾ ਸਾਨੂੰ ਖਾਸ ਤੌਰ ਤੇ ਧਿਆਨ ਰੱਖਣਾ ਚਾਹੀਦਾ ਹੈ। ਸਪੀਕਰ ਸਾਹਿਬ, ਲਾਸਟ ਵਿੱਚ ਮੈਂ ਇੱਕ ਗੱਲ ਜ਼ਰੂਰ ਕਹਾਂਗਾ, ਜੋ ਕਿ ਬਾਬਾ ਸਾਹਿਬ ਨੇ ਕਹੀ ਹੈ। ਬਾਬਾ ਸਾਹਿਬ ਨੇ ਦਿਨ ਰਾਤ ਇੱਕ ਕਰਕੇ ਜਿੰਨੀ ਜਾਨ ਤੋੜ ਮਿਹਨਤ ਨਾਲ ਸੰਵਿਧਾਨ ਤਿਆਰ ਕੀਤਾ ਓਨੀ ਹੀ ਉਮੀਦ ਨਾਲ ਉਹ ਚਾਹੁੰਦੇ ਸਨ ਕਿ ਉਸ ਦੀ ਪਾਲਣਾ ਵੀ ਓਨੀ ਹੀ ਇਮਾਨਦਾਰੀ ਅਤੇ ਵਫਾਦਾਰੀ ਨਾਲ ਕੀਤੀ ਜਾਵੇ ਲੇਕਿਨ ਜਦ ਉਨ੍ਹਾਂ ਨੇ ਦੇਖਿਆ ਕਿ ਉਨ੍ਹਾਂ ਦੇ ਅਸਤੀਫੇ ਤੋਂ ਬਾਅਦ ਸੰਵਿਧਾਨ ਦੀ ਨਾ ਕੇਵਲ ਉਲੰਘਣਾ ਕੀਤੀ ਜਾ ਰਹੀ ਹੈ ਸਗੋਂ ਸਰਕਾਰ ਖੁਦ ਇਸ ਵਿੱਚ ਮਨ ਆਉਂਦੀਆਂ ਤਰਮੀਮਾਂ ਕਰਕੇ ਗੈਰ ਜ਼ਰੂਰੀ ਤਬਦੀਲੀਆਂ ਕਰਨ ਲੱਗ ਪਈ ਹੈ ਤਾਂ ਉਨ੍ਹਾਂ ਨੇ ਰਾਜ ਸਭਾ ਵਿੱਚ ਇੱਕ ਬਹਿਸ ਦੌਰਾਨ 2 ਸਤੰਬਰ, 1953 ਨੂੰ ਗੁੱਸੇ ਵਿੱਚ ਇੱਥੋਂ ਤੱਕ ਕਹਿ ਦਿੱਤਾ ਕਿ "ਠੀਕ ਹੈ ਮੈਂ ਹੀ ਸੰਵਿਧਾਨ ਬਣਾਇਆ ਲੇਕਿਨ ਮੌਜੂਦਾ ਹਾਲਾਤ ਦੇਖ ਕੇ ਮੈਂ ਹੀ ਇਸ ਨੂੰ ਸਾੜਨ ਵਾਲਾ ਪਹਿਲਾ ਵਿਅਕਤੀ ਹੋਵਾਂਗਾ "। ਇਹ ਇੱਕ ਅਜਿਹਾ ਬਿਆਨ ਸੀ ਜਿਸ ਤੇ ਸਾਰੇ ਹੱਕੇ ਬੱਕੇ ਰਹਿ ਗਏ। ਕਰੀਬ ਦੋ ਸਾਲ ਬਾਅਦ 19 ਮਾਰਚ, 1955 ਨੂੰ ਇੱਕ ਰਾਜ ਸਭਾ ਮੈਂਬਰ ਡਾਕਟਰ ਅਨੂਪ ਸਿੰਘ ਨੇ ਉਨ੍ਹਾਂ ਤੋਂ ਫਿਰ ਉਹੀ ਸਵਾਲ ਪੁੱਛਿਆ ਤਾਂ ਉਨ੍ਹਾਂ ਨੇ ਜਵਾਬ ਦਿੱਤਾ ਕਿ ਦਰਅਸਲ ਉਸ ਸਮੇਂ ਮੈਂ ਉਹ ਬਿਆਨ ਦੇਣ ਲੱਗਿਆਂ ਜਲਦੀ ਵਿੱਚ ਕਾਰਨ ਨਹੀਂ ਦੱਸ ਸਕਿਆ। ਕਾਰਨ ਇਹ ਸੀ ਕਿ ਅਸੀਂ ਇਹ ਸੰਵਿਧਾਨ ਰੂਪੀ ਮੰਦਰ ਤਾਂ ਦੇਵਤਿਆਂ ਦੇ ਵਾਸ ਲਈ ਬਣਾਇਆ ਸੀ ਲੇਕਿਨ ਦੇਵਤਿਆਂ, ਭਲੇ ਪੁਰਸ਼ਾਂ ਦੇ ਆਉਣ ਤੋਂ ਪਹਿਲਾਂ ਹੀ ਇਸ ਤੇ ਸ਼ੈਤਾਨ ਕਾਬਜ਼ ਹੋ ਗਏ ਐਂਰ ਜਿਹੜਾ ਸੰਵਿਧਾਨ ਹੈ, ਉਸ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ। ਸਪੀਕਰ ਸਾਹਿਬ, ਧੰਨਵਾਦ ਜੀ।

**ਮਾਨਯੋਗ ਸਪੀਕਰ :** ਧੰਨਵਾਦ ਜੀ। ਹਾਂ ਜੀ, ਸਰਦਾਰ ਪਰਮਿੰਦਰ ਸਿੰਘ ਪਿੰਕੀ ਜੀ।

**ਸਰਦਾਰ ਪਰਮਿੰਦਰ ਸਿੰਘ ਪਿੰਕੀ (ਫਿਰੋਜ਼ਪੁਰ ਸ਼ਹਿਰੀ) :** ਸਪੀਕਰ ਸਾਹਿਬ, ਮੈਂ ਤੁਹਾਡਾ ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਅੱਜ ਮੈਨੂੰ 70ਵੇਂ ਕਾਂਸਟੀਚਿਊਸ਼ਨ ਦਿਵਸ ਤੇ ਬੋਲਣ ਦਾ ਮੌਕਾ ਦਿੱਤਾ। ਅਸੀਂ ਸਾਰੇ ਬੜੇ ਖੁਸ਼ ਕਿਸਮਤ ਹਾਂ ਕਿ ਵਿਧਾਨ ਸਭਾ ਵਿੱਚ ਇਹ ਸਮਾਗਮ ਪਹਿਲੀ ਵਾਰ ਹੋ ਰਿਹਾ ਹੈ ਐਂਰ ਉਸ ਦੇ ਨਾਲ-ਨਾਲ ਅਸੀਂ ਇਸ ਲਈ ਵੀ ਬੜੇ ਖੁਸ਼ਕਿਸਮਤ ਹਾਂ ਕਿ ਬਾਬਾ ਨਾਨਕ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਦੇ ਸਬੰਧ ਵਿੱਚ ਪੰਜਾਬ ਅਤੇ ਹਰਿਆਣਾ ਦੇ ਸਾਂਝੇ ਸਮਾਗਮ ਵਿੱਚ ਵੀ ਸਾਨੂੰ ਬੈਠਣ ਦਾ ਮੌਕਾ ਮਿਲਿਆ। ਸਪੀਕਰ ਸਾਹਿਬ, ਤੁਸੀਂ ਇਸ ਲਈ ਵਧਾਈ ਦੇ ਪਾਤਰ ਹੋ ਕਿ ਤੁਹਾਡੀ ਪ੍ਰਧਾਨਗੀ ਹੇਠ ਇਹ ਸਮਾਗਮ ਹੋ ਰਹੇ ਹਨ। ਸਾਡੇ ਮਾਨਯੋਗ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੀ ਵੀ ਵਧਾਈ ਦੇ ਪਾਤਰ ਹਨ ਕਿ ਉਨ੍ਹਾਂ ਦੀ ਲੀਡਰਸ਼ਿਪ ਦੇ ਹੇਠਾਂ ਇਹ ਦੋਨੋਂ ਵਿਸ਼ੇਸ਼ ਸਮਾਗਮ ਹੋਏ। ਸਪੀਕਰ ਸਾਹਿਬ, ਦੇਸ਼ ਦੀ ਆਜ਼ਾਦੀ ਵਾਸਤੇ ਸਾਡੇ ਦੇਸ਼ ਦੇ ਕਈ ਸਪੂਤਾਂ ਨੇ ਆਪਣੇ ਜੀਵਨ ਦਾ ਬਲੀਦਾਨ ਦਿੱਤਾ ਪਰ ਆਜ਼ਾਦੀ ਦਾ ਮਤਲਬ ਕੀ

ਹੁੰਦਾ ਹੈ? ਇਸ ਦਾ ਮਤਲਬ ਸਾਨੂੰ ਸਾਡਾ ਸੰਵਿਧਾਨ ਹੀ ਸਹੀ ਮਾਅਨਿਆਂ ਵਿੱਚ ਦੱਸਦਾ ਹੈ। ਕਾਂਸਟੀਚਿਊਸ਼ਨ ਡੈਮੋਕਰੇਸੀ ਦੀ ਰੂਹ ਹੁੰਦੀ ਹੈ। ਅਸੀਂ ਜਿਹੜਾ ਅੱਜ ਦਾ ਦਿਹਾੜਾ ਮਨਾ ਰਹੇ ਹਾਂ, ਇਹ ਵੀ ਸਾਨੂੰ ਕਾਂਸਟੀਚਿਊਸ਼ਨ ਦੀ ਹੀ ਦੇਣ ਹੈ। ਸਪੀਕਰ ਸਾਹਿਬ, ਵਿਧਾਨ ਸਭਾ ਦੀ ਜਿਹੜੀ ਇਹ ਬਿਲਡਿੰਗ ਹੈ, ਇਹ ਇੱਕ ਮੰਦਰ ਹੈ। ਇਸ ਦਾ ਸੰਨ 1958 ਦੇ ਵਿੱਚ ਪੰਡਿਤ ਜਵਾਹਰ ਲਾਲ ਨਹਿਰੂ, ਸਰਦਾਰ ਪ੍ਰਤਾਪ ਸਿੰਘ ਕੈਰੋਂ ਜੀ ਨੇ ਨੀਂਹ ਪੱਥਰ ਰੱਖਿਆ ਸੀ। ਇਸ ਦੇ ਆਰਕੀਟੈਕਟ ਲੀ-ਕਾਰਬੁਜ਼ੀਅਰ ਸਨ। ਇਸ ਬਿਲਡਿੰਗ ਨੂੰ ਬੜਾ ਸੋਚ ਸਮਝ ਕੇ, ਤਕਨੀਕੀ ਤਰੀਕਿਆਂ ਨਾਲ ਬਣਾਇਆ ਗਿਆ ਹੈ। ਇਹ ਬਿਲਡਿੰਗ ਸੁਪਰੀਮ ਹੈ। ਜਿਹੜਾ ਇਹ ਮੰਦਰ ਹੈ, ਇਹ ਸੁਪਰੀਮ ਹੈ। ਇਹ ਮੰਦਰ ਸੈਂਟਰ ਵਿੱਚ ਹੈ, ਜਿਸ ਦੇ ਇੱਕ ਪਾਸੇ ਐਗਜ਼ੈਕਟਿਵ ਅਤੇ ਦੂਜੇ ਪਾਸੇ ਜੁਡੀਸ਼ਰੀ ਹੈ। ਜੇਕਰ ਅਸੀਂ ਕੋਈ ਕਾਨੂੰਨ ਬਣਾਉਣਾ ਹੈ ਤਾਂ ਉਸ ਕਾਨੂੰਨ ਨੂੰ ਇੰਪਲੀਮੈਂਟ ਕਰਨਾ ਐਗਜ਼ੈਕਟਿਵ ਦਾ ਕੰਮ ਹੋਵੇਗਾ ਅਤੇ ਜੇਕਰ ਉਹ ਨਹੀਂ ਕਰਦੀ ਤਾਂ ਫਿਰ ਦੂਜੇ ਪਾਸੇ ਜੁਡੀਸ਼ਰੀ ਹੈ। ਸਪੀਕਰ ਸਾਹਿਬ, ਅਸੀਂ ਸਭ ਜਾਣਦੇ ਹਾਂ ਕਿ ਇੱਥੇ ਅੰਗਰੇਜ਼ਾਂ ਦੀ ਹਕੂਮਤ ਸੀ ਅਤੇ ਉਹ ਆਪਣੇ ਤਰੀਕੇ ਨਾਲ ਦੇਸ਼ ਚਲਾਉਂਦੀ ਸੀ ਪਰ ਜਿਹੜਾ ਸਾਡੇ ਦੇਸ਼ ਦਾ ਸੰਵਿਧਾਨ ਹੈ, ਉਹ ਲਿਖਤੀ ਰੂਪ ਵਿੱਚ ਹੈ ਜਦੋਂ ਕਿ ਇੰਗਲੈਂਡ ਦਾ ਸੰਵਿਧਾਨ ਲਿਖਤੀ ਰੂਪ ਵਿੱਚ ਨਹੀਂ ਹੈ। ਸਾਡੇ ਸੰਵਿਧਾਨ ਵਿੱਚ ਡਿਊਟੀਆਂ ਸਪੱਸ਼ਟ ਕੀਤੀਆਂ ਗਈਆਂ ਹਨ ਕਿ ਸਾਡੀਆਂ ਕੀ ਡਿਊਟੀਆਂ ਹਨ, define ਕੀਤੀਆਂ ਹੋਈਆਂ ਹਨ। ਸਪੀਕਰ ਸਾਹਿਬ, ਅੰਗਰੇਜ਼ ਸਾਡੇ ਤੇ ਜ਼ੁਲਮ ਢਾਹੁੰਦੇ ਸਨ। ਇਸ ਕਰਕੇ ਇਹ ਜਿਹੜਾ ਕੰਸਟੀਚਿਊਸ਼ਨ ਹੈ, ਇਸ ਰਾਹੀਂ ਬਾਬਾ ਸਾਹਿਬ ਨੇ ਛੋਟੇ ਤੇ ਵੱਡੇ ਦਾ ਪਾੜਾ ਖਤਮ ਕੀਤਾ ਹੈ ਕਿ ਇੱਥੇ ਕੋਈ ਛੋਟਾ ਨਹੀਂ ਅਤੇ ਕੋਈ ਵੱਡਾ ਨਹੀਂ। ਸੰਵਿਧਾਨ ਲਿਖਣ ਵਾਲਿਆਂ ਦਾ ਕਹਿਣਾ ਸੀ ਕਿ ਸਭ ਨੂੰ ਇੱਕੋ ਜਿਹਾ ਜੀਵਨ ਜਿਊਣਾ ਚਾਹੀਦਾ ਹੈ। ਇਸ ਬਿਲਡਿੰਗ ਲਈ ਲੀ-ਕਾਰਬੁਜ਼ੀਅਰ ਨੂੰ ਬੁਲਾਇਆ ਗਿਆ। ਇਹ ਇੱਕ ਵਿਸ਼ੇਸ਼ ਸਵਾਲ ਹੈ ਕਿਉਂਕਿ ਇਹ ਬਿਲਡਿੰਗ ਵਿਚਾਲੇ ਹੈ ਜਿਵੇਂ ਮੈਂ ਪਹਿਲਾਂ ਦੱਸਿਆ ਕਿ ਇੱਕ ਪਾਸੇ Executive ਹੈ ਅਤੇ ਦੂਜੇ ਪਾਸੇ ਜੁਡੀਸ਼ਰੀ ਹੈ। ਇਹ ਇੱਕ ਮੰਦਿਰ ਹੈ। ਇੱਥੋਂ ਦੀ ਆਬੋ ਹਵਾ ਵੀ ਬੜੀ ਸੱਚੀ ਸੁੱਚੀ ਹੈ। ਮੈਂ ਆਪਣੇ ਸਾਰੇ ਮੈਂਬਰ ਸਾਹਿਬਾਨ ਨੂੰ ਕਹਿਣਾ ਚਾਹੁੰਦਾ ਹਾਂ ਕਿ ਦੋਸਤੋ, ਜਦੋਂ ਅਸੀਂ ਇਸ ਪਵਿੱਤਰ ਸਦਨ ਦੇ ਵਿੱਚ ਆਉਂਦੇ ਹਾਂ, ਇਸ ਮੰਦਿਰ ਦੇ ਵਿੱਚ ਆਉਂਦੇ ਹਾਂ ਤਾਂ ਆਪਣਾ ਮਨ ਸਾਫ ਕਰਕੇ ਆਈਏ ਕਿਉਂਕਿ ਅੱਜ ਕੰਸਟੀਚਿਊਸ਼ਨ ਦਾ ਦਿਹਾੜਾ ਹੈ। ਆਪਾਂ ਛੋਟੀਆਂ ਗੱਲਾਂ ਦੇ ਵਿੱਚ ਉਲਝ ਜਾਂਦੇ ਹਾਂ। ਸਪੀਕਰ ਸਾਹਿਬ, ਜਿਹੜੀ ਭਾਰਤ ਦੀ ਡੈਮੋਕ੍ਰੇਸੀ ਹੈ, ਉਹ ਵਰਲਡ ਦੀ ਸਭ ਤੋਂ ਵੱਡੀ ਡੈਮੋਕ੍ਰੇਸੀ ਮੰਨੀ ਗਈ ਹੈ ਕਿਉਂਕਿ ਲੋਕ ਇੱਥੇ ਇਲੈਕਟ ਹੋ ਕੇ ਆਉਂਦੇ ਹਨ। ਲੋਕਾਂ ਦੇ ਨੁਮਾਇੰਦਿਆਂ ਦੀ ਸ਼ਕਲ ਦੇ ਵਿੱਚ ਐਮ.ਐਲ.ਏ. ਬਣ ਕੇ ਬੈਠਦੇ ਹਨ, ਲੋਕ ਖੁਦ ਇੱਥੇ ਬੈਠੇ ਹੁੰਦੇ ਹਨ ਅਤੇ ਕਾਨੂੰਨ ਘੜਦੇ ਹਨ। ਸਪੀਕਰ ਸਾਹਿਬ, ਸਾਡੇ ਸੰਵਿਧਾਨ ਦੀ ਜਿਹੜੀ ਸਪੀਰਿਟ ਹੈ, ਉਹ ਵੈਲਫੇਅਰ ਸਟੇਟ ਹੈ। ਇੱਥੇ ਹਰ ਜੀਅ, ਹਰ ਬੱਚਾ ਆਜ਼ਾਦ ਪੈਦਾ ਹੁੰਦਾ ਹੈ। ਉਸ ਨੂੰ ਆਜ਼ਾਦੀ ਦਾ ਨਿੱਘ ਮਾਣਨ ਲਈ ਸੰਵਿਧਾਨ ਵਿੱਚ ਮੌਲਿਕ ਅਧਿਕਾਰ

ਦਿੱਤੇ ਗਏ ਹਨ। ਇਹ ਮੌਲਿਕ ਅਧਿਕਾਰ ਕੀ ਹਨ? ਸੰਵਿਧਾਨ ਦੇ ਆਰਟੀਕਲ 12 ਤੋਂ 35 ਵਿੱਚ ਬਿਲਕੁਲ ਸਪੱਸ਼ਟ ਕੀਤਾ ਗਿਆ ਹੈ। ਜਿੱਥੇ ਸੰਵਿਧਾਨ ਵਿੱਚ ਸਾਨੂੰ ਮੌਲਿਕ ਅਧਿਕਾਰ ਮਿਲੇ ਹਨ ਉੱਥੇ ਹੀ ਸੰਵਿਧਾਨ ਵਿੱਚ ਸਾਡੀਆਂ ਮੌਲਿਕ ਡਿਊਟੀਆਂ ਵੀ ਹਨ। ਉਹ ਡਿਊਟੀਆਂ ਸਪੱਸ਼ਟ ਕੀਤੀਆਂ ਗਈਆਂ ਹਨ। ਸਪੀਕਰ ਸਾਹਿਬ, ਆਰਟੀਕਲ 51 ਦੇ ਵਿੱਚ ਸਾਡੀਆਂ 11 ਮੌਲਿਕ ਡਿਊਟੀਆਂ ਹਨ। ਉਹ 11 ਮੌਲਿਕ ਡਿਊਟੀਆਂ ਕੀ ਹਨ? ਇਹ ਮੇਰੇ ਤੋਂ ਪਹਿਲਾਂ ਕੁਝ ਲੋਕਾਂ ਨੇ ਦੱਸਿਆ ਹੈ ਪਰ ਜੇਕਰ ਤੁਸੀਂ ਕਹੋਗੇ ਤਾਂ ਮੈਂ ਪੇਪਰ ਟੇਬਲ ਕਰ ਦਿਆਂਗਾ ਕਿ ਸਾਡੀਆਂ ਡਿਊਟੀਆ ਕੀ ਹਨ।ਅਗਰ ਅਸੀਂ ਉਨ੍ਹਾਂ 11 ਡਿਊਟੀਆਂ ਨੂੰ ਸਮਝ ਕੇ ਕੰਮ ਕਰੀਏ ਤਾਂ ਮੈਂ ਸਮਝਦਾ ਹਾਂ ਕਿ ਹਿੰਦੁਸਤਾਨ ਦਾ ਸੰਵਿਧਾਨ ਜਿਸ ਨੂੰ ਸਾਰੀ ਦੁਨੀਆ ਕਹਿੰਦੀ ਹੈ ਕਿ ਸਭ ਤੋਂ ਵਧੀਆ ਹੈ, ਆਉਣ ਵਾਲੇ ਸਮੇਂ ਵਿੱਚ ਵੀ ਸਭ ਤੋਂ ਵਧੀਆ ਰਹੇਗਾ। ਅੱਜ ਕੰਸਟੀਚਿਊਸ਼ਨ ਡੇਅ ਹੈ ਪਰ ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਅੱਜ ਕਿਸੇ ਨੇ ਐਮਰਜੈਂਸੀ ਦੀ ਗੱਲ ਕੀਤੀ, ਕਿਸੇ ਨੇ ਗੱਲ ਕੀਤੀ ਕਿ ਆਪਣੇ ਹੱਕਾਂ ਦੇ ਵਾਸਤੇ ਕੁਝ ਵੱਡੇ ਲੋਕ ਕੀ ਕਰਦੇ ਹਨ। ਤੁਸੀਂ ਮਹਾਰਾਸ਼ਟਰ ਦੇ ਵਿੱਚ ਦੇਖੋ ਕੀ ਹੋਇਆ ਹੈ। ਮਹਾਰਾਸ਼ਟਰ ਦੇ ਵਿੱਚ ਲੋਕਤੰਤਰ ਦਾ ਘਾਣ ਹੋ ਰਿਹਾ ਹੈ, ਗੋਆ ਦੇ ਵਿੱਚ ਕੀ ਹੋਇਆ? ਇਹ ਮੈਂ ਆਪਣੇ ਦੋਸਤਾਂ ਨੂੰ ਪੁੱਛਣਾ ਚਾਹੁੰਦਾ ਹਾਂ।

**ਮਾਨਯੋਗ ਸਪੀਕਰ :** ਨਹੀਂ, ਕਿਸੇ ਨੂੰ ਨਾ ਪੁੱਛੋ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਜੇ ਬਾਬਾ ਸਾਹਿਬ ਉੱਪਰ ਬੈਠੇ ਦੇਖਦੇ ਹੋਣਗੇ ਤਾਂ ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਮਨ ਨੂੰ ਬਹੁਤ ਵੱਡੀ ਠੇਸ ਲੱਗੀ ਹੋਵੇਗੀ ਕਿ ਮੈਂ ਕਿਹੜਾ ਸੰਵਿਧਾਨ ਬਣਾਇਆ ਸੀ ਅਤੇ ਉਸ ਨੂੰ ਲੋਕ ਕਿਵੇਂ ਤੋੜ-ਮਰੋੜ ਕੇ ਆਪਣੇ ਵੱਲ ਲੈ ਕੇ ਜਾ ਰਹੇ ਹਨ।

**Mr. Speaker :** Thank you, Thank you, Thank You.

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਸਾਡਾ ਦੇਸ਼ ਵਿੱਚ ਜੋ ਬੱਚਾ ਪੈਦਾ ਹੁੰਦਾ ਹੈ, ਉਹ ਆਜ਼ਾਦ ਪੈਦਾ ਹੁੰਦਾ ਹੈ। ਚਾਹੇ ਉਹ ਗਰੀਬ ਦੇ ਘਰ ਪੈਦਾ ਹੋਵੇ ਚਾਹੇ, ਚਾਹੇ ਅਮੀਰ ਦੇ ਘਰ ਪੈਦਾ ਹੋਵੇ, ਅਸੀਂ ਉਸ ਦੇ ਮੂੰਹ ਨੂੰ ਸ਼ਹਿਦ ਲਗਾਉਂਦੇ ਹਾਂ ਕਿ ਉਹ ਮਿੱਠਾ ਬੋਲੇ, ਸਿਹਤਮੰਦ ਰਹੇ। ਜਿਹੜੇ ਸਾਡੇ ਡੈਫ ਐਂਡ ਡੰਮ ਸਕੂਲ ਹਨ, ਬਲਾਇੰਡ ਸਕੂਲ ਹਨ, ਜਿਹੜੇ ਉਨ੍ਹਾਂ ਦੇ ਬੱਚੇ ਹਨ, ਉਨ੍ਹਾਂ ਵਾਸਤੇ ਸਰਕਾਰ ਨੂੰ ਸੋਚਣਾ ਚਾਹੀਦਾ ਹੈ, ਚਾਹੇ ਸਰਕਾਰ ਕੋਈ ਵੀ ਹੋਵੇ। ਪਹਿਲਾਂ ਤਾਂ ਮੈਂ ਗੁਜਾਰਿਸ਼ ਕਰਾਂਗਾ ਕਿ ਸਾਨੂੰ ਇੱਕ ਰੈਜ਼ੋਲਿਊਸ਼ਨ ਲੈ ਕੇ ਆਉਣਾ ਚਾਹੀਦਾ ਹੈ ਕਿ ਉਨ੍ਹਾਂ ਦੇ ਬਿਜਲੀ ਦੇ ਬਿਲ ਮਾਫ ਕਰ ਦੇਣੇ ਚਾਹੀਦੇ ਹਨ। ਦੂਜਾ ਸਪੀਕਰ ਸਾਹਿਬ, ਮੇਰੇ ਦੋਸਤਾਂ ਨੇ ਬਹੁਤ ਗੱਲਾਂ ਕੀਤੀਆਂ।

**ਮਾਨਯੋਗ ਸਪੀਕਰ :** ਹੁਣ ਤੁਸੀਂ ਉਹ ਗੱਲਾਂ ਨਾ ਕਰੋ।

Under Print
Not for Legal/Official use

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸੰਵਿਧਾਨ ਨੇ ਸਾਨੂੰ ਜ਼ਿੰਦਗੀ ਜਿਊਣ ਦਾ ਹੱਕ ਦਿੱਤਾ ਹੈ, ਅਸੀਂ ਕਿਸੇ ਦੀ ਜ਼ਿੰਦਗੀ ਨਹੀਂ ਲੈ ਸਕਦੇ। ਚਾਹੇ ਉਹ ਕੋਈ ਵੀ ਹੋਵੇ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਦਿੱਲੀ ਵਾਲਿਆਂ ਨੇ ਕੀ ਕੀਤਾ ਹੈ? ਸਾਡੇ ਮਰਹੂਮ ਸ਼੍ਰੀਮਤੀ ਇੰਦਰਾ ਗਾਂਧੀ, ਸ਼੍ਰੀ ਰਾਜੀਵ ਗਾਂਧੀ ਦੇ ਪਰਿਵਾਰ ਦੀ ਸਕਿਓਰਟੀ ਐਸ.ਪੀ.ਜੀ. ਵਾਪਸ ਲੈ ਲਈ। ਅਜਿਹਾ ਕਿਉਂ? ਕੀ ਸਾਡਾ ਸੰਵਿਧਾਨ ਇਹ ਕਹਿੰਦਾ ਹੈ? It is dynamic process. ਪਿੱਛੇ ਜਿਹੇ ਮੈਂ ਅਖਬਾਰਾਂ ਦੇ ਵਿੱਚ ਪੜ੍ਹ ਰਿਹਾ ਸੀ ਕਿ ਰਾਹੁਲ ਗਾਂਧੀ ਜੀ ਨੂੰ ਤੇ ਉਨ੍ਹਾਂ ਦੇ ਪਰਿਵਾਰ ਨੂੰ ਬੜਾ ਵੱਡਾ ਖਤਰਾ ਹੈ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਕੋਰ ਬਣਾਉਣ ਦੇ ਵਾਸਤੇ ਇਹ ਕੰਮ ਕੀਤਾ?

**ਮਾਨਯੋਗ ਸਪੀਕਰ :** ਧੰਨਵਾਦ ਜੀ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਇਹ ਮੈਂ ਨਹੀਂ ਕਹਿ ਰਿਹਾ ਹਾਂ, ਇਹ ਟੈਲੀਵਿਜ਼ਨ ਕਹਿ ਰਿਹਾ ਹੈ ਕਿ ਦੋ ਕੁ ਦਿਨਾਂ ਵਾਸਤੇ ਇਨ੍ਹਾਂ ਨੇ ਕੀਤਾ। ਇਨ੍ਹਾਂ ਨੇ ਆਪਣੀ ਵਾਹ-ਵਾਹ ਕਰਵਾਉਣ ਦੇ ਵਾਸਤੇ ਇਹ ਕੁਝ ਕੀਤਾ। ਅਸੀਂ ਆਉਣ ਵਾਲੇ ਸਮੇਂ ਦੇ ਵਿਚ ਤੁਹਾਨੂੰ ਅਮੈਂਡਮੈਂਟ ਕਰਕੇ ਦਿਖਾਵਾਂਗੇ ਕਿ ਅਮੈਂਡਮੈਂਟ ਕੀ ਹੁੰਦੀ ਹੈ।

**ਮਾਨਯੋਗ ਸਪੀਕਰ :** ਬੈਠੋ, ਬੈਠੋ। ਹੁਣ ਬੈਠ ਜਾਓ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਸਪੀਕਰ ਸਾਹਿਬ, ਅੱਜ ਅਸੀਂ ਕਾਂਸਟੀਚਿਊਸ਼ਨਲ ਡੇਅ ਦੇ ਉੱਤੇ ਗੱਲ ਕਰ ਰਹੇ ਹਾਂ। (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਬੈਠੇ-ਬੈਠੇ ਸਰਦਾਰ ਪਰਮਿੰਦਰ ਸਿੰਘ ਪਿੰਕੀ ਨੂੰ ਕੁਝ ਬੋਲ ਰਹੇ ਸਨ, ਮਾਈਕ ਆਨ ਨਾ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਵਾਈਂਡ ਅੱਪ ਕਰੋ, ਹੁਣ ਵਾਈਂਡ ਅੱਪ ਕਰੋ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਨਹੀਂ, ਮੈਂ ਤੁਹਾਡੇ ਦੁਆਲੇ ਨਹੀਂ ਹੋ ਰਿਹਾ। (ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ ਕਰਦੇ ਹੋਏ) ਮੈਂ ਛੋਟੇ ਭਾਈ ਸਾਹਿਬ ਜੀ ਨੂੰ ਸਮਝਾਉਣਾ ਚਾਹੁੰਦਾ ਹਾਂ ਕਿ ਸਾਨੂੰ ਅਜਿਹੀਆਂ ਹਰਕਤਾਂ ਨਹੀਂ ਕਰਨੀਆਂ ਚਾਹੀਦੀਆਂ। ਇਹ ਤੁਹਾਡੀ ਭਾਈਵਾਲ ਪਾਰਟੀ ਹੈ। ਸਪੀਕਰ ਸਾਹਿਬ, ਇਹ ਬੜੇ ਅਫਸੋਸ ਨਾਲ ਕਹਿਣਾ ਪੈਂਦਾ ਹੈ ਕਿ ਇਹ ਹਾਲੇ ਵੀ ਹੱਸਦੇ ਫਿਰਦੇ ਹਨ।

**ਮਾਨਯੋਗ ਸਪੀਕਰ :** ਹੁਣ ਬੈਠੋ, ਬੈਠੋ, ਬੈਠੋ।

Under Print
Not for Legal/Official use

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਅੱਜ ਉੱਥੋਂ ਦੇ ਚੀਫ ਮਨਿਸਟਰ ਨੇ ਅਸਤੀਫਾ ਦੇ ਦਿੱਤਾ। ਜੇ ਉਹ ਅਸਤੀਫਾ ਨਾ ਦਿੰਦਾ ਤਾਂ ਕੱਲ੍ਹ ਦੁਨੀਆ ਨੇ ਉਨ੍ਹਾਂ ਤੋਂ ਅਸਤੀਫਾ ਦਿਵਾ ਦੇਣਾ ਸੀ। ਇਸ ਕਰਕੇ ਸਾਨੂੰ ਸੰਵਿਧਾਨ ਦੀ ਰਾਖੀ ਰੱਖਣੀ ਚਾਹੀਦੀ ਹੈ।(ਥੰਪਿੰਗ)

**ਮਾਨਯੋਗ ਸਪੀਕਰ :** ਹੁਣ ਬੈਠੋ, ਬੈਠੋ, ਬੈਠੋ। ਹਾਂ ਜੀ, ਸਿਮਰਜੀਤ ਸਿੰਘ ਬੈਂਸ ਜੀ।

**ਸਰਦਾਰ ਪਰਮਿੰਦਰ ਸਿੰਘ ਪਿੰਕੀ :** ਇੱਕ ਮਿੰਟ ਸਪੀਕਰ ਸਾਹਿਬ, ਜੇ ਮੈਂ ਸਾਲ 1992 ਦੀ ਗੱਲ ਕਰਾਂ ਤਾਂ ਜਿਹੜਾ ਸਾਡਾ ਗੁਆਂਢੀ ਦੇਸ਼ ਸੀ, ਉਨ੍ਹਾਂ ਨੇ ਵੀ ਬੜਾ ਜ਼ੋਰ ਲਗਾ ਲਿਆ ਕਿ ਹਿੰਦੁਸਤਾਨ ਦੇ ਸੰਵਿਧਾਨ ਨੂੰ ਅਸੀਂ ਬਦਲ ਦੇਈਏ। ਉੱਥੇ ਵੀ ਸਰਦਾਰ ਬੇਅੰਤ ਸਿੰਘ ਜੀ ਨੇ ਸਟੈਂਡ ਲਿਆ। ਆਪਣੀ ਬਲੀ ਦਿੱਤੀ ਅਤੇ ਉਨ੍ਹਾਂ ਦਾ ਸਟੈਂਡ ਕਾਇਮ ਰਿਹਾ। ਉਨ੍ਹਾਂ ਨੇ ਕਿਹਾ ਕਿ ਹਿੰਦੁਸਤਾਨ ਦੀ ਏਕਤਾ ਅਤੇ ਅਖੰਡਤਾ ਨੂੰ ਕਿਸੇ ਦੂਜੇ ਪਾਸੇ ਨਹੀਂ ਜਾਣ ਦਿਆਂਗੇ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਹਾਂ ਜੀ, ਸਿਮਰਜੀਤ ਸਿੰਘ ਜੀ ਤੁਸੀਂ ਸ਼ੁਰੂ ਕਰੋ। (ਵਿਘਨ)

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਹਾਂ ਜੀ, ਤੁਸੀਂ ਕੀ ਕਹਿਣਾ ਹੈ ਮਜੀਠੀਆ ਜੀ? ਬੋਲੋ ਤੁਸੀਂ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਤਾਂ ਪਿੰਕੀ ਜੀ ਦੇ ਹੱਕ ਦੀ ਗੱਲ ਕਹਿ ਰਿਹਾ ਹਾਂ। ਮੈਂ ਇਨ੍ਹਾਂ ਨੂੰ ਇਹ ਕਹਿ ਰਿਹਾ ਹਾਂ ਕਿ ਇਨ੍ਹਾਂ ਨੇ ਬਹੁਤ ਵਧੀਆ ਗੱਲਾਂ ਕੀਤੀਆਂ ਹਨ, ਇਨ੍ਹਾਂ ਦੀਆਂ ਗੱਲਾਂ ਮਾੜੀਆਂ ਨਹੀਂ ਹੋ ਸਕਦੀਆਂ। ਬੀ.ਆਰ. ਅੰਬੇਦਕਰ ਜੀ ਕੀ ਮਹਿਸੂਸ ਕਰਦੇ ਹੋਣਗੇ, ਇਹ ਤਾਂ ਵਧੀਆ ਗੱਲ ਹੈ ਕਿ ਇਨ੍ਹਾਂ ਨੇ ਗੱਲ ਕੀਤੀ ਹੈ। ਇਨ੍ਹਾਂ ਦੇ ਦਾਦਾ ਜੀ ਬੜੇ ਸਤਿਕਾਰ-ਯੋਗ ਹਨ ਪਰ ਤੁਸੀਂ ਇੱਥੇ ਬਲੀ ਲਫਜ਼ ਵਰਤਿਆ ਹੈ। ਮੈਨੂੰ ਇਹ ਠੀਕ ਨਹੀਂ ਲੱਗਿਆ।(ਵਿਘਨ...ਸ਼ੋਰ) ਸਪੀਕਰ ਸਾਹਿਬ, ਮੈਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ 0001 ਹੈ, ਕਿਤੇ ਉਸ ਦੀ ਬਲੀ ਨਾ ਦਿਵਾ ਦਿਓ।

**ਮਾਨਯੋਗ ਸਪੀਕਰ :** ਹਾਂ ਜੀ, ਸਿਮਰਜੀਤ ਸਿੰਘ ਜੀ, ਬੈਂਸ ਸਾਹਿਬ।

**ਸਰਦਾਰ ਸਿਮਰਜੀਤ ਸਿੰਘ ਬੈਂਸ (ਆਤਮ ਨਗਰ) :** ਸਪੀਕਰ ਸਾਹਿਬ, ਬਹੁਤ ਬਹੁਤ ਸ਼ੁਕਰੀਆ। ਤੁਸੀਂ ਮੈਨੂੰ ਅੱਜ ਸੰਵਿਧਾਨ ਦਿਵਸ ਦੇ ਵਿਸ਼ੇਸ਼ ਸਮਾਗਮ ਤੇ ਬੋਲਣ ਦਾ ਮੌਕਾ ਦਿੱਤਾ ਹੈ।ਮੈਂ ਤੁਹਾਡਾ ਰਿਣੀ ਹਾਂ। ਜਦੋਂ ਵਿਧਾਨ ਸਭਾ ਸਕੱਤਰੇਤ ਦੇ ਮੇਨ ਗੇਟ ਤੋਂ ਐਮ.ਐਲ.ਏਜ਼ ਦੀ ਐਂਟਰੀ ਹੁੰਦੀ ਹੈ, ਉੱਥੇ ਬਾਹਰ ਇੱਕ ਬਹੁਤ ਵੱਡਾ ਬੋਰਡ ਲੱਗਿਆ ਹੋਇਆ ਹੈ ਪਰ ਅਫਸੋਸ ਹੋਇਆ ਕਿ ਇਹ ਬੋਰਡ ਪੰਜਾਬ ਵਿਧਾਨ ਸਭਾ ਸਕੱਤਰੇਤ ਵੱਲੋਂ ਨਹੀਂ ਲਗਾਇਆ ਗਿਆ ਸੀ। ਇਹ ਸਾਡੇ ਗੁਆਂਢੀ ਸੂਬੇ ਹਰਿਆਣਾ ਵਿਧਾਨ ਸਭਾ ਵੱਲੋਂ

ਲਗਾਇਆ ਗਿਆ ਹੈ। ਸਾਨੂੰ ਇਹ ਮਹਿਸੂਸ ਹੋਇਆ ਅਤੇ ਪੱਤਰਕਾਰਾਂ ਨੇ ਵੀ ਸਵਾਲ ਕੀਤੇ ਪਰ ਅੱਗੇ ਤੋਂ ਮੇਰੀ ਗੁਜ਼ਾਰਿਸ਼ ਹੈ ਕਿ ਪੰਜਾਬ ਵਿਧਾਨ ਸਭਾ ਵੱਲੋਂ ਇਸ ਦਾ ਖਿਆਲ ਰੱਖਿਆ ਜਾਵੇ।

**Mr. Speaker** : Thank you, thank You.

**ਸਰਦਾਰ ਸਿਮਰਜੀਤ ਸਿੰਘ ਬੈਂਸ :** ਸਪੀਕਰ ਸਾਹਿਬ, ਸਾਡੇ ਦੇਸ਼ ਦਾ ਸੰਘੀ ਢਾਂਚਾ ਹੈ, ਫੈਡਰਲ ਸਿਸਟਮ ਹੈ। ਇਸ ਫੈਡਰਲ ਸਿਸਟਮ ਤਹਿਤ ਸ਼ਕਤੀਆਂ ਦੀ ਵੰਡ ਹੋ ਗਈ ਕਿ ਕਿਹੜੀਆਂ ਸ਼ਕਤੀਆਂ ਕੇਂਦਰ ਦੇ ਕੋਲ ਹਨ, ਕਿਹੜੀਆਂ ਕਨਕਰੰਟ ਲਿਸਟ ਵਿਚ ਹਨ, ਕਿਹੜੀਆਂ ਰਾਜਾਂ ਦੇ ਕੋਲ ਹਨ। ਸਪੀਕਰ ਸਾਹਿਬ, ਮੈਂ ਟੂਕ ਮਾਤਰ ਹੀ, ਜਿੰਨਾ ਤੁਸੀਂ ਮੈਨੂੰ ਟਾਈਮ ਦਿੱਤਾ, ਉਸ ਵਿਚ ਦੱਸਣਾ ਚਾਹਾਂਗਾ । ਸਪੀਕਰ ਸਾਹਿਬ, ਜਿਹੜੀਆਂ ਸੰਵਿਧਾਨ ਦੀਆਂ ਧਾਰਾਵਾਂ ਨੂੰ ਅੱਖੋਂ ਪਰੋਖੇ ਕਰਕੇ ਪੰਜਾਬ ਦੇ ਕੁਦਰਤੀ ਸਰੋਤਾਂ ਦੀ ਲੁੱਟ ਹੋ ਰਹੀ ਹੈ। ਮੈਂ ਉਨ੍ਹਾਂ ਉੱਤੇ ਗੱਲ ਕਰਨੀ ਚਾਹੁੰਦਾ ਹਾਂ। ਸਪੀਕਰ ਸਾਹਿਬ, ਸਤਿਕਾਰਯੋਗ ਸੰਧੂ ਸਾਹਿਬ ਬੋਲ ਕੇ ਚਲੇ ਗਏ ਹਨ, 7ਵੀਂ ਸ਼ਡਿਊਲ ਦੀ 17ਵੀਂ ਐਂਟਰੀ ਵਿੱਚ, 17ਵੀਂ ਐਂਟਰੀ ਵਿੱਚ ਸਟੇਟ ਸਬਜੈਕਟ ਵਿਚ ਪਾਣੀ, ਜਲ ਭੰਡਾਰਨ, ਡੈਮ, ਬਿਜਲੀ ਉਤਪਾਦਨ, ਇਹ ਸਾਰੇ ਅਸੈਂਬਲੀ ਰਾਈਟ ਹਨ, ਇਹ ਸੂਬੇ ਦੇ ਅਧਿਕਾਰ ਖੇਤਰ ਵਿਚ ਹਨ। 7ਵੀਂ ਸ਼ਡਿਊਲ ਦੀ 56ਵੀਂ ਐਂਟਰੀ ਵਿੱਚ ਕੇਂਦਰ ਕੋਲ ਸਿਰਫ ਇੰਟਰ ਸਟੇਟ ਰਿਵਰ, ਅੰਤਰਰਾਜੀ ਰਿਵਰ ਆਉਂਦੇ ਹਨ। ਸਪੀਕਰ ਸਾਹਿਬ, ਹੁਣ ਨਾ ਤਾਂ ਸਾਡਾ ਅੰਤਰਰਾਜੀ ਹਰਿਆਣਾ ਨਾਲ ਲਗਦਾ ਹੈ, ਨਾ ਹੀ ਰਾਜਸਥਾਨ ਨਾਲ ਕੋਈ ਅੰਤਰਰਾਜੀ ਦਰਿਆ ਹੈ । 1966 ਵਿੱਚ ਜਦੋਂ ਪੰਜਾਬ ਦੀ ਵੰਡ ਹੋਈ, ਰੀਆਰਗੇਨਾਈਜ਼ੇਸ਼ਨ ਐਕਟ, 1966 ਦੀਆਂ ਧਾਰਾਵਾਂ 78,79 ਅਤੇ 80 ਸੰਵਿਧਾਨ ਦੀ ਧਾਰਾ 262 ਦਾ ਉਲੰਘਣਾ ਕਰਕੇ ਬਣਾ ਦਿੱਤੀਆਂ। ਹੁਣ ਦੇਸ਼ ਦੇ ਅੰਦਰ ਬਹੁਤ ਸੂਬਿਆਂ ਦਾ ਵੀ ਰੀਆਗੇਨਾਈਜ਼ੇਸ਼ਨ ਹੋਇਆ, ਪੁਨਰਗਠਨ ਹੋਇਆ ਪਰ ਪੂਰੇ ਦੇਸ਼ ਦੇ ਅੰਦਰੋਂ ਸਿਰਫ ਪੰਜਾਬ ਦਾ ਪਾਣੀ ਲੁੱਟਣ ਵਾਸਤੇ ਗੈਰਕਾਨੂੰਨਨੀ ਧਾਰਾਵਾਂ ਜੋੜ ਦਿੱਤੀਆਂ ਗਈਆਂ। ਸਪੀਕਰ ਸਾਹਿਬ, ਜਦੋਂ ਰਾਜੀਵ-ਲੌਂਗੋਵਾਲ ਸਮਝੌਤਾ ਹੋਇਆ, ਉਸ ਸਮਝੌਤੇ ਤਹਿਤ ਇੰਟਰ-ਸਟੇਟ ਰਿਵਰ ਵਾਟਰ ਡਿਸਪਿਊਟ ਐਕਟ,1956 ਦੀਆਂ 13 ਧਾਰਾਵਾਂ ਵਿੱਚ 14ਵੀਂ ਧਾਰਾ ਜੋੜ ਦਿੱਤੀ ਗਈ। ਇਹ ਸਿੱਧਾ ਭਾਰਤੀ ਸੰਵਿਧਾਨ ਦਾ ਧਾਰਾ 262 ਦਾ ਉਲੰਘਣ ਹੈ। ਸਾਡੇ ਪੰਜਾਬ ਦਾ ਪਾਣੀ ਲੁੱਟਣ ਵਾਸਤੇ ਇਹ ਸਾਰਾ ਕੁਝ ਹੋਇਆ। 29 ਜਨਵਰੀ, 1956 ਨੂੰ ਉਸ ਵੇਲੇ ਦੇ ਦੇਸ਼ ਦੇ ਸਿੰਚਾਈ ਤੇ ਬਿਜਲੀ ਮੰਤਰੀ ਪੰਜਾਬ ਤੇ ਰਾਜਸਥਾਨ ਸੂਬਿਆਂ ਦੇ ਮੁੱਖ ਮੰਤਰੀਆਂ ਦੀ ਮੀਟਿੰਗ ਸੱਦਦੇ ਹਨ ਅਤੇ ਪਾਣੀ ਦੀ ਗੈਰਕਾਨੂੰਨੀ ਵੰਡ ਕਰਦੇ ਹਨ ਪਰ ਉਸ ਸੀਕਰੇਟ ਮੀਟਿੰਗ ਦੇ ਮਿਨਟਸ ਵਿੱਚ ਪੰਜ ਨੰਬਰ ਪੈਰ੍ਹੇ ਦੇ ਵਿੱਚ ਲਿਖ ਗਏ ਕਿ ਇਹ ਪਾਣੀਆਂ ਦੀ ਵੰਡ ਕੀਤੀ ਹੈ ਪਰ ਪਾਣੀਆਂ ਦੀ ਕੀਮਤ ਦਾ ਸਬਜੈਕਟ ਅਲੱਗ ਹੈ। ਸਪੀਕਰ ਸਾਹਿਬ, ਅਫਸੋਸ ਹੈ ਕਿ 29 ਜਨਵਰੀ, 1956 ਤੋਂ ਲੈ ਕੇ ਹੁਣ ਤੱਕ ਕੁਝ ਨਹੀਂ ਹੋਇਆ। ਚਾਹੇ 16 ਨਵੰਬਰ, 2016 ਨੂੰ ਪਾਣੀਆਂ ਦੀ ਕੀਮਤ ਵਸੂਲੀ ਦਾ ਇਸੇ ਪਵਿੱਤਰ ਸਦਨ ਵਿਚ ਬਿਲ ਪਾਸ ਹੋ ਗਿਆ ਪਰ ਬਿਲ ਬਣਾ ਕੇ ਨਹੀਂ ਭੇਜਿਆ। ਸੋ, ਮੈਂ ਇਨ੍ਹਾਂ ਪਾਣੀਆਂ ਦੀ ਗੱਲ ਕਰਦਾ

ਹਾਂ ਕਿ ਅਸੀਂ ਸੁਪਰੀਮ ਕੋਰਟ ਵਿੱਚ ਐਸ.ਵਾਈ.ਐਲ. ਦਾ ਕੇਸ ਹਾਰ ਗਏ। ਉਸ ਦੇ ਪਿਛੇ ਕਾਰਨ ਕੀ ਹੈ? ਸਾਲ 2004 ਵਿੱਚ ਕੈਪਟਨ ਅਮਰਿੰਦਰ ਸਿੰਘ, ਜਿਨ੍ਹਾਂ ਨੂੰ ਪੰਜਾਬ ਦੇ ਪਾਣੀਆਂ ਦੇ ਰਾਖੇ ਦਾ ਖਿਤਾਬ ਦਿੱਤਾ ਹੈ, ਉਹ ਇੱਕ ਬਹੁਤ ਵੱਡਾ ਬਿਲ ਟਰਮੀਨੇਸ਼ਨ ਆਫ ਵਾਟਰ ਐਗਰੀਮੈਂਟ ਲੈ ਕੇ ਆਏ ਸੀ। ਪਾਣੀਆਂ ਸਬੰਧੀ ਸਮਝੌਤਾ ਤੋੜੂ ਐਕਟ ਉਨ੍ਹਾਂ ਨੇ ਪਾਸ ਕੀਤਾ । ਸਪੀਕਰ ਸਾਹਿਬ, ਉਹ ਸਾਡੇ 10-12 ਸਾਲ ਕਢਵਾ ਜ਼ਰੂਰ ਗਿਆ ਹੈ ਪਰ ਜਿਹੜੀ ਬੁਰਾਈ ਦੀ ਜੜ੍ਹ ਸੀ, ਉਹ ਖਤਮ ਨਹੀਂ ਹੋਈ। ਹੁਣ ਲੜਾਈ ਸਾਨੂੰ ਲੜਨੀ ਚਾਹੀਦੀ ਸੀ ਕਿ ਪਾਣੀਆਂ ਦੀ ਮਾਲਕੀ ਨਿਰੋਲ ਪੰਜਾਬ ਦੀ ਹੈ। ਦੇਸ਼ ਦੀ ਅਜ਼ਾਦੀ ਤੋਂ ਬਾਅਦ ਢਾਈ ਦਰਿਆ ਸਤਲੁਜ, ਬਿਆਸ ਤੇ ਰਾਵੀ ਸਾਡੇ ਕੋਲ ਬਚੇ ਹਨ, ਇਸ ਵਿੱਚ ਹਰਿਆਣੇ ਜਾਂ ਰਾਜਸਥਾਨ ਦਾ ਦੂਰ ਦਾ ਵੀ ਲੇਗਾ-ਦੇਗਾ ਨਹੀਂ ਹੈ। ਇਹ ਨਿਰੋਲ ਪੰਜਾਬ ਦਾ ਹੈ, ਇਹ ਅੰਤਰ-ਰਾਜੀ ਨਹੀਂ ਹਨ। ਉਹ ਸਮਝੌਤਾ ਤੋੜੂ ਐਕਟ ਪਾਸ ਹੋ ਗਿਆ, ਐਕਟ ਪਾਸ ਹੋ ਕੇ ਜਦੋਂ ਗਵਰਨਰ ਜੀ ਤੋਂ ਹੁੰਦਿਆਂ ਹੋਇਆਂ ਕੇਂਦਰ ਦੀ ਸਰਕਾਰ ਕੋਲ ਗਿਆ ਤਾਂ ਕੇਂਦਰ ਨੇ ਪ੍ਰੈਸੀਡੈਂਸਲ ਰੈਫਰੈਂਸ ਦੇ ਤਹਿਤ ਰਾਸ਼ਟਰਪਤੀ ਜੀ ਕੋਲ ਭੇਜ ਦਿੱਤਾ। ਉਸ ਦੀ ਕਾਨੂੰਨੀ ਵਾਕਫੀਅਤ ਪੁੱਛਣ ਵਾਸਤੇ ਭੇਜ ਦਿੱਤਾ। ਪ੍ਰੈਸੀਡੈਂਸ਼ਲ ਰੈਫਰੈਂਸ ਦੇ ਤਹਿਤ ਰਾਸ਼ਟਰਪਤੀ ਜੀ ਨੇ ਉਹ 2004 ਦਾ ਵਾਟਰ ਟਰਮੀਨੇਸ਼ਨ ਐਕਟ ਸੁਪਰੀਮ ਕੋਰਟ ਦੇ ਜੱਜਿਜ਼ ਕੋਲ ਭੇਜ ਦਿੱਤਾ ਕਿ ਇਸ ਦੇ ਉਤੇ ਰਾਏ ਦਿਉ ਕਿ ਕੀ ਤੁਹਾਡੀ ਕੀ ਰਾਏ ਹੈ। ਪਰ ਨੁਕਤੇ ਕੀ ਲਿਖੇ? ਉਹ ਨੁਕਤੇ ਲਿਖ ਦਿੱਤੇ ਕਿ ਕੀ ਇਹ 2004 ਵਾਲਾ ਐਕਟ 1966 ਦੀ ਧਾਰਾ 78 ਦਾ 1956 ਦੇ ਇੰਟਰ-ਸਟੇਟ ਵਾਟਰ ਡਿਸਪਿਊਟ ਐਕਟ ਦੀ ਧਾਰਾ 14 ਦਾ ਉਲੰਘਣ ਤਾਂ ਨਹੀਂ ਕਰਦਾ। ਮੈਂ ਪਿਛਲੇ ਹਾਊਸ ਵਿੱਚ ਬੇਨਤੀ ਕੀਤੀ ਸੀ, ਅਸੀਂ ਗਵਰਨਰ ਸਾਹਿਬ ਨੂੰ ਵੀ ਮਿਲੇ। ਪਿਛਲੇ ਹਾਊਸ ਦੀ ਗੱਲ ਹੈ, ਮੈਂ ਗਵਰਨਰ ਸਾਹਿਬ ਨੂੰ ਲਿਖ ਕੇ ਦੇ ਕੇ ਆਇਆ ਕਿ ਇਸ ਵਿੱਚ ਇਕ ਨੁਕਤਾ ਹੋਰ ਜੋੜ ਦਿਉ। ਅਸੀਂ ਸਾਰਾ ਕੁਝ ਜਿੱਤ ਕੇ ਆਵਾਂਗੇ। SYL ਪੰਜਾਬ ਦੇ ਪਾਣੀਆਂ ਵੱਲ ਕੋਈ ਮੈਲੀ ਅੱਖ ਕਰਕੇ ਨਹੀਂ ਦੇਖ ਸਕਦਾ, ਇੱਕ ਨੁਕਤਾ ਹੋਰ ਲਿਖ ਦਿਓ ਕਿ ਸੰਨ 1966 ਦੇ ਪੁਨਰਗਠਨ ਐਕਟ ਦੀ ਧਾਰਾ 78 ਅਤੇ 1956 ਦੇ ਅੰਤਰਰਾਜੀ ਦਰਿਆਵਾਂ ਦੇ ਝਗੜੇ ਦੀ ਧਾਰਾ 14, ਭਾਰਤ ਦੇ ਸੰਵਿਧਾਨ ਦੇ ਆਰਟੀਕਲ 262 ਦਾ ਉਲੰਘਣ ਹਨ ਜਾਂ ਨਹੀਂ? ਜਿਹੜੇ ਸੁਪਰੀਮ ਕੋਰਟ ਦੇ ਜੱਜ ਬੈਠੇ ਹਨ, ਉਨ੍ਹਾਂ ਨੇ ਸੰਵਿਧਾਨ ਖੋਲ੍ਹ ਕੇ ਉਸ ਦੀ ਵਿਆਖਿਆ ਕਰਕੇ ਭੇਜਣੀ ਹੈ। ਸਪੀਕਰ ਸਾਹਿਬ, 100% ਨਹੀਂ, 101% ਲਿਖ ਕੇ ਭੇਜਣਗੇ ਕਿ ਬਿਲਕੁਲ ਇਹ ਦੋਵੇਂ ਧਾਰਾਵਾਂ ਭਾਰਤ ਦੇ ਸੰਵਿਧਾਨ ਦੇ ਆਰਟੀਕਲ 262 ਦੀ ਉਲੰਘਣਾ ਹਨ। ਸਦਾ ਲਈ ਸਮਾਪਤੀ ਹੋ ਜਾਵੇਗੀ। ਮਾਨਯੋਗ ਮੁੱਖ ਮੰਤਰੀ ਸਾਹਿਬ ਅੱਜ ਗੈਰਹਾਜ਼ਰ ਹਨ। ਅਸੀਂ ਗੱਲਾਂ ਕਰਦੇ ਹਾਂ, ਐਜੂਕੇਸ਼ਨ ਦੀਆਂ, ਹੈਲਥ ਦੀਆਂ, ਇਨਫ੍ਰਾਸਟ੍ਰਕਚਰ ਦੀਆਂ। ਸਪੀਕਰ ਸਾਹਿਬ, ਵੜੇ ਤਾਂ ਘਿਓ ਨਾਲ ਬਣਨੇ ਹਨ, ਥੁੱਕ ਨਾਲ ਵੜੇ ਨਹੀਂ ਪੱਕਣੇ। ਸਟੇਟ ਦੇ ਖਜ਼ਾਨੇ ਵਿੱਚ ਕੀ ਕੁਝ ਹੈ, ਉਹ ਮੇਰਾ ਖਿਆਲ ਹੈ, ਕਿਸੇ ਤੋਂ ਗੁੱਝਾ-ਛੁਪਾ ਨਹੀਂ ਹੈ। ਦੂਜੇ ਪਾਸੇ ਅਸੀਂ ਪਾਣੀ ਦੀ ਕੀਮਤ ਦਾ ਬਿਲ ਇਸੇ ਪਵਿੱਤਰ ਸਦਨ ਵਿੱਚ 16 ਨਵੰਬਰ, 2016 ਨੂੰ ਸਰਵਸੰਮਤੀ

ਨਾਲ ਪਾਸ ਕੀਤਾ। ਮੈਨੂੰ ਉਹ ਬਿਲ ਟੇਬਲ ਕਰਾਉਣ ਵਾਸਤੇ ਦੋ ਵਾਰ ਬੜੀ ਕੁੱਟ ਵੀ ਖਾਣੀ ਪਈ। ਬਿਲ ਪਾਸ ਹੋ ਗਿਆ ਪਰ ਨਾ ਪਹਿਲੀ ਸਰਕਾਰ ਨੇ ਅਤੇ ਨਾ ਹੁਣ ਤਿੰਨ ਸਾਲ ਤੋਂ ਬਣੀ ਹੋਈ ਇਸ ਸਰਕਾਰ ਨੇ ਪਾਣੀ ਦੀ ਕੀਮਤ ਦਾ ਬਿਲ ਬਣਾ ਕੇ ਭੇਜਿਆ ਹੈ। ਅਸੀਂ ਮੁੱਖ ਮੰਤਰੀ ਸਾਹਿਬ ਦੇ ਘਰ ਦੇ ਬਾਹਰ ਧਰਨੇ ਦਾ ਪ੍ਰੋਗਰਾਮ ਬਣਾਇਆ, ਜਦੋਂ ਆਮ ਆਦਮੀ ਪਾਰਟੀ ਨਾਲ ਸਾਡਾ ਅਲਾਇੰਸ ਸੀ, ਉਥੋਂ ਜਾ ਕੇ ਸਕੱਤਰੇਤ ਧਰਨਾ ਲਗਾ ਲਿਆ। ਮੁੱਖ ਮੰਤਰੀ ਸਾਹਿਬ ਦੇ ਓ.ਐਸ.ਡੀ. ਸਾਹਿਬ ਆਏ ਅਤੇ ਉਨ੍ਹਾਂ ਨੇ ਮੁੱਖ ਮੰਤਰੀ ਸਾਹਿਬ ਨਾਲ ਸਾਡੀ ਮੀਟਿੰਗ ਫਿਕਸ ਕੀਤੀ। ਸਪੀਕਰ ਸਾਹਿਬ, ਕੈਪਟਨ ਅਮਰਿੰਦਰ ਸਿੰਘ ਕਨਵਿੰਸ ਹੋਏ। ਮੈਂ ਉਨ੍ਹਾਂ ਨੂੰ ਦਸਤਾਵੇਜ ਦਿਖਾਏ ਕਿ ਕੈਪਟਨ ਸਾਹਿਬ, ਤੁਹਾਡੇ ਦਾਦਾ, ਤੁਹਾਡੇ ਸਤਿਕਾਰਯੋਗ grand father ਬ੍ਰਿਟਿਸ਼ ਸਰਕਾਰ ਨੂੰ ਪਾਣੀ ਵੇਚਦੇ ਰਹੇ ਹਨ ਅਤੇ ਇਹ ਦੇਖੋ ਕੀਮਤ, ਬਿਲ ਭੇਜੇ ਹੋਏ, ਪੈਸੇ ਦੀਆਂ ਰਸੀਦਾਂ। ਮਹਾਰਾਜਾ ਗੰਗਾ ਸਿੰਘ, ਬੀਕਾਨੇਰ ਰਿਆਸਤ ਦੇ ਰਾਜਾ ਬ੍ਰਿਟਿਸ਼ ਗੌਰਮਿੰਟ ਨੂੰ ਪਾਣੀ ਦੀ ਕੀਮਤ ਦੇ ਪੈਸੇ ਦੇ ਕੇ ਗੰਗ ਕੈਨਾਲ ਬਣਾ ਕੇ ਲੈ ਕੇ ਗਏ ਅਤੇ recently, ਨਰਵਾਣਾ ਨਹਿਰ ਦੇ ਜ਼ਰੀਏ ਦਿੱਲੀ ਨੂੰ ਵਾਟਰ ਸਪਲਾਈ ਜਾ ਰਹੀ ਹੈ, ਜਿਸ ਵਿੱਚ ਪੰਜਾਬ ਦਾ ਹਿੱਸਾ ਵੀ 0.4 MAF ਹੈ। ਪਿਛਲੀ ਹਰਿਆਣਾ ਗੌਰਮਿੰਟ ਨੇ, ਜਿਹੜੀ ਹੁਣ ਰਿਪੀਟ ਹੋਈ ਹੈ, ਖੱਟੜ ਗੌਰਮਿੰਟ ਨੇ ਦਿੱਲੀ ਦੀ ਸਰਕਾਰ ਨੂੰ ਬਿਲ ਬਣਾ ਕੇ ਭੇਜ ਦਿੱਤਾ ਕਿ ਪਾਣੀ ਦੀ ਕੀਮਤ ਦਿਓ। ਇਸ ਵਾਸਤੇ ਉਨ੍ਹਾਂ ਨੇ warning letter ਭੇਜ ਦਿੱਤਾ। ਮੇਰੇ ਕੋਲ ਉਹ ਵੀ ਪਿਆ ਹੈ। Warning letter ਭੇਜ ਦਿੱਤਾ ਕਿ ਜੇ ਤੁਸੀਂ ਪਾਣੀ ਦੀ ਕੀਮਤ ਅਦਾ ਨਾ ਕੀਤੀ ਤਾਂ ਤੁਹਾਡਾ ਪਾਣੀ ਬੰਦ ਕਰ ਦੇਵਾਂਗੇ। ਸਪੀਕਰ ਸਾਹਿਬ, ਦਿੱਲੀ ਦੀ ਸਰਕਾਰ ਨੇ ਹਰਿਆਣਾ ਦੀ ਗੌਰਮਿੰਟ ਨੂੰ part payment ਦੇਣੀ ਸ਼ੁਰੂ ਕਰ ਦਿੱਤੀ ਹੈ।

**Mr. Speaker** : Thank you.

**ਸਰਦਾਰ ਸਿਮਰਜੀਤ ਸਿੰਘ ਬੈਂਸ** : ਮੇਰੀ ਬੇਨਤੀ ਹੈ ਕਿ ਪੂਰਾ ਕਰ ਲੈਣ ਦਿਓ, ਅੱਧਾ ਮਿੰਟ ਹੋਰ ਲੱਗਣਾ ਹੈ। ਮੈਨੂੰ ਪਤਾ ਸੀ ਕਿ ਤੁਸੀਂ ਹੁਣ thank you ਬੋਲ ਦੇਣਾ ਹੈ। ਮੈਂ ਸ਼ੁਕਰਗੁਜ਼ਾਰ ਹਾਂ ਤੁਹਾਡਾ, ਤੁਸੀਂ ਮੈਨੂੰ ਟਾਈਮ ਦਿੱਤਾ ਹੈ। ਮੇਰੀ ਸਨਿਮਰ ਬੇਨਤੀ ਹੈ ਕਿ ਚਾਹੇ ਐਜੂਕੇਸ਼ਨ ਹੈ, ਹੈਲਥ ਹੈ ਜਾਂ ਇੰਨਫ੍ਰਾਸਟ੍ਰਕਚਰ ਹੈ, ਸਾਡੇ ਕੋਲ ਪੈਸੇ ਨਹੀਂ ਅਤੇ ਸਾਡਾ ਸੂਬਾ ਢਾਈ ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾਈ ਹੈ। ਸਾਡਾ ਕਿਸਾਨ ਅਤੇ ਦਲਿਤ ਖੇਤ ਮਜ਼ਦੂਰ ਤਕਰੀਬਨ ਇੱਕ ਲੱਖ ਕਰੋੜ ਰੁਪਏ ਦਾ ਕਰਜ਼ਾਈ ਹੈ। ਸਪੀਕਰ ਸਾਹਿਬ, ਸਾਡੇ ਦੇਸ਼ ਅੰਦਰ Water and Power Commission ਹੈ, ਜਿਹੜਾ ਹਰੇਕ 10 ਸਾਲ ਬਾਅਦ ਨਹਿਰੀ ਪਾਣੀ ਦੀ ਕੀਮਤ ਤੈਅ ਕਰਦਾ ਹੈ, ਇਹ ਨਹਿਰੀ ਪਾਣੀ ਦੀ ਕੀਮਤ ਹੈ, ਦਰਿਆਈ ਪਾਣੀ ਦੀ ਨਹੀਂ। Man made ਨਹਿਰ...

**Mr. Speaker** : Thank you.

Under Print
Not for Legal/Official use

**ਸਰਦਾਰ ਸਿਮਰਜੀਤ ਸਿੰਘ ਬੈਂਸ** : ਅਸੀਂ 16 ਲੱਖ ਕਰੋੜ ਰੁਪਿਆ ਇਕੱਲੇ ਰਾਜਸਥਾਨ ਤੋਂ ਲੈਣਾ ਹੈ....

**ਮਾਨਯੋਗ ਸਪੀਕਰ** : ਤੁਹਾਡਾ ਧੰਨਵਾਦ।

**ਸਰਦਾਰ ਸਿਮਰਜੀਤ ਸਿੰਘ ਬੈਂਸ** : ਸਰ, ਮੇਰੀ ਸਨਿਮਰ ਬੇਨਤੀ ਹੈ ਕਿ ਤੁਸੀਂ ਮੈਨੂੰ ਟਾਈਮ ਦਿੱਤਾ ਹੈ...

**ਮਾਨਯੋਗ ਸਪੀਕਰ** : ਚੰਦੂਮਾਜਰਾ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ** : ਮੈਂ ਤੁਹਾਡੇ ਜ਼ਰੀਏ ਬੇਨਤੀ ਕਰਾਂਗਾ ਕਿ ਪਾਣੀ ਦੀ ਕੀਮਤ ਦਾ ਬਿਲ ਇਸੇ ਮੰਦਿਰ ਦੇ ਅੰਦਰ, ਪਵਿੱਤਰ ਸਦਨ ਦੇ ਅੰਦਰ ਪਾਸ ਹੋ ਚੁੱਕਿਆ ਹੈ...

**ਮਾਨਯੋਗ ਸਪੀਕਰ** : ਚੰਦੂਮਾਜਰਾ ਜੀ।

**ਸਰਦਾਰ ਸਿਮਰਜੀਤ ਸਿੰਘ ਬੈਂਸ** : ਕਿਰਪਾ ਕਰਕੇ ਉਹ ਬਿਲ ਰਾਜਸਥਾਨ, ਹਰਿਆਣਾ ਅਤੇ ਦਿੱਲੀ ਨੂੰ ਕੀਮਤ ਵਸੂਲੀ ਵਾਸਤੇ ਜ਼ਰੂਰ ਭੇਜਿਆ ਜਾਵੇ। Thank you, very much.*(Thumping)*

**ਮਾਨਯੋਗ ਸਪੀਕਰ** : ਚੰਦੂਮਾਜਰਾ ਸਾਹਿਬ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ (ਸਨੌਰ)** : ਸਪੀਕਰ ਸਾਹਿਬ, ਸਮਾਂ ਦੇਣ ਲਈ ਤੁਹਾਡਾ ਧੰਨਵਾਦ। ਮੈਂ ਸਭ ਤੋਂ ਪਹਿਲਾਂ ਅੱਜ ਦੇ ਸੰਵਿਧਾਨ ਦਿਵਸ ਦੀ ਵਧਾਈ ਦਿੰਦਾ ਹਾਂ। ਸਪੀਕਰ ਸਾਹਿਬ, ਅੱਜ ਦਾ ਦਿਨ ਸਾਡੇ ਸਾਰਿਆਂ ਲਈ, ਹਰ ਹਿੰਦੁਸਤਾਨ ਵਾਸੀ ਲਈ ਬਹੁਤ ਮਹਾਨ ਅਤੇ ਇਤਿਹਾਸਕ ਹੈ। 26 ਨਵੰਬਰ, 1949 ਨੂੰ ਸਾਡੀ Constituent Assembly ਨੇ ਸਾਡਾ ਸੰਵਿਧਾਨ ਅਡਾਪਟ ਕੀਤਾ ਸੀ। 24 ਜਨਵਰੀ, 1950 ਨੂੰ Constituent Assembly ਦੇ ਮੈਂਬਰਾਂ ਨੇ ਇਸ ਨੂੰ ਸਾਈਨ ਕੀਤਾ ਸੀ ਅਤੇ 26 ਜਨਵਰੀ, 1950 ਨੂੰ ਇਹ ਪੂਰਨ ਰੂਪ ਵਿੱਚ ਲਾਗੂ ਹੋਇਆ ਸੀ। ਅੱਜ ਅਸੀਂ ਸੰਵਿਧਾਨ ਦਿਵਸ ਮਨਾ ਰਹੇ ਹਾਂ, ਇਹ ਸਾਡੇ ਸਾਰਿਆਂ ਲਈ ਮਾਣ ਮੱਤਾ ਦਿਨ ਹੈ ਕਿਉਂਕਿ ਸਾਡਾ ਸੰਵਿਧਾਨ ਮਾਣ ਨਾਲ ਨਾਅਰਾ ਦਿੰਦਾ ਹੈ ਕਿ ਸਾਡਾ ਦੇਸ਼ ਇਸ ਦੁਨੀਆ ਦਾ ਸਭ ਤੋਂ ਵੱਡਾ ਲੋਕ ਰਾਜ ਹੈ, ਉੱਥੇ ਅਸੀਂ ਇਹ ਵੀ ਮਾਣ ਨਾਲ ਕਹਿੰਦੇ ਹਾਂ ਕਿ ਇਸ ਦੁਨੀਆ ਦੇ ਕਿਸੇ ਦੇਸ਼ ਦਾ ਭਾਵੇਂ ਪਾਰਲੀਮੈਂਟਰੀ ਸਿਸਟਮ ਹੈ ਜਾਂ ਪ੍ਰੈਜੀਡੈਂਸ਼ੀਅਲ ਸਿਸਟਮ ਹੈ ਪਰ ਸਭ ਤੋਂ ਵੱਡਾ ਸੰਵਿਧਾਨ ਸਾਡੇ ਮੁਲਕ ਦਾ ਹੈ। ਇਸ ਚੀਜ਼ ਤੇ ਅਸੀਂ ਮਾਣ ਕਰ ਸਕਦੇ ਹਾਂ। ਇਸ ਸੰਵਿਧਾਨ ਦੇ ਕੁੱਲ 395 ਆਰਟੀਕਲ ਹਨ। ਸਪੀਕਰ ਸਾਹਿਬ, ਮੈਂ ਸਮਝਦਾ ਹਾਂ ਕਿ ਇੰਨੇ ਲੰਬੇ ਸੰਵਿਧਾਨ ਦੇ ਉਤੇ ਇੱਕ ਦਿਨ ਵਿੱਚ ਚਰਚਾ ਕਰਨੀ ਨਾ-ਮੁਮਕਿਨ ਹੈ। ਇਸ ਸੰਵਿਧਾਨ ਦੀ ਇਕੱਲੀ ਇਕੱਲੀ ਗੱਲ ਉਤੇ ਚੰਗੇ ਵਿਚਾਰ ਆ ਸਕਦੇ ਹਨ, ਚੰਗੇ ਸੁਝਾਅ ਆ ਸਕਦੇ ਹਨ। ਸਪੀਕਰ ਸਾਹਿਬ, ਜਿਥੇ ਅਸੀਂ ਇਸ ਦਿਨ 'ਤੇ ਮਾਣ ਮਹਿਸੂਸ ਕਰਦੇ ਹਾਂ, ਉਥੇ ਅੱਜ ਦਾ ਇਹ ਦਿਨ ਸਾਨੂੰ ਸਵੈ-ਪੜਚੋਲ ਦਾ ਇੱਕ ਹੌਕਾ ਵੀ ਦਿੰਦਾ ਹੈ ਅਤੇ ਸਾਡੇ ਸਾਹਮਣੇ ਕਈ ਤਰ੍ਹਾਂ ਦੇ ਸਵਾਲ ਵੀ ਰੱਖਦਾ ਹੈ ਜਿਨ੍ਹਾਂ ਦੇ ਜਵਾਬ ਤੋਂ ਅਸੀਂ ਬਹੁਤੀ ਦੇਰ

ਭੱਜ ਨਹੀਂ ਸਕਦੇ। ਇਸ ਚੀਜ਼ ਦੀ ਸਵੈ-ਪੜਚੋਲ ਕਰਨੀ ਬਣਦੀ ਹੈ ਕਿ ਸਾਡੇ ਸੰਵਿਧਾਨ ਦੀਆਂ ਜਿਹੜੀਆਂ ਮੂਲ ਭਾਵਨਾਵਾਂ ਸੀ, ਜਿਹੜੀਆਂ ਭਾਵਨਾਵਾਂ ਦੇ ਨਾਲ ਡਾ. ਭੀਮ ਰਾਉ ਅੰਬੇਦਕਰ ਜੀ ਨੇ ਅਤੇ ਉਸ ਡਰਾਫਟ ਕਮੇਟੀ ਨੇ ਇਸ ਦਾ ਡਰਾਫਟ ਤੇ ਖਰੜਾ ਤਿਆਰ ਕੀਤਾ ਸੀ, ਕੀ ਅਸੀਂ ਉਨ੍ਹਾਂ ਭਾਵਨਾਵਾਂ ਨੂੰ ਲਾਗੂ ਕਰ ਸਕੇ ਹਾਂ? ਜੇ ਨਹੀਂ ਕਰ ਸਕੇ ਤਾਂ ਉਸ ਦੇ ਵਿੱਚ ਕਮੀਆਂ ਕਿੱਥੇ ਰਹੀਆਂ ਹਨ? ਕਾਰਨ ਕੀ ਰਹੇ, ਇਸ ਦਾ ਜਵਾਬ ਸਮੁੱਚੇ ਹਿੰਦੁਸਤਾਨ ਭਰ ਦੇ ਚੁਣੇ ਹੋਏ ਨੁਮਾਇੰਦਿਆਂ ਤੇ ਲੋਕਰਾਜ ਦੇ ਇਨ੍ਹਾਂ ਮੰਦਰਾਂ ਦੇ ਵਿੱਚ ਬੈਠੇ ਹੋਏ ਨੁਮਾਇੰਦਿਆਂ ਭਾਵ ਆਪਾਂ ਨੂੰ ਦੇਣਾ ਪੈਣਾ ਹੈ। ਸਰ, ਆਪਾਂ ਇਨ੍ਹਾਂ ਸਾਰੀਆਂ ਚੀਜ਼ਾਂ ਦੇ ਲਈ ਜਵਾਬਦੇਹ ਹਾਂ। ਪਹਿਲੀ ਗੱਲ ਤਾਂ ਇਹ ਹੈ, ਇੱਕ ਸਵਾਲ ਸ਼ੁਰੂ ਦੇ ਵਿੱਚ ਹੀ, ਜਦੋਂ ਆਪਾਂ ਡਾ. ਭੀਮ ਰਾਉ ਅੰਬੇਦਕਰ ਜੀ ਦੀ ਗੱਲ ਕਰਦੇ ਹਾਂ ਕਿ ਜਿਨ੍ਹਾਂ ਨੇ ਸਾਨੂੰ ਸੰਵਿਧਾਨ ਦਿੱਤਾ, ਜਿਸ ਸੰਵਿਧਾਨ ਦੀ ਬਦੌਲਤ ਇਹ ਸਰਕਾਰਾਂ ਬਣੀਆਂ, ਇਹ ਲੋਕ-ਰਾਜ ਚੱਲਿਆ ਹੈ, ਜਿਹੜਾ ਸੰਵਿਧਾਨ ਹੈ, ਉਹ ਸਾਡੇ ਇਸ ਲੋਕ-ਰਾਜ ਦਾ ਦਿਲ ਹੈ, ਸਾਡਾ ਸੰਵਿਧਾਨ ਇਸ ਲੋਕ-ਰਾਜ ਨੂੰ ਚਲਾ ਰਿਹਾ ਹੈ। ਕੀ ਆਪਾਂ ਬਾਬਾ ਸਾਹਿਬ ਭੀਮ ਰਾਉ ਅੰਬੇਦਕਰ ਜੀ ਨੂੰ ਉਹ ਸਨਮਾਨ ਦੇ ਪਾਏ ਹਾਂ? ਸਪੀਕਰ ਸਾਹਿਬ, ਸਾਡਾ ਸੰਵਿਧਾਨ 1950 ਦੇ ਵਿੱਚ ਲਾਗੂ ਹੋਇਆ ਪ੍ਰੰਤੂ ਬਾਬਾ ਸਾਹਿਬ ਡਾ.ਭੀਮ ਰਾਉ ਅੰਬੇਦਕਰ ਨੂੰ ਸਾਲ 1990 ਦੇ ਵਿੱਚ ਅਸੀਂ 'ਭਾਰਤ ਰਤਨ' ਅਵਾਰਡ ਲਈ ਚੁਣਿਆ। ਸਾਨੂੰ ਇਹ ਗੱਲਾਂ ਸ਼ਰਮਸ਼ਾਰ ਕਰਦੀਆਂ ਹਨ। ਜਿਸ ਵਿਅਕਤੀ ਨੇ ਸਾਨੂੰ ਸੰਵਿਧਾਨ ਦਿੱਤਾ, ਸਾਨੂੰ ਸਰਕਾਰਾਂ ਬਣਾ ਕੇ ਚਲਾਉਣ ਦਾ ਸਿਸਟਮ ਬਣਾ ਕੇ ਦਿੱਤਾ, ਉਸ ਵਿਅਕਤੀ ਨੂੰ ਅਸੀਂ 40 ਸਾਲਾਂ ਬਾਅਦ ਸਨਮਾਨ ਦਿੱਤਾ। ਉਸ ਦੇ ਵਿੱਚ-ਵਿਚਕਾਰ ਕੀ-ਕੀ ਹੋਇਆ, ਮੈਂ ਉਸ ਚਰਚਾ ਵਿੱਚ ਨਹੀਂ ਪੈਣਾ ਚਾਹੁੰਦਾ, ਉਨ੍ਹਾਂ ਨੇ ਕਿਉਂ ਤੇ ਕਿਵੇਂ ਵਜ਼ੀਰੀ ਛੱਡੀ, ਕਿਵੇਂ ਉਨ੍ਹਾਂ ਨੂੰ ਹਾਰ ਦਾ ਸਾਹਮਣਾ ਕਰਨਾ ਪਿਆ, ਕੀ ਕਾਰਨ ਸੀ, ਉਸ ਚਰਚਾ ਵਿੱਚ ਨਾ ਜਾਂਦਾ ਹੋਇਆ ਮੈਂ ਸਮਝਦਾ ਹਾਂ ਕਿ ਇਨ੍ਹਾਂ ਚੀਜ਼ਾਂ ਦਾ ਸਾਨੂੰ ਜ਼ਰੂਰ ਜਵਾਬ ਦੇਣਾ ਪਵੇਗਾ।

ਸਪੀਕਰ ਸਾਹਿਬ, ਸਾਡੇ ਅੱਗੇ ਸਵਾਲ ਇਹ ਖੜ੍ਹੇ ਹੁੰਦੇ ਹਨ ਕਿ ਕੀ ਅਸੀਂ ਸਮਾਜਿਕ ਬਰਾਬਰਤਾ ਦੀ ਗੱਲ ਨੂੰ ਲਾਗੂ ਕਰ ਸਕੇ? ਕੀ ਅਸੀਂ ਆਰਟੀਕਲ 48 ਤਹਿਤ ਖੇਤੀਬਾੜੀ ਨੂੰ ਆਧੁਨਿਕ ਲੀਹਾਂ ਤੇ ਲਿਜਾ ਤੇ ਚਲਾ ਸਕੇ ਹਾਂ? ਕੀ ਪਸ਼ੂ ਪਾਲਣ ਨੂੰ ਆਧੁਨਿਕ ਲੀਹਾਂ ਤੇ ਲਿਜਾਉਣ ਦੀ ਗੱਲ ਲਾਗੂ ਕਰ ਸਕੇ ਹਾਂ? ਕੀ ਅਸੀਂ ਸਮਾਜਿਕ ਨਿਆਂ ਨੂੰ ਲਾਗੂ ਕਰਨ ਦੀ ਗੱਲ ਵਿੱਚ ਕਾਮਯਾਬ ਹੋ ਸਕੇ? ਇਹੋ ਜਿਹੇ ਬੜੇ ਸਾਰੇ ਸਵਾਲਾਂ ਦੇ ਨਾਲ ਨਾਲ ਇੱਕ ਬਹੁਤ ਅਹਿਮ ਸਵਾਲ ਹੈ ਕਿ ਅੱਜ ਦਹਾਕਿਆਂ ਭਰ ਹਿੰਦੁਸਤਾਨ ਦੇ ਲੋਕਾਂ ਨੂੰ ਅਦਾਲਤਾਂ ਦੇ ਗੇੜੇ ਕੱਢ ਕੱਢ ਕੇ ਇਨਸਾਫ ਲਈ ਉਡੀਕਣਾ ਪੈ ਰਿਹਾ ਹੈ। ਸਰ, ਸਾਨੂੰ ਕਿਉਂ 34-34 ਸਾਲ, 35-35 ਸਾਲ ਇਨਸਾਫ ਉਡੀਕਣਾ ਪੈਂਦਾ ਹੈ। ਹਿੰਦੁਸਤਾਨ ਦੇ ਵਿੱਚ ਜਦੋਂ ਧਰਮ ਦੇ ਨਾਂ ਤੇ ਕੋਈ ਫਸਾਦ ਹੁੰਦਾ ਹੈ ਤਾਂ ਬਾਬਾ ਸਾਹਿਬ ਡਾ. ਭੀਮ ਰਾਉ ਅੰਬੇਦਕਰ ਦੀ ਆਤਮਾ ਦੁਖਦੀ ਹੋਵੇਗੀ ਪਰ ਜਦੋਂ ਦੇਸ਼ ਦੀ ਰਾਜਧਾਨੀ ਵਿੱਚ ਇੰਨਾ ਵੱਡਾ ਕਤਲੇਆਮ ਹੋਇਆ ਹੋਵੇ ਅਤੇ ਉਸ ਦੇ ਇਨਸਾਫ ਲਈ 35-35 ਸਾਲ ਤੱਕ ਜੇਕਰ ਉਡੀਕ

Under Print
Not for Legal/Official use

ਕਰਨੀ ਪਵੇ ਤਾਂ ਉਹ ਸਵਾਲ ਸਾਡੇ ਲੋਕ-ਰਾਜ ਦੇ ਉੱਤੇ ਹੈ, ਕੁਦਰਤੀ ਰੂਪ ਵਿੱਚ ਸਾਨੂੰ ਜਵਾਬਦੇਹ ਬਣਾਉਂਦੇ ਹਨ ਅਤੇ ਸਾਡੇ ਲੋਕ-ਰਾਜ ਨੂੰ ਮਿਹਣਾ  ਹਨ। ਇਸ ਸਦਨ ਵਿੱਚ ਬੈਠੇ ਹੋਏ ਸਾਡੇ ਸਾਰਿਆਂ ਲਈ ਅਤੇ ਇਸ ਡੈਮੋਕਰੇਸੀ ਦੇ ਸਿਸਟਮ ’ਤੇ ਇੱਕ ਬਹੁਤ ਵੱਡਾ ਮਿਹਣਾ ਹੈ ਅਤੇ ਇਨ੍ਹਾਂ ਗੱਲਾਂ ਦੇ ਜਵਾਬ ਸਾਡੇ ਹਿੰਦੁਸਤਾਨ ਦੇ ਆਮ ਨਾਗਰਿਕ ਮੰਗਦੇ ਹਨ।

ਸਪੀਕਰ ਸਾਹਿਬ, ਜਿੱਥੋਂ ਤੱਕ ਗੱਲ ਧਾਰਾ 25 ਦੀ ਗੱਲ ਹੋਈ ਹੈ, ਉਸ ਸਮੇਂ ਵੀ ਧਾਰਾ 25 ਬਾਰੇ ਕਈ ਸ਼ੰਕੇ ਸੀ, ਕਈ ਦੁਬਿਧਾਵਾਂ ਸੀ। ਸਰਦਾਰ ਭੁਪਿੰਦਰ ਸਿੰਘ ਮਾਨ ਅਤੇ ਸਰਦਾਰ ਹੁਕਮ ਸਿੰਘ ਜਿਹੜੇ ਉਸ ਸਭਾ ਦੇ ਵਿੱਚ ਪੰਜਾਬ ਦੀ ਨੁਮਾਇੰਦਗੀ ਕਰਦੇ ਸੀ, ਉਨ੍ਹਾਂ ਨੇ ਉਸ ਸਮੇਂ ਵੀ ਉਹ ਦਰਜ ਕਰਵਾਇਆ ਸੀ ਅਤੇ ਇਸ ’ਤੇ ਸਾਈਨ ਨਹੀਂ ਕੀਤੇ ਸੀ । ਇੱਕ ਵਿਸ਼ਵਾਸ ਨਾਲ ਉਸ ਸੰਵਿਧਾਨ ਦੀ ਉਸ ਸਮੇਂ ਸਪੋਰਟ ਕੀਤੀ ਸੀ, ਵਿਸ਼ਵਾਸ ਇਹ ਸੀ ਕਿ ਅਸੀਂ ਇਨ੍ਹਾਂ ਮੱਦਾਂ ’ਤੇ ਗੌਰ ਕਰਾਂਗੇ। ਵੇਰਕਾ ਸਾਹਿਬ ਇੱਥੇ ਬੈਠੇ ਹਨ, ਧੰਨਵਾਦ, ਤੁਸੀਂ ਬੇਵਫਾਈ ਦੀ ਗੱਲ ਕੀਤੀ ਹੈ। ਸੰਵਿਧਾਨ ਦੇ ਅਨੁਸਾਰ ਜਿਹੜੀ ਪਹਿਲੀ ਚੁਣੀ ਹੋਈ ਸਰਕਾਰ ਸੀ, ਉਸ ਸਰਕਾਰ ਦਾ ਇੱਕ ਸਭ ਤੋਂ ਵੱਡਾ ਵਾਅਦਾ ਸੀ। ਖਾਸ ਤੌਰ ਤੇ ਪੰਜਾਬ ਦੀ ਲੀਡਰਸ਼ਿਪ ਨਾਲ ਬਹੁਤ ਵੱਡਾ ਵਾਅਦਾ ਸੀ ਕਿ ਭਾਸ਼ਾ ਦੇ ਅਧਾਰ ਤੇ ਸੂਬਿਆਂ ਦੀ ਵੰਡ ਕਰਾਂਗੇ ਅਤੇ ਪਾਣੀਆਂ ਦਾ ਬਣਦਾ ਹੱਕ ਮਿਲੇਗਾ। ਮੈਂ ਸਮਝਦਾ ਹਾਂ ਕਿ ਇਸ ਲੋਕ-ਰਾਜ ਦੇ ਵਿੱਚ ਸਭ ਤੋਂ ਪਹਿਲੀ ਅਤੇ ਵੱਡੀ ਬੇਵਫਾਈ ਇਹ ਸੀ ਕਿ ਸਾਨੂੰ 1966 ਦੇ ਵਿੱਚ ਕਿੰਨਾ ਲੰਬਾ ਸਮਾਂ ਜਦੋ-ਜਹਿਦ ਕਰਕੇ ਇਹ ਪੰਜਾਬੀ ਸੂਬਾ ਮਿਲਿਆ ਪਰ ਅੱਜ ਵੀ ਰਾਜਧਾਨੀ ਪੂਰੀ ਸਾਡੀ ਨਹੀਂ ਹੈ, ਅੱਜ ਵੀ ਰਾਜਧਾਨੀ ਵੰਡੀ ਜਾ ਰਹੀ ਹੈ। ਬੈਂਸ ਸਾਹਿਬ ਨੇ ਵੀ ਗੱਲ ਕੀਤੀ ਹੈ। ਅੱਜ ਵੀ ਪਾਣੀਆਂ ਦੀ ਜਦੋ-ਜਹਿਦ ਉਵੇਂ ਹੀ ਜਾਰੀ ਹੈ। ਸਰ, ਸੰਵਿਧਾਨ ਦੀਆਂ ਧੱਜੀਆਂ ਤਾਂ ਉਡਾਈਆਂ ਹੀ ਹਨ, ਇਸ ਨੂੰ ਤਾਂ ਅੱਖੋਂ ਪਰੋਖੇ ਕੀਤਾ ਹੀ ਹੈ ਪਰ ਜਿਹੜਾ ਰਾਇਪੇਰੀਅਨ ਲਾਅ ਹੈ, ਜਿਹੜਾ ਪੂਰੀ ਦੁਨੀਆ ਦਾ ਇੱਕ ਮੰਨਿਆ ਹੋਇਆ ਮਾਨਤਾ ਪ੍ਰਾਪਤ ਕਾਨੂੰਨ ਕਹਿ ਲਈਏ, ਉਸ ਦੀਆਂ ਵੀ ਧੱਜੀਆਂ ਉਡਾ ਦਿੱਤੀਆਂ ਹਨ ਜੀ। ਪੰਜਾਬ ਦਾ ਕਿਸਾਨ ਜਿਹੜਾ ਦੇਸ਼ ਦਾ ਅੰਨਦਾਤਾ ਹੈ, ਜਿਹੜਾ ਹਿੰਦੁਸਤਾਨ ਦਾ ਢਿੱਡ ਭਰਦਾ ਹੈ, ਆਪਾਂ ਉਸ ਨੂੰ ਉਸਦਾ ਹੱਕ ਵੀ ਨਹੀਂ ਦੇ ਸਕੇ। ਸਪੀਕਰ ਸਾਹਿਬ, ਹੋਰ ਵੀ ਬਹੁਤ ਸਾਰੀਆਂ ਗੱਲਾਂ ਹਨ। ਮੈਂ ਆਰਟੀਕਲ 48 ਦੀ ਗੱਲ ਕਰ ਰਿਹਾ ਸੀ, ਉਸ ਦੇ ਡਾਇਰੈਕਟਿਵ ਪ੍ਰਿੰਸੀਪਲਜ਼ ਵਿਚ ਬੜੇ ਸਿੱਧੇ ਤੇ ਸਪਸ਼ਟ ਤਰੀਕੇ ਨਾਲ ਖੇਤੀ ਤੇ ਪਸ਼ੂ ਪਾਲਣ ਨੂੰ ਆਧੁਨਿਕ ਢੰਗ ਨਾਲ ਵਿਕਸਤ ਕਰਨ ਦੀ ਗੱਲ ਕੀਤੀ ਗਈ ਹੈ। ਮੇਰੇ ਖਿਆਲ ਵਿਚ ਸਪੀਕਰ ਸਾਹਿਬ, ਤੁਹਾਡੀ ਕੁਰਸੀ ਕੋਲ ਖੜ੍ਹ ਕੇ ਕਿੰਨੇ ਹੀ ਮੈਂਬਰਾਂ ਨੇ ਸੰਵਿਧਾਨ ਦੀ ਸਹੁੰ ਖਾਧੀ ਹੋਣੀ ਪਰ ਸ਼ਾਇਦ ਹੀ ਕਿਸੇ ਨੇ ਆਰਟੀਕਲ 48 ਨੂੰ ਪੜ੍ਹਨ ਦੀ ਖੇਚਲ ਕੀਤੀ ਹੋਵੇ ਤਾਂ ਹੀ ਅਜ਼ਾਦੀ ਦੇ 72 ਸਾਲਾਂ ਵਿਚ ਖੇਤੀਬਾੜੀ ਬੇਰੁਖੀ ਦਾ ਸ਼ਿਕਾਰ ਰਹੀ ਹੈ।

**ਮਾਨਯੋਗ ਸਪੀਕਰ :** ਧੰਨਵਾਦ, ਚੰਦੂਮਾਜਰਾ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਸਪੀਕਰ ਸਾਹਿਬ, ਇਕ ਮਿੰਟ ਜੀ, ਮੈਂ ਕਿਸਾਨੀ ਨਾਲ ਜੁੜੀ ਹੋਈ ਗੱਲ ਕਰ ਰਿਹਾ ਹਾਂ ਕਿ ਕਿਸਾਨੀ ਨੂੰ ਆਧੁਨਿਕ ਲੀਹਾਂ ਤੇ ਤੋਰਨ ਦੀ ਗੱਲ ਤਾਂ ਹੋਈ, ਬੜੇ ਵੱਡੇ ਸੰਦ ਮਾਡਰਨ ਤਕਨਾਲੋਜੀ ਨਾਲ ਆਏ ਪਰ ਸਵਾਲ ਇਹ ਹੈ ਕਿ ਜਿਨ੍ਹਾਂ ਲਈ ਇਹ ਸੰਦ ਬਣਾਏ ਗਏ ਹਨ, ਇਹ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਹਨ। ਉਨ੍ਹਾਂ ਸੰਦਾਂ ਦੇ ਰੇਟ ਹੀ ਬਹੁਤ ਜ਼ਿਆਦਾ ਹਨ। ਕਿਸਾਨਾਂ ਨੂੰ ਸਬਸਿਡੀਆਂ ਮਿਲੀਆਂ।

**ਮਾਨਯੋਗ ਸਪੀਕਰ** : ਧੰਨਵਾਦ, ਚੰਦੂਮਾਜਰਾ ਜੀ। ਬੈਠੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਸਪੀਕਰ ਸਾਹਿਬ, ਸਬਸਿਡੀਆਂ ਅਸਲ ਕਿਸਾਨਾਂ ਕੋਲ ਨਹੀਂ ਪਹੁੰਚੀਆਂ ਸਗੋਂ ਉਨ੍ਹਾਂ ਸਬਸਿਡੀਆਂ ਨਾਲ ਹੋਰ ਹੀ ਲੋਕ ਅਰਬਪਤੀ ਬਣ ਗਏ।

**ਮਾਨਯੋਗ ਸਪੀਕਰ** : ਪਲੀਜ਼ ਬੈਠੋ, ਪ੍ਰਿੰਸੀਪਲ ਬੁੱਧ ਰਾਮ ਜੀ, ਤੁਸੀਂ ਬੋਲੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਸਪੀਕਰ ਸਾਹਿਬ, ਮੈਂ ਤਾਂ ਹਾਲੇ ਕੁਝ ਵੀ ਨਹੀਂ ਬੋਲਿਆ।ਅੱਜ ਤਾਂ ਸੰਵਿਧਾਨ ਦਿਵਸ ਤੇ ਬੋਲਣ ਦਾ ਮੌਕਾ ਦਿਓ। ਮੈਂ ਤਾਂ ਹਾਲੇ ਜਵਾਬ ਦੇਣੇ ਹਨ।

**ਮਾਨਯੋਗ ਸਪੀਕਰ** : ਨਹੀਂ ਨਹੀਂ, ਕੁੱਲ ਤਿੰਨ ਘੰਟੇ ਦਾ ਸਮਾਂ ਹੈ। ਹਾਲੇ ਮਜੀਠੀਆ ਸਾਹਿਬ ਨੇ ਵੀ ਬੋਲਣਾ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਸਪੀਕਰ ਸਾਹਿਬ, ਹਾਲੇ ਤਾਂ ਮੈਂ ਜਵਾਬ ਦੇਣੇ ਹਨ।

**ਮਾਨਯੋਗ ਸਪੀਕਰ** : ਨਹੀਂ ਨਹੀਂ, ਮਜੀਠੀਆ ਸਾਹਿਬ ਨੇ ਵੀ ਬੋਲਣਾ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ** : ਸਪੀਕਰ ਸਾਹਿਬ, ਸੰਵਿਧਾਨ ਤੇ ਹੀ ਬੋਲਣਾ ਹੈ। ਜਿਹੜੀ ਐਸ.ਸੀ./ਬੀ.ਸੀ. ਦੀ ਭਲਾਈ ਵਾਸਤੇ ਆਰਟੀਕਲ 46 ਅਤੇ ਸੋਸ਼ਲ ਜਸਟਿਸ ਦੀ ਆਰਟੀਕਲ 38 ਤੇ 39 ਦੀ ਗੱਲ ਹੋਈ ਹੈ। ਉਸ ਵਿਚ ਕਿਹਾ ਗਿਆ ਹੈ To check the concentration of wealth ਪਰ ਅੱਜ ਹੋਇਆ ਕੀ? ਮੁਲਕ ਦਾ ਸਰਮਾਇਆ ਕੁੱਝ ਹੱਥਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ। ਇਹ ਸੰਵਿਧਾਨ ਦੀ ਹਿੱਕ ਵਿਚ ਖੰਜਰ ਖੋਬਣ ਵਾਲੀ ਗੱਲ ਹੈ। ਸਪੀਕਰ ਸਾਹਿਬ, ਅੱਜ ਗਰੀਬ ਰੋਟੀ ਲਈ ਤਰਸ ਰਹੇ ਹਨ, ਰਹਿਣ ਲਈ ਮਕਾਨ ਨਹੀਂ, ਪਹਿਨਣ ਲਈ ਕੱਪੜਾ ਨਹੀਂ। ਜੇਕਰ ਇਹ ਆਰਟੀਕਲ ਸੰਵਿਧਾਨ ਵਿਚ ਦਰਜ ਹੈ ਤਾਂ ਸਾਡੇ ਲਈ ਇਹ ਸਵਾਲ ਹੈ ਕਿ ਇਸ ਦਾ ਫਾਇਦਾ ਗਰੀਬਾਂ ਤੱਕ ਪਹੁੰਚ ਕਿਉਂ ਨਹੀਂ ਸਕਿਆ ਕਿਉਂਕਿ ਸਾਡਾ ਸਿਸਟਮ ਉਨ੍ਹਾਂ ਨੂੰ ਇੰਨਾ ਕਾਬਲ ਹੀ ਨਹੀਂ ਬਣਾ ਸਕਿਆ ਕਿ ਉਹ ਇਨ੍ਹਾਂ ਰਿਜ਼ਰਵੇਸ਼ਨ ਅਤੇ ਸਹੂਲਤਾਂ ਦਾ ਲਾਹਾ ਲੈ ਸਕਣ। ਸਪੀਕਰ ਸਾਹਿਬ, ਇਥੇ ਐਮਰਜੈਂਸੀ ਦੀ ਗੱਲ ਹੋਈ। ਮੈਂ ਸਮਝਦਾ ਹਾਂ ਕਿ ਜਿਥੇ ਇਕ ਪਾਸੇ ਸਾਡਾ ਸੰਵਿਧਾਨ ਸਾਨੂੰ ਮਾਣ ਦਿਵਾਉਂਦਾ ਹੈ, ਉਥੇ ਉਸ ਸੂਬੇ, ਜੋ ਦੇਸ਼

ਦੇ ਅੰਦਰ ਲੋਕ-ਰਾਜ ਲੈ ਕੇ ਆਇਆ। ਉਸ ਸੂਬੇ ਦੇ ਵਿੱਤ ਮੰਤਰੀ ਜੀ ਨੇ ਐਮਰਜੈਂਸੀ ਬਾਰੇ ਜਿਹੜੇ ਸ਼ਬਦ ਕਹੇ, ਉਹ ਦਿਲ ਤੇ ਲੱਗੇ ਹਨ। ਇਨ੍ਹਾਂ ਨੇ ਦੇਸ਼ ਵਿਚ ਲਗਾਈ ਗਈ ਐਮਰਜੈਂਸੀ ਨੂੰ ਜਾਇਜ਼ ਠਹਿਰਾਇਆ। ਸ਼੍ਰੀ ਅਟਲ ਬਿਹਾਰੀ ਵਾਜਪਾਈ ਜੀ, ਚੰਦਰ ਸ਼ੇਖਰ ਜੀ ਵਰਗੇ ਦੇਸ਼ ਭਗਤ ਲੋਕ, ਜਿਨ੍ਹਾਂ ਨੇ ਅਜ਼ਾਦੀ ਵਿਚ ਵੀ ਆਪਣਾ ਯੋਗਦਾਨ ਪਾਇਆ, ਕੀ ਉਨ੍ਹਾਂ ਤੋਂ ਦੇਸ਼ ਨੂੰ ਕੋਈ ਖਤਰਾ ਸੀ? ਕੀ ਉਹ ਦੇਸ਼ ਵਿਰੋਧੀ ਸੀ?

**ਮਾਨਯੋਗ ਸਪੀਕਰ :** ਇਹ ਆਪਣਾ ਆਪਣਾ ਆਪੀਨੀਅਨ ਹੈ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਚਲੋ ਠੀਕ ਹੈ ਪਰ ਮੈਂ ਬਹੁਤ ਸ਼ਰਮਸਾਰ ਹੋਇਆ ਹਾਂ। ਆਰਟੀਕਲ 352 ਤੋਂ ਲੈ ਕੇ ਆਰਟੀਕਲ 360 ਤੱਕ ਜਿਹੜੀਆਂ ਐਮਰਜੈਂਸੀ ਦੀਆਂ ਪ੍ਰੋਵੀਜ਼ਨਜ਼ ਹਨ। ਇਨ੍ਹਾਂ ਨੇ ਗੱਲ ਕੀਤੀ ਮਹਾਂਰਾਸ਼ਟਰ ਦੀ ਕਿ ਉਥੇ ਇਹ ਹੋ ਰਿਹਾ ਹੈ। ਤੁਸੀਂ ਜਿਹੜੀਆਂ ਸੰਵਿਧਾਨ ਦੀਆਂ ਗੱਲਾਂ ਕਰਦੇ ਹੋ, ਉਸ ਦੇ ਸੀਨੇ ਦੇ ਵਿਚ ਖੰਜਰ ਉਸ ਸਮੇਂ ਖੋਭਿਆ ਗਿਆ ਜਦੋਂ ਸਾਲ 1959 ਦੇ ਵਿਚ ਧਾਰਾ 356 ਦੀ ਵਰਤੋਂ ਕਰਕੇ ਕੇਰਲ ਵਿਚ ਸੀ.ਪੀ.ਆਈ. ਦੀ ਮੈਜਾਰਟੀ ਸਰਕਾਰ ਤੋੜੀ ਗਈ ਸੀ। ਉਦੋਂ ਤੁਸੀਂ ਇਸ ਸਾਰੇ ਸਿਸਟਮ ਦੀ ਨੀਂਹ ਰੱਖੀ ਸੀ। (ਵਿਘਨ....ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਉਸ ਪਾਸੇ ਨਾ ਚੱਲੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਮੈਂ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਮਹਾਂਰਾਸ਼ਟਰ ਵੱਲ ਨਾ ਦੇਖੋ, ਪੰਜਾਬ ਵੱਲ ਦੇਖੋ। ਸਭ ਤੋਂ ਵੱਧ ਆਰਟੀਕਲ 356 ਦੀ ਵਰਤੋਂ ਪੰਜਾਬ ਦੀ ਧਰਤੀ ਤੇ ਹੋਈ ਹੈ। ਇਸ ਦਾ ਜਵਾਬ ਤੁਹਾਨੂੰ ਦੇਣਾ ਪਵੇਗਾ। ਤੁਸੀਂ ਇਸ ਜਵਾਬ ਤੋਂ ਭੱਜ ਨਹੀਂ ਸਕਦੇ।

**ਮਾਨਯੋਗ ਸਪੀਕਰ :** ਬੈਠੋ, ਹਾਂ ਜੀ, ਪ੍ਰਿੰਸੀਪਲ ਬੁੱਧ ਰਾਮ ਜੀ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਇਕ ਮਿੰਟ ਜੀ।

**ਮਾਨਯੋਗ ਸਪੀਕਰ :** ਪਲੀਜ਼ ਬੈਠੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਮੈਂ ਕੁੱਝ ਮੰਗਾਂ ਤੁਹਾਡੇ ਅੱਗੇ ਰੱਖਣੀਆਂ ਹਨ। ਸਪੀਕਰ ਸਾਹਿਬ, ਮੇਰੀ ਮੰਗ ਹੈ ਕਿ ਜਦੋਂ ਅਸੀਂ ਫੰਡਾਮੈਂਟਲ ਰਾਈਟਜ਼ ਦੀ ਗੱਲ ਕਰਦੇ ਹਾਂ। ਸਪੀਕਰ ਸਾਹਿਬ, ਜਿਹੜੇ ਕਰਾਪਸ ਦੀ ਐਮ.ਐਸ.ਪੀ. ਫਿਕਸ ਹੈ, ਅੱਜ ਸਦਨ ਵੱਲੋਂ ਮਤਾ ਪਾਸ ਕੀਤਾ ਜਾਵੇ ਕਿ ਉਸ ਐਮ.ਐਸ.ਪੀ. ਨੂੰ ਕਿਸਾਨ ਦਾ ਫੰਡਾਮੈਂਟਲ ਰਾਈਟ ਡਿਕਲੇਅਰ ਕੀਤਾ ਜਾਵੇ। (ਸ਼੍ਰੋਮਣੀ ਅਕਾਲੀ ਦਲ ਵੱਲੋਂ ਥੰਪਿੰਗ) ਸਪੀਕਰ ਸਾਹਿਬ, ਦੂਸਰੀ ਗੱਲ ਇਹ ਹੈ ਕਿ ਵਿਧਾਨ ਸਭਾ ਲੋਕਰਾਜ ਦਾ ਮੰਦਰ ਹੈ, ਤੁਸੀਂ ਇਸ ਦੇ ਕਸਟੋਡੀਅਨ ਹੋ। ਸੈਸ਼ਨਾਂ ਵਿਚ ਕੁਝ-ਕੁਝ ਘੰਟਿਆਂ ਦੀਆਂ ਸਿਟਿੰਗਜ਼। ਅੱਜ ਸੰਵਿਧਾਨ ਦਿਵਸ ਤੇ ਤੁਹਾਨੂੰ ਵਾਅਦਾ ਕਰਨਾ ਚਾਹੀਦਾ ਹੈ ਕਿ ਘੱਟੋ ਘੱਟ ਜਿਹੜੀਆਂ ਸੰਵਿਧਾਨ ਅਨੁਸਾਰ ਰਿਕਮੈਂਡਡ

ਸਿਟਿੰਗਜ਼ ਹਨ, ਉਹ ਜ਼ਰੂਰ ਹੋਣਗੀਆਂ। ਇਹ ਵਾਅਦਾ ਤੁਹਾਨੂੰ ਕਰਨਾ ਚਾਹੀਦਾ ਹੈ। ਸਪੀਕਰ ਸਾਹਿਬ, ਤੀਜੀ ਗੱਲ, ਇੱਥੇ ਫੈਡਰਲ ਸਟਰੱਕਚਰ ਦੀ ਗੱਲ ਹੋਈ ਹੈ, ਅੱਜ ਆਪਾਂ ਵਾਅਦਾ ਕਰੀਏ ਕਿ ਫੈਡਰਲ ਸਟਰੱਕਚਰ ਦੀ ਮਜ਼ਬੂਤੀ ਵਾਸਤੇ ਇਹ ਹਾਊਸ ਮਤਾ ਪਾ ਕੇ ਭੇਜੇ ਕਿ ਜਿਹੜੀਆਂ ਉਸ ਵਿਚ ਕੁਤਾਹੀਆਂ ਹੋਈਆਂ ਹਨ, ਉਹ ਹੋ ਗਈਆਂ ਪਰ ਆਉਣ ਵਾਲੇ ਸਮੇਂ ਵਿਚ ਫੈਡਰਲ ਸਟਰੱਕਚਰ ਦੀ ਮਜ਼ਬੂਤੀ ਵਾਸਤੇ ਅਸੀਂ ਕੰਮ ਕਰਾਂਗੇ। ਸਪੀਕਰ ਸਾਹਿਬ, ਮੇਰੀ ਇਕ ਬਹੁਤ ਜ਼ਰੂਰੀ ਮੰਗ ਹੈ। ਇੱਥੇ ਗੱਲ ਹੋਈ ਕਿ ਅਕਾਲੀਆਂ ਨੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨੂੰ ਸਿੱਖ ਬਨਣ ਤੋਂ ਰੋਕਿਆ। ਮੈਂ ਚੰਨੀ ਜੀ ਨੂੰ ਜੋ ਸਾਡੇ ਮੌਜੂਦਾ ਮੰਤਰੀ ਹਨ ਅਤੇ ਸਾਬਕਾ ਅਕਾਲੀ ਦਲ ਦੇ ਐਸੋਸਿਏਟ ਮੈਂਬਰ ਹਨ, ਇੱਕ ਬੇਨਤੀ ਕਰਨੀ ਚਾਹੁੰਦਾ ਹਾਂ (ਇਸ ਸਮੇਂ ਤਕਨੀਕੀ ਸਿੱਖਿਆ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਚੇਅਰ ਤੋਂ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।) (ਵਿਘਨ..ਸ਼ੋਰ) ਇੱਕ ਮਿੰਟ ਚੰਨੀ ਜੀ, ਚਲੋ ਛੱਡੋ, ਬੈਠ ਜਾਓ, ਚਲੋ ਗਲਤੀ ਹੋ ਜਾਂਦੀ ਹੈ। ਪਹਿਲੀ ਗੱਲ ਤਾਂ ਮੈਂ ਆਪਣੇ ਕਾਂਗਰਸੀ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਸੰਵਿਧਾਨ ਦੀ ਧਾਰਾ 25 ਦਾ ਵਿਰੋਧ ਅਸੀਂ ਸੰਵਿਧਾਨ ਬਣਨ ਵੇਲੇ ਵੀ ਅਤੇ ਉਸ ਤੋਂ ਬਾਅਦ ਵੀ ਕੀਤਾ ਸੀ । ਕੇਵਲ ਅਸੀਂ ਹੀ ਵਿਰੋਧ ਨਹੀਂ ਕੀਤਾ ਸਗੋਂ ਕੈਪਟਨ ਅਮਰਿੰਦਰ ਸਿੰਘ ਜੀ ਵੀ ਕਰਦੇ ਰਹੇ ਹਨ।

**ਮਾਨਯੋਗ ਸਪੀਕਰ :** ਚਲੋ ਬੈਠੋ ਹੁਣ, ਹੋ ਗਿਆ ਹੈ। ਸ਼੍ਰੀ ਬੁੱਧ ਰਾਮ ਜੀ, ਤੁਸੀਂ ਬੋਲੋ।

**ਸਰਦਾਰ ਹਰਿੰਦਰਪਾਲ ਸਿੰਘ ਚੰਦੂਮਾਜਰਾ :** ਸਪੀਕਰ ਸਾਹਿਬ, ਚੰਨੀ ਜੀ ਨੇ ਸਦਨ ਵਿੱਚ ਡਾ.ਬੀ.ਆਰ.ਅੰਬੇਦਕਰ ਜੀ ਦੀ ਫੋਟੋ ਲਾਉਣ ਦੀ ਇੱਕ ਮੰਗ ਰੱਖੀ ਹੈ, ਮੇਰੀ ਵੀ ਇਹ ਮੰਗ ਹੈ ਕਿ ਜਿਥੇ ਗਾਂਧੀ ਜੀ ਦੀ ਸਦਨ ਵਿੱਚ ਫੋਟੋ ਰੱਖੀ ਹੋਈ ਹੈ, ਡਾਕਟਰ ਬੀ.ਆਰ ਅੰਬੇਦਕਰ ਜੀ ਦੀ ਫੋਟੋ ਵੀ ਤੁਸੀਂ ਆਪਣੇ ਇਸ ਪਾਸੇ ਜ਼ਰੂਰ ਲਾਓ।

**ਮਾਨਯੋਗ ਸਪੀਕਰ :** ਤੁਸੀਂ ਕਹਿ ਦਿੱਤਾ ਹੈ, ਤੁਹਾਡੀ ਗੱਲ ਆ ਗਈ ਹੈ। ਹੁਣ ਤੁਸੀਂ ਬੈਠੋ ਜੀ।

**ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ (ਸਰਦਾਰ ਸਾਧੂ ਸਿੰਘ) :** ਸਪੀਕਰ ਸਾਹਿਬ, ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਕਿ ਜਿਵੇਂ ਮਹਾਤਮਾ ਗਾਂਧੀ ਜੀ ਦੀ ਫੋਟੋ ਹੈ, ਤੁਸੀਂ ਅੱਜ ਹੀ ਬਾਬਾ ਸਾਹਿਬ ਦੀ ਫੋਟੋ ਲਾਉਣ ਦੀ ਅਨਾਊਂਸਮੈਂਟ ਕਰ ਦਿਓ ਜੀ।

**ਮਾਨਯੋਗ ਸਪੀਕਰ :** ਕਰਾਂਗੇ। ਲੀਡਰ ਆਫ ਦਿ ਹਾਊਸ ਨਾਲ ਗੱਲ ਕਰਕੇ ਕਰਾਂਗੇ।

**ਸ਼੍ਰੀ ਬੁੱਧ ਰਾਮ (ਬੁਢਲਾਡਾ, ਐਸ.ਸੀ.) :** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਮੈਨੂੰ ਅੱਜ ਇਸ ਵਿਸ਼ੇਸ਼ ਸਮਾਗਮ ਤੇ ਬੋਲਣ ਦਾ ਮੌਕਾ ਮਿਲਿਆ। ਸਾਡੇ ਵੱਖ ਵੱਖ ਪਾਰਟੀਆਂ ਦੇ ਲੀਡਰ ਸਾਹਿਬਾਨ ਨੇ ਭਾਰਤੀ ਸੰਵਿਧਾਨ ਦੇ ਸਬੰਧ ਵਿੱਚ, ਬਾਬਾ ਸਾਹਿਬ ਦੀ ਸ਼ਾਨ ਵਿੱਚ ਸ਼ਬਦ ਕਹੇ, ਮੈਂ ਸਭ ਦਾ ਧੰਨਵਾਦ ਕਰਦਾ

ਹਾਂ। ਭਾਰਤੀ ਸੰਵਿਧਾਨ ਇੰਨਾ ਉਚ ਕੋਟੀ ਦਾ ਹੈ, ਇੰਨਾ ਵਧੀਆ ਹੈ ਕਿ ਇਸ ਨੂੰ 70 ਸਾਲ ਬਣੇ ਨੂੰ ਹੋ ਗਏ ਹਨ। ਸਾਡੇ ਗੁਆਂਢੀ ਸੂਬੇ ਪਾਕਿਸਤਾਨ ਦੇ ਵਿੱਚ 5-6 ਵਾਰ ਸੰਵਿਧਾਨ ਬਣ ਗਿਆ, ਨੇਪਾਲ ਦੇ ਵਿੱਚ ਕਈ ਵਾਰ ਸੰਵਿਧਾਨ ਬਣ ਗਿਆ, ਸ਼੍ਰੀਲੰਕਾ ਦੇ ਵਿੱਚ ਕਈ ਵਾਰ ਸੰਵਿਧਾਨ ਬਣ ਗਿਆ। ਗੁਆਂਢੀ ਸੂਬਿਆਂ ਵਿੱਚ ਅਸੀਂ ਦੇਖਦੇ ਹਾਂ ਕਿ ਸੰਵਿਧਾਨ ਵੱਖ-ਵੱਖ ਤਰੀਕਿਆਂ ਦੇ ਨਾਲ ਬਣ ਰਹੇ ਹਨ। ਪਰੰਤੂ ਭਾਰਤ ਦੇ ਵਿੱਚ ਜਿਸ ਦਿਨ ਦਾ ਸੰਵਿਧਾਨ ਪਾਸ ਹੋਇਆ ਉਸ ਤਹਿਤ ਅੱਜ ਤੱਕ ਕਿੰਨੀਆਂ ਹੀ ਇਲੈਕਸ਼ਨਾਂ ਹੋ ਚੁੱਕੀਆਂ ਹਨ ਅਤੇ ਸੰਵਿਧਾਨ ਕਾਮਯਾਬੀ ਦੇ ਨਾਲ ਚਲ ਰਿਹਾ ਹੈ। ਇਹ ਬਹੁਤ ਵੱਡੀ ਪ੍ਰਾਪਤੀ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਸਾਡਾ ਸੰਵਿਧਾਨ ਬਹੁਤ ਹੀ ਸ਼ਾਨਦਾਰ ਹੈ। ਸੰਵਿਧਾਨ ਸਭਾ ਦੀ ਗੱਲ ਹੋਈ ਹੈ, ਜਦੋਂ ਸੰਵਿਧਾਨ Cabinet Mission 1946 ਦੇ ਵਿੱਚ ਭਾਰਤ ਆਇਆ, ਉਨ੍ਹਾਂ ਦੀ recommendation ਤੇ British Parliament ਨੇ Constitution Assembly ਬਣਾਉਣ ਦਾ ਮਤਾ ਪਾਸ ਕੀਤਾ। ਜਿਵੇਂ ਦੱਸਿਆ ਗਿਆ ਹੈ ਕਿ 389 ਮੈਂਬਰ ਸਨ, ਉਦੋਂ ਭਾਰਤ ਦੀ 40 ਕਰੋੜ ਦੀ ਆਬਾਦੀ ਸੀ। 10 ਲੱਖ ਦੀ ਆਬਾਦੀ ਦੇ ਵਿੱਚ ਇੱਥੇ ਮੈਂਬਰ ਚੁਣਿਆ ਜਾਣਾ ਸੀ। 292 ਮੈਂਬਰ ਉਸ ਭਾਰਤ ਦੇ ਵਿੱਚ ਜਿਹੜਾ ਕਿ ਅੰਗਰੇਜ਼ਾਂ ਦੇ ਅਧੀਨ ਸੀ ਅਤੇ ਰਿਆਸਤਾਂ ਵੀ ਜਿਹੜੀਆਂ ਅੰਗਰੇਜ਼ਾਂ ਦੇ ਅਧੀਨ ਸੀ, 93 ਮੈਂਬਰ ਦੇਸੀ ਰਿਆਸਤਾਂ ਦੇ ਵਿੱਚੋਂ ਸੀ, 4 ਮੈਂਬਰ ਕਮਿਸ਼ਨਿਅਰ ਵਿਚੋਂ ਸਨ, ਜਿਵੇਂ ਕਿ ਅੱਜ ਯੂ.ਟੀ ਹੈ, ਉਦੋਂ ਚਾਰ ਕਮਿਸ਼ਨਿਅਰਾਂ ਸਨ, ਜਿਸ ਦੇ ਵਿੱਚ Ajmer, Baluchistan, Coorg and Delhi ਸ਼ਾਮਿਲ ਸੀ। ਇਸ ਤਰ੍ਹਾਂ 389 ਮੈਂਬਰਾਂ ਦੀ ਕੰਸਟੀਚਿਊਸ਼ਨ ਸਭਾ ਦੇ ਵਿੱਚ ਚੋਣ ਹੋਈ ਅਤੇ ਇਨ੍ਹਾਂ ਦੀ ਮਿਤੀ 9.12.46 ਨੂੰ ਪਹਿਲੀ ਬੈਠਕ ਹੋਈ, ਜਿਸ ਦੇ ਵਿੱਚ ਸੰਚਿਦਾਨਾਥ ਸਿਨਹਾ ਨੂੰ ਕਾਰਜਕਾਰੀ ਪ੍ਰਧਾਨ ਬਣਾਇਆ ਗਿਆ। ਫਿਰ ਮਿਤੀ 13.12.46 ਨੂੰ ਪੱਕੇ ਤੌਰ ਤੇ ਸ਼੍ਰੀ ਰਜਿੰਦਰ ਪ੍ਰਸਾਦ ਪ੍ਰਧਾਨ ਬਣੇ ਸੀ। ਡਾਕਟਰ ਅੰਬੇਦਕਰ ਜੀ ਨੇ ਇਸ ਕਮੇਟੀ ਦੇ ਵਿੱਚ ਆਉਣ ਵਾਸਤੇ ਬੰਬੇ ਤੋਂ ਇਲੈਕਸ਼ਨ ਲੜੀ ਪਰੰਤੂ ਉਨ੍ਹਾਂ ਨੂੰ ਹਰਾ ਦਿੱਤਾ ਗਿਆ । ਹਰਾਉਣ ਤੋਂ ਬਾਅਦ ਤਕੜੇ ਲੀਡਰ ਜਿਨ੍ਹਾਂ ਦੀਆਂ ਬਹੁਤ ਵੱਡੀਆਂ ਮੂਰਤੀਆਂ ਲੱਗੀਆਂ ਹੋਈਆਂ ਹਨ, ਉਨ੍ਹਾਂ ਨੇ ਇਹ ਗੱਲ ਕਹੀ ਸੀ ਕਿ ਮੈਂ ਡਾਕਟਰ ਅੰਬੇਦਕਰ ਲਈ ਹਰ ਸੂਰਤ ਦੇ ਵਿੱਚ ਸੰਵਿਧਾਨ ਸਭਾ ਦੀਆਂ ਸਾਰੀਆਂ ਬੂਹੇ-ਬਾਰੀਆਂ ਬੰਦ ਕਰ ਦਿੱਤੀਆਂ ਹਨ। ਹੁਣ ਸੰਵਿਧਾਨ ਸਭਾ ਦੇ ਵਿੱਚ ਡਾਕਟਰ ਅੰਬੇਦਕਰ ਨਹੀਂ ਪਹੁੰਚ ਸਕਦਾ। ਸ਼੍ਰੀ ਜੋਗਿੰਦਰ ਲਾਲ ਮੰਡਲ ਦੀ ਕਿਰਪਾ ਦੇ ਨਾਲ, ਮੁਸਲਿਮ ਲੀਗ ਦੇ ਸਹਿਯੋਗ ਨਾਲ ਡਾਕਟਰ ਅੰਬੇਦਕਰ ਪੱਛਮੀ ਬੰਗਾਲ ਦੇ ਵਿੱਚੋਂ ਜਿੱਤ ਕੇ ਉੱਥੇ ਗਏ ਅਤੇ ਤੁਹਾਨੂੰ ਹੈਰਾਨੀ ਹੋਵੇਗੀ ਕਿ ਜਦੋਂ ਭਾਰਤ ਦੀ ਵੰਡ ਹੋਈ ਤਾਂ ਉਹ ਸੀਟ ਜਿਥੋਂ ਡਾਕਟਰ ਅੰਬੇਦਕਰ ਜਿੱਤ ਕੇ ਆਏ ਸੀ, ਉਹ ਬੰਗਲਾਦੇਸ਼ ਚਲੀ ਗਈ। ਸਿੱਟੇ ਵੱਜੋ ਡਾਕਟਰ ਅੰਬੇਦਕਰ ਪਾਕਿਸਤਾਨ ਦੀ ਕਾਂਸਟੀਚੂਐਂਸੀ ਦੇ ਮੈਂਬਰ ਬਣ ਗਏ। ਔਰ ਜਦੋਂ ਉਨ੍ਹਾਂ ਨੂੰ ਅਸਤੀਫਾ ਦੇਣਾ ਪਿਆ ਤਾਂ ਉਸ ਸਮੇਂ ਡਾ. ਰਾਜਿੰਦਰ ਪ੍ਰਸਾਦ ਨੇ ਬਕਾਇਦਾ ਕਿਹਾ ਕਿ ਡਾ. ਅੰਬੇਦਕਰ ਦਾ ਸੰਵਿਧਾਨ ਅਸੈਂਬਲੀ ਵਿੱਚ ਆਉਣਾ ਬਹੁਤ ਜ਼ਰੂਰੀ ਹੈ। ਫਿਰ ਉਨ੍ਹਾਂ ਨੇ ਅੱਗੇ ਗੱਲ ਕੀਤੀ ਤਾਂ ਮੁੰਬਈ ਵਿੱਚੋਂ ਐਮ.ਆਰ.

Under Print
Not for Legal/Official use

ਜੈਕਾਰ ਦੀ ਸੀਟ ਖਾਲੀ ਕਰਵਾ ਕੇ ਡਾ. ਅੰਬੇਦਕਰ ਜੀ ਨੂੰ ਸੰਵਿਧਾਨ ਅਸੈਂਬਲੀ ਵਿੱਚ ਲਿਆਇਆ ਗਿਆ ਕਿਉਂਕਿ ਉਹ ਬਹੁਤ ਵੱਡੇ ਵਿਦਵਾਨ ਸੀ। ਇਸ ਵਿੱਚ ਕੋਈ ਸ਼ੱਕ ਵਾਲੀ ਗੱਲ ਨਹੀਂ ਸੀ। ਜਿਹੜੀ ਕੰਸਟੀਚਿਊਸ਼ਨ ਅਸੈਂਬਲੀ ਸੀ, ਉਸ ਦੇ ਕੁੱਲ 12 ਸੈਸ਼ਨ ਹੋਏ। ਬਾਰਵਾਂ ਸੈਸ਼ਨ 26 ਨਵੰਬਰ, 1949 ਨੂੰ ਹੋਇਆ। ਔਰ ਉੱਥੇ ਵੱਖ-ਵੱਖ ਧਿਰਾਂ ਵੱਲੋਂ, ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਵੱਲੋਂ ਡਾ. ਅੰਬੇਦਕਰ ਦੀ ਪ੍ਰਸ਼ੰਸਾ ਵੀ ਕੀਤੀ ਗਈ। ਹੋਰ ਵੀ ਮੈਂਬਰ ਬਕਾਇਦਾ ਉੱਥੇ ਬਣਾਏ ਗਏ ਸੀ। ਡਾ. ਅੰਬੇਦਕਰ ਦੀ ਪ੍ਰਧਾਨਗੀ ਹੇਠ 29 ਅਗਸਤ, 1947 ਨੂੰ ਭਾਰਤ ਆਜ਼ਾਦ ਹੋਣ ਤੋਂ ਬਾਅਦ ਡ੍ਰਾਫਟ ਕਮੇਟੀ ਬਣਾਈ ਗਈ ਸੀ। ਜਿਸ ਦੇ ਸੱਤ ਮੈਂਬਰ ਸੀ- ਡਾ. ਅੰਬੇਦਕਰ, ਚੇਅਰਮੈਨ, ਐਨ. ਗੋਪਾਲਾਸਵਾਮੀ ਆਇੰਗਰ, ਸਰ ਅਲਾਦਿ ਕ੍ਰਿਸ਼ਨਾਸਵਾਮੀ ਅਇਅਰ, ਕੇ .ਐਮ. ਮੁਨਸ਼ੀ, ਸਇਅਦ ਮੁਹੰਮਦ ਸਦੌਲਾ ਤੇ ਐਨ. ਮਾਧਵ ਮੈਨਨ। ਡੀ.ਪੀ ਖੈਤਾਨ ਦੀ ਮੌਤ ਹੋਣ ਤੋਂ ਬਾਅਦ ਟੀ.ਟੀ. ਕ੍ਰਿਸ਼ਨਾਮਾਚਾਰੀ ਇਸ ਦੇ ਮੈਂਬਰ ਬਣਾਏ ਗਏ ਸੀ ਔਰ ਬੀ.ਐਨ. ਰਾਓ ਜਿਹੜੇ ਆਈ.ਸੀ.ਐਸ. ਸੀ, ਉਸ ਵੇਲੇ ਮੁੱਖ ਸਲਾਹਕਾਰ ਬਣੇ। ਡਾ. ਕ੍ਰਿਸ਼ਨਾਮਾਚਾਰੀ ਨੇ ਉੱਥੇ ਬੋਲਦੇ ਹੋਏ ਕੀ ਕਿਹਾ ਕਿ ਡਾ. ਅੰਬੇਦਕਰ ਜੀ ਨੇ ਆਪਣੀ ਸਿਹਤ ਖਰਾਬ ਹੋਣ ਦੇ ਬਾਵਜੂਦ ਵੀ ਇਹ ਕਾਰਜ ਪੂਰਾ ਕੀਤਾ। ਸੰਵਿਧਾਨ ਅਸੈਂਬਲੀ ਵਿੱਚ ਭਾਸ਼ਣ ਦਿੰਦੇ ਹੋਏ ਟੀ.ਟੀ. ਕ੍ਰਿਸ਼ਨਾਮਾਚਾਰੀ ਨੇ ਕਿਹਾ ਕਿ ਇਹ ਇਕੱਲੇ ਡਾ. ਅੰਬੇਦਕਰ ਦੀ ਮਿਹਨਤ ਦਾ ਸਿੱਟਾ ਸੀ, ਬਾਕੀ ਦੇ ਮੈਂਬਰ ਨਾਨ ਵਰਕਿੰਗ ਮੈਂਬਰ ਸਨ। ਸੱਤ ਵਿੱਚੋਂ ਇੱਕ ਮੈਂਬਰ ਨੇ ਅਸਤੀਫਾ ਦੇ ਦਿੱਤਾ, ਇੱਕ ਮੈਂਬਰ ਦਾ ਦਿਹਾਂਤ ਹੋ ਗਿਆ, ਇੱਕ ਮੈਂਬਰ ਅਮਰੀਕਾ ਚਲਾ ਗਿਆ, ਇੱਕ ਮੈਂਬਰ ਸਰਕਾਰੀ ਕੰਮਾਂ ਵਿੱਚ ਉਲਝਿਆ ਰਿਹਾ, ਦੋ ਮੈਂਬਰਾਂ ਦੀ ਸਿਹਤ ਖਰਾਬ ਹੋਣ ਕਰਕੇ ਉਹ ਦਿੱਲੀ ਆਏ ਹੀ ਨਹੀਂ। ਸੋ, ਸੰਵਿਧਾਨ ਬਣਾਉਣ ਦਾ ਬੋਝ ਇਕੱਲੇ ਡਾ. ਅੰਬੇਦਕਰ ਤੇ ਸੀ ਤੇ ਉਨ੍ਹਾਂ ਨੇ ਇਕੱਲੇ ਹੀ ਪ੍ਰਸੰਸਾਯੋਗ ਕੰਮ ਕੀਤਾ ਹੈ ਅਤੇ ਹਿਮਾਲਿਆ ਜਿੰਨਾ ਕੰਮ ਡਾ. ਅੰਬੇਦਕਰ ਨੇ ਇਕੱਲੇ ਤੌਰ ਤੇ ਕੀਤਾ ਹੈ। (ਥੰਪਿੰਗ) ਔਰ ਮੈਂ ਸਮਝਦਾ ਹਾਂ ਕਿ ਡਾ. ਅੰਬੇਦਕਰ ਦੀ ਜਿੰਨੀ ਪ੍ਰਸੰਸਾ ਹੋਣੀ ਚਾਹੀਦੀ ਹੈ, ਉੱਨੀ ਨਹੀਂ ਹੋਈ। ਅਸੀਂ ਸਮਝਦੇ ਹਾਂ ਕਿ ਭਾਰਤ ਵਿੱਚ ਇੱਕ ਸਚਿਨ ਤੇਂਦੂਲਕਰ ਹੋਇਆ ਹੈ। ਅਸੀਂ ਉਸ ਨੂੰ ਕ੍ਰਿਕਟ ਦਾ ਭਗਵਾਨ ਕਹਿੰਦੇ ਹਾਂ। ਇੱਕ ਚਾਹ ਵੇਚਣ ਵਾਲਾ ਦੇਸ਼ ਦਾ ਪ੍ਰਧਾਨ ਮੰਤਰੀ ਬਣ ਗਿਆ ਹੈ। ਬਹੁਤ ਅੱਛੀ ਗੱਲ ਹੈ। ਇਹ ਸਾਡੇ ਸੰਵਿਧਾਨ ਦੀ ਵੱਡੀ ਦੇਣ ਹੈ। ਔਰ ਇੱਥੋਂ ਦਾ ਇੱਕ ਆਦਮੀ ਪੈਟਰੋਲ ਪੰਪ ਤੇ ਕੰਮ ਕਰਨ ਵਾਲਾ ਅੰਬਾਨੀ ਅੱਜ ਕਰੋੜਪਤੀ ਬਣ ਗਿਆ ਅਤੇ ਉਹ ਭਾਰਤ ਦਾ ਸਭ ਤੋਂ ਅਮੀਰ ਆਦਮੀ ਹੈ ਪਰੰਤੂ ਉਹ ਇਨਸਾਨ ਜਿਸ ਨੂੰ ਕਲਾਸ ਵਿੱਚ ਪੜ੍ਹਾਉਣ ਲਈ ਇੱਕ ਪਾਸੇ ਬਿਠਾਇਆ ਗਿਆ ਸੀ ਤੇ ਜਿਸ ਨੂੰ ਪਾਣੀ ਮੰਗਣ ਤੇ ਕਿਸੇ ਹੋਰ ਬੰਦੇ ਨੂੰ ਪਾਣੀ ਪਿਲਾਉਣ ਲਈ ਕਿਹਾ ਜਾਂਦਾ ਸੀ। ਜੇ ਬੋਰਡ ਤੇ ਕੰਮ ਕਰਨ ਵਾਸਤੇ ਜਾਂਦਾ ਸੀ ਤਾਂ ਉਸ ਦੇ ਡੱਬੇ ਇੱਕ ਪਾਸੇ ਕਰ ਦਿੱਤੇ ਜਾਂਦੇ ਸੀ ਕਿ ਅਸੀਂ ਭਿੱਟੇ ਨਾ ਜਾਈਏ, ਜਿਸ ਨੂੰ ਸਰਾਂਅ ਵਿੱਚੋਂ ਬਾਹਰ ਕੱਢਿਆ ਗਿਆ। ਉਨ੍ਹਾਂ ਦੇ ਪਿਤਾ ਦੀ ਸਤਾਰਾ ਤੋਂ ਗੋਰੇਗਾਂਵ ਬਦਲੀ ਹੋ ਗਈ ਸੀ ਤਾਂ ਉਹ ਪੰਜ ਵਜੇ ਰੇਲਵੇ ਸਟੇਸ਼ਨ ਤੋਂ ਗੋਰੇਗਾਂਵ ਜਾਣ ਲਈ ਉਤਰਿਆ ਤਾਂ

Under Print
Not for Legal/Official use

ਟਾਂਗੇ ਵਾਲੇ ਨੂੰ ਕਿਹਾ ਕਿ ਗੋਰੇਗਾਂਵ ਜਾਣਾ ਹੈ ਪਰ ਜਦੋਂ ਟਾਂਗੇ ਵਾਲੇ ਨੂੰ ਪਤਾ ਲਗਿਆ ਕਿ ਇਹ ਨੀਚੀ ਜਾਤੀ ਹੈ ਤਾਂ ਟਾਂਗੇ ਵਾਲੇ ਨੇ ਕਿਹਾ ਕਿ ਮੈਂ ਤੇਰੇ ਤੋਂ ਦੁੱਗਣੇ ਪੈਸੇ ਲਵਾਂਗਾ ਪਰੰਤੂ ਸ਼ਰਤ ਇੱਕ ਹੈ ਕਿ ਮੈਂ ਤੇਰੇ ਨਾਲ ਤੁਰ ਕੇ ਜਾਵਾਂਗਾ, ਤੂੰ ਟਾਂਗਾ ਚਲਾਏਂਗਾ, ਮੈਂ ਤੇਰੇ ਨਾਲ ਨਹੀਂ ਬੈਠਣਾ। ਜਿਸ ਦੇ ਕਿਸੇ ਨਾਈ ਨੇ ਵਾਲ ਨਹੀਂ ਮੁੰਨੇ ਸੀ, ਅੱਜ ਉਹ ਬੰਦਾ ਜੋ ਵਿਸ਼ਵ ਦੀਆਂ ਮਹਾਨ ਯੂਨੀਵਰਸਿਟੀਆਂ ਵਿੱਚ ਪੜ੍ਹਿਆ ਹੈ ਔਰ ਜਿਸ ਬੰਦੇ ਨੇ ਸੰਵਿਧਾਨ ਰਚਿਆ, ਉਸ ਦੀ ਜਿੰਨੀ ਪ੍ਰਸੰਸਾ ਕਰਨੀ ਬਣਦੀ ਸੀ, ਉਹ ਨਹੀਂ ਕੀਤੀ ਗਈ। ਪਰੰਤੂ ਜਿੰਨੇ ਸਾਡੇ ਵਿਦਿਆਰਥੀ ਬਾਹਰ ਗਏ ਹਨ, ਭਾਵੇਂ ਮਹਾਨ ਵਿਗਿਆਨੀ ਹੋਣ, ਚਾਹੇ ਡਾ. ਬੀ.ਆਰ. ਅੰਬੇਦਕਰ ਹੋਵੇ, ਬਾਹਰਲੀਆਂ ਯੂਨੀਵਰਸਿਟੀਆਂ ਨੇ ਉਨ੍ਹਾਂ ਨੂੰ ਬਹੁਤ ਹੀ ਮਾਣ ਦਿੱਤਾ। ਕੋਲੰਬੀਆ ਯੂਨੀਵਰਸਿਟੀ, ਅਮਰੀਕਾ ਦੀ 1754 ਵਿੱਚ ਸਥਾਪਨਾ ਹੋਈ ਸੀ। ਉਨ੍ਹਾਂ ਨੇ ਆਪਣਾ 250 ਸਾਲਾ ਸਥਾਪਨਾ ਦਿਵਸ ਮਨਾਇਆ ਤਾਂ ਉੱਥੇ ਉਨ੍ਹਾਂ ਨੇ ਸੋਚਿਆ ਕਿ ਜਿਹੜੇ ਬੰਦੇ ਕੋਲੰਬੀਆ ਯੂਨੀਵਰਸਿਟੀ ਵਿੱਚੋਂ ਪੜ੍ਹ ਕੇ ਗਏ ਹਨ ਕਿਉਂ ਨਾ ਉਨ੍ਹਾਂ ਦਾ ਇੱਕ ਸਮਾਰਕ ਬਣਾਇਆ ਜਾਵੇ- Columbians ahead of their time. ਉਸ ਵਾਸਤੇ ਇੱਕ ਕਮੇਟੀ ਬਣਾਈ ਗਈ ਕਿ 250 ਬੰਦੇ ਕਿਹੜੇ-ਕਿਹੜੇ ਹਨ? ਉਨ੍ਹਾਂ ਵਿੱਚ ਬਹੁਤ ਸਾਰੇ ਮਹਾਨ ਵਿਦਿਆਰਥੀ ਸਨ, ਜਿਨ੍ਹਾਂ ਨੇ ਮਹਾਨ ਕੰਮ ਕੀਤੇ ਜਿਵੇਂ ਡਾ. ਅੰਬੇਦਕਰ ਸੀ, ਯੂ.ਐੱਸ. ਏ. ਦੇ ਤਿੰਨ ਪ੍ਰੈਜ਼ੀਡੈਂਟ ਥਡੋਰ ਰੁਜ਼ਵੈਲਟ, ਫ੍ਰੈਂਕਲਿਨ ਰੁਜ਼ਵੈਲਟ, ਡੇਵਿਡ ਐਸਨਹਾਵਰ, 6 ਮੁਲਕਾਂ ਦੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ, ਕਈ ਮੰਤਰੀ, 40 ਨੋਬੇਲ ਵਿਜੇਤਾ, ਚੀਫ ਜਸਟਿਸ ਆਫ ਸੁਪਰੀਮ ਕੋਰਟ, ਅਮਰੀਕਾ, ਫਿਲਾਸਫਰ ਜਾਨ ਡੇਵ, ਜੋ ਡਾ. ਅੰਬੇਦਕਰ ਦੇ ਗੁਰੂ ਸੀ, ਆਸਕਰ ਪੁਰਸਕਾਰ ਵਿਜੇਤਾ ਇਤਿਹਾਸਕਾਰ, ਵਿਗਿਆਨਕਾਰ, ਲੇਖਕ, ਫਿਲਮ ਮੇਕਰ ਤੇ ਹੋਰ ਕਈ ਮਹਾਨ ਸ਼ਖਸੀਅਤਾਂ। ਹੁਣ ਸਵਾਲ ਇਹ ਪੈਦਾ ਹੋ ਗਿਆ ਕਿ ਸਮਾਰਕ ਦੇ ਉੱਪਰ ਪਹਿਲਾ ਨਾਂ ਕਿਸ ਦਾ ਲਿਖਿਆ ਜਾਵੇ। ਸਾਨੂੰ ਇਸ ਗੱਲ ਦਾ, ਭਾਰਤ ਨੂੰ ਬੜਾ ਮਾਣ ਹੁੰਦਾ ਹੈ ਕਿ ਸਮਾਰਕ ਦੇ ਉੱਤੇ ਪਹਿਲਾ ਨਾਂ ਡਾ. ਅੰਬੇਦਕਰ ਦਾ ਲਿਖਿਆ ਗਿਆ ਹੈ (ਥੰਪਿੰਗ)। ਉਹ ਸਮਾਰਕ ਕੋਲੰਬੀਆ ਯੂਨੀਵਰਸਿਟੀ ਦੇ ਗੇਟ ਤੇ ਲੱਗਿਆ ਹੈ। ਸਾਲ 2011 ਵਿੱਚ ਜਦੋਂ ਬਰਾਕ ਓਬਾਮਾ ਨੇ ਉਸ ਸਮਾਰਕ ਨੂੰ ਓਪਨ ਕੀਤਾ ਤਾਂ ਉਨ੍ਹਾਂ ਨੇ ਕਿਹਾ ਕਿ symbol of knowledge, founding father of the Indian Constitution ਜਦੋਂ ਓਕਸਫੋਰਡ ਯੂਨੀਵਰਸਿਟੀ ਨੇ ਆਪਣਾ 100 ਸਾਲਾ ਜਨਮ-ਦਿਨ ਮਨਾਇਆ ਤਾਂ ਉਨ੍ਹਾਂ ਨੇ "Makers of the Universe" ਦੀ ਇੱਕ ਲਿਸਟ ਬਣਾਈ, ਬੜੀ ਖੁਸ਼ੀ ਦੀ ਗੱਲ ਹੈ ਕਿ ਉਸ ਲਿਸਟ ਦੇ ਵਿੱਚ ਮਹਾਤਮਾ ਬੁੱਧ ਅਤੇ ਡਾ. ਅੰਬੇਦਕਰ ਸਾਹਿਬ ਦੇ ਨਾਂਅ ਆਏ ਹਨ। ਸੋ, ਇਹ ਕਾਰਨਾਮੇ ਕੋਈ ਇੱਕ ਦਿਨ ਵਿੱਚ ਨਹੀਂ ਹੁੰਦੇ। ਇਸ ਲਈ ਡਾ. ਅੰਬੇਦਕਰ ਸਾਹਿਬ ਨੂੰ ਬੜੀ ਵੱਡੀ ਘਾਲਣਾ ਘਾਲਣੀ ਪਈ। ਸਰਦਾਰ ਮਨਪ੍ਰੀਤ ਸਿੰਘ ਬਾਦਲ ਜੀ ਨੇ ਸੰਵਿਧਾਨ ਦੀ ਗੱਲ ਕੀਤੀ, ਜਦੋਂ ਸੰਵਿਧਾਨ ਤਿਆਰ ਹੋਇਆ ਤਾਂ ਸੰਵਿਧਾਨ ਤਿਆਰ ਹੋਣ ਤੋਂ ਬਾਅਦ ਉਸ ਨੂੰ ਸੁੰਦਰ ਤਰੀਕੇ ਨਾਲ ਲਿਖਣ ਵਾਸਤੇ ਪੰਡਿਤ ਜਵਾਹਰ ਲਾਲ ਨਹਿਰੂ ਜੀ ਇੱਕ ਇਨਸਾਨ ਕੋਲ ਗਏ। ਉਸ ਇਨਸਾਨ ਦਾ ਨਾਂ ਪ੍ਰੇਮ

ਬਿਹਾਰੀ ਨਰਾਇਣ ਰਾਇਜ਼ਾਦਾ ਸੀ, ਉਸ ਦੀ ਲਿਖਾਈ ਬਹੁਤ ਸੋਹਣੀ ਸੀ। ਉਨ੍ਹਾਂ ਨੇ ਕਿਹਾ ਕਿ ਤੁਸੀਂ ਇਹ ਸੰਵਿਧਾਨ ਲਿਖੋਗੇ ਤਾਂ ਸੰਵਿਧਾਨ ਲਿਖਣ ਤੋਂ ਬਾਅਦ ਉਨ੍ਹਾਂ ਨੇ ਇਟਾਲਿਕ ਸਟਾਈਲ ਦੇ ਵਿੱਚ ਸੰਵਿਧਾਨ ਲਿਖਿਆ ਔਰ ਇਸ ਵਿੱਚ ਸ਼ਰਤ ਰੱਖੀ ਗਈ ਸੀ ਕਿ ਜੇਕਰ ਮੈਂ ਸੰਵਿਧਾਨ ਲਿਖਾਂਗਾ ਤਾਂ ਮੇਰਾ ਨਾਂ ਸੰਵਿਧਾਨ ਦੇ ਵਿੱਚ ਆਉਣਾ ਚਾਹੀਦਾ ਹੈ। ਔਰ ਰੀਅਲ ਕਾਪੀ ਵਿੱਚ ਪ੍ਰੇਮ ਬਿਹਾਰੀ ਨਰਾਇਣ ਰਾਇਜ਼ਾਦਾ ਦਾ ਵੀ ਨਾਮ ਸੀ। ਜੋ ਦੂਜੀ ਗੱਲ ਉਨ੍ਹਾਂ ਨੇ ਕਹੀ ਸੀ ਕਿ ਉਸ ਦੇ ਚਾਰੇ ਪਾਸੇ ਜਿਸ ਵਿਅਕਤੀ ਨੇ ਬੇਲ-ਬੂਟੇ ਬਣਾਏ, ਸਜਾਵਟ ਕੀਤੀ, ਉਸ ਦਾ ਨਾਮ ਨੰਦ ਲਾਲ ਘੋਸ਼ ਸੀ। ਉਨ੍ਹਾਂ ਨੇ ਹਰੇਕ ਪੰਨੇ ਦੇ ਉੱਤੇ ਭਾਰਤੀ ਸੰਸਕ੍ਰਿਤੀ ਦਰਸਾਉਂਦਿਆਂ ਬਕਾਇਦਾ ਇਹ ਸਾਰਾ ਕੰਮ ਕੀਤਾ। ਅੱਜ ਅਸੀਂ ਦੇਖਦੇ ਹਾਂ ਕਿ ਭਾਰਤ ਦਾ ਪ੍ਰੀਐਂਬਲ ਸਾਡੇ ਸੰਵਿਧਾਨ ਦੀ ਰੂਹ ਹੈ। ਜਦੋਂ ਕਿਸੇ ਰੂਹ ਨੂੰ ਖਤਰਾ ਹੋ ਜਾਵੇ ਤਾਂ ਸਰੀਰ ਨੂੰ ਆਪਣੇ ਆਪ ਖਤਰਾ ਹੋ ਜਾਂਦਾ ਹੈ। ਭਾਰਤੀ ਸੰਵਿਧਾਨ ਦੀ ਪ੍ਰੀਐਂਬਲ ਵਿੱਚ ਲਿਖਿਆ ਹੈ WE, THE PEOPLE OF INDIA, having solemnly resolved to constitute India into a SOVEREIGN SOCIALIST SECULAR DEMOCRATIC REPUBLIC ਇਹ ਪੰਜ ਸ਼ਬਦ ਜੋ ਡਾਕਟਰ ਅੰਬੇਦਕਰ ਨੇ ਲਿਖੇ ਹਨ, ਇਹ ਪੰਜ ਸ਼ਬਦ ਇੰਨੇ ਵਧੀਆ ਹਨ ਕਿ ਭਾਰਤੀ ਸੰਵਿਧਾਨ ਦੀ ਵਿਆਖਿਆ ਕਰਨ ਲਈ ਇਸ ਤੋਂ ਵਧੀਆ ਸ਼ਬਦ ਹੋ ਹੀ ਨਹੀਂ ਸਕਦੇ ਪਰ ਅੱਜ ਭਾਰਤੀ ਸੰਵਿਧਾਨ ਦੀ ਉਸ ਰੂਹ ਨੂੰ, ਜਿਹੜੇ 3 ਸ਼ਬਦ ਹਨ, ਸੋਸ਼ਲਿਸਟ, ਸੈਕੂਲਰ ਅਤੇ ਡੈਮੋਕ੍ਰੇਟਿਕ, ਇਨ੍ਹਾਂ ਤਿੰਨ ਸ਼ਬਦਾਂ ਨੂੰ ਖਤਰਾ ਪੈਦਾ ਹੋ ਗਿਆ। ਇਹ ਗੱਲ ਮੈਂ ਨਹੀਂ ਕਹਿੰਦਾ, ਇਹ ਗੱਲ 12 ਜਨਵਰੀ, 2018 ਨੂੰ ਭਾਰਤ ਦੇ ਸੁਪਰੀਮ ਕੋਰਟ ਦੇ ਚਾਰ ਜੱਜਾਂ ਜਸਟਿਸ ਚੇਲਾਮੇਸ਼ਵਰ, ਜਸਟਿਸ ਰੰਜਨ ਗੋਗੋਈ, ਜਸਟਿਸ ਲੌਕਿਰ ਅਤੇ ਜਸਟਿਸ ਜੋਜ਼ਫ ਨੇ ਪ੍ਰੈਸ ਕਾਨਫੰਰਸ ਵਿੱਚ ਕਹੀ ਹੈ। ਉਨ੍ਹਾਂ ਨੇ ਕੀ ਕਿਹਾ? 13 ਜਨਵਰੀ ਨੂੰ ਟਾਈਮਜ਼ ਆਫ ਇੰਡੀਆ ਵਿੱਚ ਲਿਖਿਆ ਗਿਆ ਸੀ ਕਿ ਸੁਪਰੀਮ ਕੋਰਟ ਦਾ ਪ੍ਰਸ਼ਾਸਨ ਠੀਕ ਢੰਗ ਨਾਲ ਨਹੀਂ ਚੱਲ ਰਿਹਾ। ਚੀਫ ਜਸਟਿਸ ਵੱਲੋਂ ਆਪਣੇ ਮਾਮਲੇ ਚੋਣਵੇਂ ਬੈਂਚਾਂ ਨੂੰ, ਚੋਣਵੇਂ ਜੱਜਾਂ ਨੂੰ ਦਿੱਤੇ ਜਾ ਰਹੇ ਹਨ। ਇਸ ਨਾਲ ਨਿਆਂਪਾਲਿਕਾ ਦੇ ਭਰੋਸੇ ਤੇ ਦਾਗ ਲੱਗ ਰਿਹਾ ਹੈ। ਜੇਕਰ ਸੁਪਰੀਮ ਕੋਰਟ ਦੇ ਕੰਮ ਨੂੰ ਠੀਕ ਨਾ ਕੀਤਾ ਤਾਂ ਲੋਕਤੰਤਰ ਨੂੰ ਖਤਰਾ ਪੈਦਾ ਹੋ ਜਾਵੇਗਾ। ਸੋ, ਅੱਜ ਲੋਕਤੰਤਰ ਨੂੰ ਖਤਰਾ ਪੈਦਾ ਹੋ ਗਿਆ ਹੈ।

**Mr. Speaker :** Thank you, ਬੁੱਧ ਰਾਮ ਜੀ। ਬੁੱਧ ਰਾਮ ਜੀ, thank you.

**ਸ਼੍ਰੀ ਬੁੱਧ ਰਾਮ :** ਸਰ, ਇਹ ਆਨ ਰਿਕਾਰਡ ਗੱਲ ਹੈ।

**ਸਰਦਾਰ ਕੁਲਤਾਰ ਸਿੰਘ ਸੰਧਵਾਂ (ਬੈਠੇ-ਬੈਠੇ) :** ਸਰ, ਇਨ੍ਹਾਂ ਨੂੰ ਥੋੜ੍ਹਾ ਜਿਹਾ ਹੋਰ ਬੋਲ ਲੈਣ ਦਿਉ। ਨਾਲੇਜ ਵਾਲੀ ਗੱਲ ਹੈ, meaningful ਗੱਲ ਹੈ।

Under Print
Not for Legal/Official use

**ਸ਼੍ਰੀ ਬੁੱਧ ਰਾਮ :** ਸੋ, ਅੱਜ ਲੋਕਤੰਤਰ ਨੂੰ ਖਤਰਾ ਹੈ। ਜਿਵੇਂ ਗੱਲ ਦੱਸੀ ਗਈ ਹੈ ਕਿ ਮਹਾਰਾਸ਼ਟਰ ਵਿੱਚ ਕੀ ਹੋਇਆ ਹੈ? ਵਾਕਿਆ ਹੀ ਲੋਕਤੰਤਰ ਨੂੰ ਖਤਰਾ ਹੈ। ਕਰਨਾਟਕਾ ਵਿੱਚ ਕੀ ਹੋਇਆ? ਵਾਕਿਆ ਹੀ ਲੋਕਤੰਤਰ ਨੂੰ ਖਤਰਾ ਹੈ। ਦੂਜਾ ਜਿਹੜਾ ਸਾਡਾ ਸੋਸ਼ਲਿਸਟ ਸ਼ਬਦ ਹੈ that is for the society. ਸੋਸਾਇਟੀ ਲਈ ਕੰਮ ਕਰਨਾ, ਵੈਲਫੇਅਰ ਸਟੇਟ ਕਰਨਾ। ਅੱਜ ਵੈਲਫੇਅਰ ਸਟੇਟ ਖਤਮ ਹੋ ਰਹੀ ਹੈ, ਪ੍ਰਾਈਵੇਟਕਰਨ ਹੋ ਰਿਹਾ ਹੈ। ਇੱਥੋਂ ਤੱਕ ਕਿ ਭਾਰਤੀ ਰੇਲਵੇ ਦਾ ਪ੍ਰਾਈਵੇਟਕਰਨ ਕੀਤਾ ਜਾ ਰਿਹਾ ਹੈ, ਕਮਾਲ ਦੀ ਗੱਲ ਹੈ। ਰੇਲਵੇ ਪੂਰੀ ਪ੍ਰਾਈਵੇਟ ਹੋ ਗਈ, ਲਾਈਨਾਂ ਪ੍ਰਾਈਵੇਟ ਹੋ ਰਹੀਆਂ ਹਨ। ਅੱਜ ਨਿੱਜੀਕਰਨ ਹੋਣ ਨਾਲ ਸਿੱਖਿਆ ਤੇ ਖੇਤੀ ਆਮ ਲੋਕਾਂ ਤੋਂ ਖੋਹੀ ਜਾ ਰਹੀ ਹੈ। ਅੱਜ ਸਿਹਤ ਖੋਹੀ ਜਾ ਰਹੀ ਹੈ, ਅੱਜ ਸਾਡੀਆਂ ਸੜਕਾਂ ਖੋਹੀਆਂ ਜਾ ਰਹੀਆਂ ਹਨ। ਸਾਡੀਆਂ ਬੱਸਾਂ ਪ੍ਰਾਈਵੇਟ ਹੋ ਰਹੀਆਂ ਹਨ। ਸਰਕਾਰ ਬਣੇ ਨੂੰ  ਤਿੰਨ ਸਾਲ ਹੋ ਗਏ ਹਨ ਲੇਕਿਨ ਕਿਸੇ ਕਿਸਮ ਦੀ ਕੋਈ ਸਰਕਾਰੀ ਨੌਕਰੀ ਨਹੀਂ ਨਿਕਲੀ, ਜਿਸ ਨਾਲ ਰਾਖਵਾਂਕਰਨ ਖਤਮ ਹੋ ਰਿਹਾ ਹੈ। ਸਾਡੇ ਸੋਸ਼ਲਾਈਜ਼ੇਸ਼ਨ ਸਿਸਟਮ, ਸਾਡੇ ਸਮਾਜਵਾਦੀ ਸਿਸਟਮ ਨੂੰ ਖਤਰਾ ਪੈਦਾ ਹੋ ਰਿਹਾ ਹੈ। ਤੀਜਾ ਖਤਰਾ ਸੈਕੂਲਰ ਨਾਲ ਸਬੰਧਿਤ ਹੈ। ਸਾਡਾ ਧਰਮ ਨਿਰਪੱਖ ਰਾਜ ਸੀ। ਸਾਡਾ ਗੁਆਂਢੀ ਸੂਬਾ ਇਸਲਾਮਿਕ ਸਟੇਟ ਹੈ ਪਰ ਸਾਡੀ ਕੋਈ ਇਸਲਾਮਿਕ ਸਟੇਟ ਨਹੀਂ, ਸਾਡੀ ਕੋਈ ਹਿੰਦੂ ਸਟੇਟ ਨਹੀਂ, ਸਾਡੀ ਕੋਈ ਸਿੱਖ ਸਟੇਟ ਨਹੀਂ, ਸਾਡੀ ਸਟੇਟ ਧਰਮ ਨਿਰਪੱਖ ਹੈ ਪਰ ਅੱਜ ਪੂਰੇ ਤੌਰ ਤੇ ਇਸ ਉੱਤੇ ਖਤਰਾ ਹੈ। ਅੱਜ ਪੂਰੀ ਇੱਕ ਜਮਾਤ, ਪੂਰੀ ਇੱਕ ਕੌਮ, ਭਾਵੇਂ ਮੁਸਲਮਾਨ ਹਨ, ਭਾਵੇਂ ਸਿੱਖ ਹਨ, ਭਾਵੇਂ 1984 ਦੀ ਗੱਲ ਕਰ ਲਈਏ, ਭਾਵੇਂ ਦੰਗਿਆਂ ਦੀ ਗੱਲ ਕਰ ਲਈਏ ਜਾਂ ਹੋਰ ਤਰ੍ਹਾਂ ਦੇ ਮੋਬ-ਲਿੰਚਿੰਗ ਦੀ ਗੱਲ ਕਰ ਲਈਏ, ਪੂਰੀ ਤਰ੍ਹਾਂ ਸਾਡੀ ਸੈਕੂਲਰ ਸਟੇਟ ਨੂੰ ਖਤਰਾ ਪੈਦਾ ਹੋ ਰਿਹਾ ਹੈ। ਇਹ ਗੱਲ ਮੈਂ ਨਹੀਂ ਕਹਿ ਰਿਹਾ, ਇਹ ਗੱਲ ਭਾਰਤ ਦੇ ਸੁਪਰੀਮ ਕੋਰਟ ਦੇ ਜੱਜ ਕਹਿ ਰਹੇ ਹਨ ਅਤੇ ਆਮ ਲੋਕ ਕਹਿ ਰਹੇ ਹਨ। ਇਸ ਕਰਕੇ ਜਿਹੜੀ ਸਾਡੀ ਡੈਮੋਕਰੇਸੀ ਹੈ, ਜੋ ਸਾਡੇ ਪ੍ਰੀਐਂਬਲ ਵਿੱਚ ਲਿਖਿਆ ਹੈ, ਉਸ ਤੇ ਖਤਰਾ ਪੈਦਾ ਹੋ ਰਿਹਾ ਹੈ। ਸਾਨੂੰ ਇਸ ਨੂੰ ਬਚਾਉਣ ਦੀ ਲੋੜ ਹੈ। ਸੋ, ਮੈਂ ਇਸ ਦੇ ਜ਼ਰੀਏ ਬੇਨਤੀ ਕਰਦਾ ਹਾਂ ਕਿ ਡਾਕਟਰ ਸਾਹਿਬ ਨੂੰ ਜਿੰਨਾ ਮਾਣ ਦਿੱਤਾ ਗਿਆ ਹੈ.....

**Mr. Speaker :** Thank you, thank you.

**ਸ਼੍ਰੀ ਬੁੱਧ ਰਾਮ :** ਸਰ, ਮੈਂ ਇੱਕ ਬੇਨਤੀ ਬਾਜਵਾ ਸਾਹਿਬ ਨੂੰ ਕਰਨੀ ਚਾਹੁੰਦਾ ਹਾਂ ਕਿ ਮੈਂ ਪਿਛਲੇ ਮਹੀਨੇ ਵਿਕਾਸ ਭਵਨ ਗਿਆ ਸੀ। ਉੱਥੇ ਡਾ. ਅੰਬੇਦਕਰ ਜੀ ਦਾ ਬੁੱਤ ਲੱਗਿਆ ਹੋਇਆ ਹੈ ਅਤੇ ਉਸ ਦੇ ਥੱਲੇ ਬਹੁਤ ਘਾਹ ਉੱਗਿਆ ਪਿਆ ਹੈ। ਮੈਂ ਸਮਝਦਾ ਹਾਂ ਕਿ ਸ਼ਾਇਦ ਅੱਜ ਸਾਰਾ ਕੁਝ ਠੀਕ ਹੋ ਜਾਵੇ। ਮੈਂ ਬੇਨਤੀ ਕਰਦਾ ਹਾਂ ਕਿ ਸਰਕਾਰੀ ਸੰਸਥਾਨਾਂ ਵਿੱਚ ਜਿੱਥੇ ਵੀ ਡਾ. ਅੰਬੇਦਕਰ ਜੀ ਦੇ ਬੁੱਤ ਲੱਗੇ ਹਨ, ਬਕਾਇਦਾ ਉਨ੍ਹਾਂ ਦੀ ਇਨਕੁਆਰੀ ਕਰਵਾਓ, ਉਨ੍ਹਾਂ ਦਾ ਰੱਖ-ਰਖਾਵ ਬਿਲਕੁਲ ਠੀਕ ਨਹੀਂ ਹੈ, ਉਨ੍ਹਾਂ ਦੀ ਸਾਫ-ਸਫਾਈ ਦਾ ਪ੍ਰਬੰਧ ਹੋਵੇ। ਸਪੀਕਰ ਸਾਹਿਬ, ਡਾ.ਅੰਬੇਦਕਰ ਜੀ, ਸੰਨ 1936 ਵਿੱਚ ਅੰਮ੍ਰਿਤਸਰ ਵਿਖੇ

ਆਏ ਸਨ, ਉਨ੍ਹਾਂ ਨੇ ਆਪਣੇ ਭਤੀਜੇ ਨੂੰ ਸਿੱਖ ਧਰਮ ਵਿੱਚ ਸ਼ਾਮਿਲ ਕਰਵਾਇਆ ਅਤੇ ਅੰਮ੍ਰਿਤ ਵੀ ਛਕਾਇਆ। ਜਿਹੜਾ ਬੰਬਈ ਦਾ ਖਾਲਸਾ ਕਾਲਜ ਹੈ, ਉਸ ਦੀ ਨੀਂਹ ਡਾ. ਅੰਬੇਦਕਰ ਜੀ ਨੇ ਰੱਖੀ ਸੀ। ਉਨ੍ਹਾਂ ਨੇ ਬਣਾਇਆ ਸੀ ਔਰ ਉਨ੍ਹਾਂ ਦੇ ਮਨ ਵਿੱਚ ਸਿੱਖ ਧਰਮ ਦਾ ਬਹੁਤ ਜ਼ਿਆਦਾ ਪ੍ਰਭਾਵ ਸੀ। ਸਾਲ 1991 ਵਿੱਚ ਮਹਾਰਾਸ਼ਟਰ ਸਰਕਾਰ ਨੇ ਡਾ.ਅੰਬੇਦਕਰ ਦੇ 100 ਸਾਲਾ ਜਨਮ ਦਿਵਸ ਤੇ ਇੱਕ ਲਿਟਰੇਚਰ ਛਾਪਿਆ ਸੀ ਔਰ ਮੈਂ ਉਨ੍ਹਾਂ ਦਾ ਛਾਪਿਆ ਲਿਟਰੇਚਰ ਪੜ੍ਹਿਆ, ਜਿਸ ਵਿੱਚ ਡਾ.ਅੰਬੇਦਕਰ ਸਾਹਿਬ ਨੇ ਕਿਹਾ ਕਿ ਸਾਡੇ ਗੁਰੂਆਂ ਨੇ ਕਿੰਨੀ ਵਧੀਆ ਗੱਲ ਕੀਤੀ ਹੈ ਕਿ ਅੱਜ ਤੋਂ 600 ਸਾਲ ਪਹਿਲਾਂ ਸ਼੍ਰੀ ਗੁਰੂ ਰਵੀਦਾਸ ਜੀ ਦੀ ਬਾਣੀ, ਜੋ ਕਿ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਸਰ, ਮੈਂ ਤੁਹਾਨੂੰ ਬੇਗਮਪੁਰਾ ਦੇ ਸੰਕਲਪ ਬਾਰੇ ਦੱਸਦਾ ਹਾਂ ਔਰ ਪੂਰਨ ਹਲੀਮੀ ਰਾਜ ਵਿੱਚ ਬੇਗਮਪੁਰਾ ਦੀ ਇੱਕ ਤਸਵੀਰ ਹੈ, ਜਿਵੇਂ-

"ਬੇਗਮ ਪੁਰਾ ਸਹਰ ਕੋ ਨਾਉ॥
ਦੂਖੁ ਅੰਦੋਹੁ ਨਹੀ ਤਿਹਿ ਠਾਉ॥
ਨਾਂ ਤਸਵੀਸੁ ਖਿਰਾਜੁ ਨ ਮਾਲੁ॥
ਖਉਫੁ ਨ ਖਤਾ ਨ ਤਰਸੁ ਜਵਾਲੁ॥
ਅਬ ਮੋਹਿ ਖੂਬ ਵਤਨ ਗਹ ਪਾਈ॥
ਊਹਾ ਖੈਰਿ ਸਦਾ ਮੇਰੇ ਭਾਈ॥
ਕਾਇਮੁ ਦਾਇਮੁ ਸਦਾ ਪਾਤਿਸਾਹੀ॥
ਦੋਮ ਨ ਸੇਮ ਏਕ ਸੋ ਆਹੀ॥
ਆਬਾਦਾਨੁ ਸਦਾ ਮਸਹੂਰ॥
ਊਹਾ ਗਨੀ ਬਸਹਿ ਮਾਮੂਰ॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ॥
ਮਹਰਮ ਮਹਲ ਨ ਕੋ ਅਟਕਾਵੈ॥
ਕਹਿ ਰਵਿਦਾਸ ਖਲਾਸ ਚਮਾਰਾ॥
ਜੋ ਹਮ ਸਹਰੀ ਸੁ ਮੀਤੁ ਹਮਾਰਾ॥"

ਸਪੀਕਰ ਸਾਹਿਬ, ਬੇਗਮਪੁਰਾ ਅਜਿਹਾ ਸਿਸਟਮ ਹੈ, ਜਿੱਥੇ ਕੋਈ ਦੁਖ ਨਾ ਹੋਵੇ, ਕੋਈ ਤਕਲੀਫ ਨਾ ਹੋਵੇ, ਕੋਈ ਲਾਲਚ ਨਾ ਹੋਵੇ, ਕੋਈ ਖਤਾ ਨਾ ਹੋਵੇ, ਕੋਈ ਲੋਭ ਨਾ ਹੋਵੇ। ਉੱਥੇ ਬੜੇ ਮਸ਼ਹੂਰ ਲੋਕ ਹਨ। ਉਥੇ ਕੋਈ ਭੁੱਖਾ ਨਹੀਂ ਮਰਦਾ, ਜਿਵੇਂ ਮਰਜ਼ੀ ਕੋਈ ਸੈਰ ਕਰੇ, ਉਥੇ ਫੰਡਾਮੈਂਟਲ ਰਾਈਟਸ ਹਨ। ਤੁਰਨ-ਫਿਰਨ ਦਾ ਅਧਿਕਾਰ ਹੈ। ਜਿਹੜਾ ਬੇਗਮਪੁਰਾ ਦਾ ਸੰਕਲਪ ਹੈ, ਇਹ 600 ਸਾਲ ਪਹਿਲਾਂ ਲਿਖਿਆ ਗਿਆ ਸੀ। ਡਾ.ਅੰਬੇਦਕਰ ਸਾਹਿਬ ਨੇ ਕਿਹਾ ਕਿ ਜਦੋਂ ਮੇਰੀ ਕਿਤੇ ਲੋੜ ਹੋਈ ਤਾਂ ਮੈਂ ਅਜਿਹਾ ਅਧਿਕਾਰ ਬਣਾਵਾਂਗਾ,

ਜਿਸ ਵਿੱਚ ਲੋਕਾਂ ਨੂੰ ਮੁੱਢਲੇ ਅਧਿਕਾਰ ਦਿੱਤੇ ਜਾਣਗੇ। ਯੂ.ਐਸ.ਏ. ਦੀ ਤਰਜ਼ ਤੇ ਮੁੱਢਲੇ ਅਧਿਕਾਰ ਦਿੱਤੇ ਗਏ। ਜਿੱਥੇ ਕਿਹਾ ਗਿਆ ਸੀ ਕਿ ਸ਼ੂਦਰ ਪੜ੍ਹ ਨਹੀਂ ਸਕਦਾ, ਜਿੱਥੇ ਕਿਹਾ ਗਿਆ ਸੀ ਕਿ ਸ਼ੂਦਰ ਮੰਦਿਰਾਂ ਵਿੱਚ ਜਾ ਨਹੀਂ ਸਕਦਾ, ਜਿੱਥੇ ਕਿਹਾ ਸੀ ਕਿ ਨੀਵੀਂ ਜਾਤ ਦਾ ਬੰਦਾ ਕੱਢਵੀਂ ਜੁੱਤੀ ਨਹੀਂ ਪਾ ਸਕਦਾ, ਉੱਥੇ ਆਰਟੀਕਲ 17 ਤਹਿਤ ਛੂਆ-ਛਾਤ ਦਾ ਖਾਤਮਾ ਕਰਕੇ ਡਾ.ਸਾਹਿਬ ਨੇ ਇੱਕ ਮਹਾਨ ਇਨਕਲਾਬੀ ਕੰਮ ਕੀਤਾ ਹੈ। ਵਾਕਿਆ ਹੀ ਸਾਡਾ ਸੰਵਿਧਾਨ ਇਨਕਲਾਬੀ ਹੈ। ਫਰਕ ਇਸ ਵਿੱਚ ਇਹ ਰਿਹਾ ਹੈ ਕਿ ਇਸ ਨੂੰ ਲਾਗੂ ਕਰਨ ਦੀ ਲੋੜ ਹੈ। ਡਾਕਟਰ ਸਾਹਿਬ ਨੇ ਵਿਧਾਨ ਸਭਾ ਵਿੱਚ ਬੋਲਦਿਆਂ ਕਿਹਾ ਸੀ ਕਿ "ਸੰਵਿਧਾਨ ਜਿੰਨਾ ਮਰਜ਼ੀ ਚੰਗਾ ਹੋਵੇ, ਜੇਕਰ ਸੰਵਿਧਾਨ ਲਾਗੂ ਕਰਨ ਵਾਲੇ ਲੋਕ ਮਾੜੇ ਹੋਣਗੇ ਤਾਂ ਚੰਗਾ ਸੰਵਿਧਾਨ ਵੀ ਮਾੜਾ ਹੋਵੇਗਾ, ਜੇਕਰ ਸੰਵਿਧਾਨ ਲਾਗੂ ਕਰਨ ਵਾਲੇ ਲੋਕ ਚੰਗੇ ਹੋਣਗੇ ਤਾਂ ਮਾੜਾ ਸੰਵਿਧਾਨ ਵੀ ਚੰਗਾ ਹੋਵੇਗਾ ਅਤੇ ਉਹ ਲਾਗੂ ਹੋਵੇਗਾ। ਅੱਜ ਤੋਂ ਬਾਅਦ ਅਸੀਂ ਰਾਜਨੀਤਕ ਤੌਰ ਤੇ ਇੱਕ ਹੋ ਚੁੱਕੇ ਹਾਂ।" ਇਹ 26 ਨਵੰਬਰ, 1949 ਨੂੰ ਸੰਵਿਧਾਨ ਸਭਾ ਵਿੱਚ ਡਾਕਟਰ ਸਾਹਿਬ ਨੇ ਬੋਲਦਿਆਂ ਕਿਹਾ। ਅਮੀਰ ਅਤੇ ਗਰੀਬ ਦੀ ਵੋਟ ਇੱਕ ਹੋਵੇਗੀ ਪਰ ਆਰਥਿਕ ਅਤੇ ਸਮਾਜਿਕ ਤੌਰ ਤੇ ਅੱਜ ਸਾਡੇ ਵਿੱਚ ਇੰਨਾ ਵਖਰੇਵਾਂ ਕਿਉਂ? ਸਪੀਕਰ ਸਾਹਿਬ, ਜੇਕਰ ਆਉਣ ਵਾਲੇ ਸਮੇਂ ਵਿੱਚ ਇਹ ਚੀਜ਼ ਦੂਰ ਨਾ ਕੀਤੀ ਗਈ ਤਾਂ ਸਾਡਾ ਦੇਸ਼ ਕੰਗਾਲ ਹੋ ਜਾਵੇਗਾ। ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ। ਧੰਨਵਾਦ ਜੀ। (ਥੰਪਿੰਗ)

**ਸ਼੍ਰੀ ਸੁਸ਼ੀਲ ਕੁਮਾਰ ਰਿੰਕੂ (ਜਲੰਧਰ ਪੱਛਮੀ, ਐਸ.ਸੀ.):** ਸਪੀਕਰ ਸਾਹਿਬ, ਬਹੁਤ-ਬਹੁਤ ਧੰਨਵਾਦ ਜੀ। ਤੁਸੀਂ ਮੈਨੂੰ ਅੱਜ ਸੰਵਿਧਾਨ ਦੀ 70ਵੀਂ ਵਰ੍ਹੇਗੰਢ ਦੇ ਖਾਸ ਮੌਕੇ ਉੱਤੇ, ਜਿੱਥੇ ਸਦਨ ਦੇ ਵਿੱਚ ਬੋਲਣ ਦਾ ਮੌਕਾ ਦਿੱਤਾ, ਉਥੇ ਤੁਸੀਂ ਵਿਸ਼ੇਸ਼ ਸਦਨ ਬੁਲਾ ਕੇ ਅੱਜ ਡਾ. ਭੀਮ ਰਾਓ ਅੰਬੇਦਕਰ ਜੀ ਨੂੰ ਇੱਕ ਸੱਚੀ ਔਰ ਸੁਥਰੀ ਔਰ ਜਿਹੜੀ ਉਨ੍ਹਾਂ ਦੇ ਪ੍ਰਤੀ ਆਪਣੀ ਸ਼ਰਧਾ ਹੈ, ਇਸ ਦਾ ਪ੍ਰਗਟਾਵਾ ਵੀ ਕੀਤਾ। ਸਪੀਕਰ ਸਾਹਿਬ, 1947 ਵਿੱਚ ਜਦੋਂ ਹਿੰਦੁਸਤਾਨ ਆਜ਼ਾਦ ਹੋਇਆ, ਉਸ ਦੇ ਨਾਲ-ਨਾਲ ਪਾਕਿਸਤਾਨ ਮੁਲਕ ਵੀ ਆਜ਼ਾਦ ਹੋਇਆ ਔਰ ਸਦਨ ਦੇ ਵਿੱਚ ਜਿਸ ਤਰ੍ਹਾਂ ਦੱਸਿਆ ਗਿਆ ਹੈ ਕਿ ਉਸ ਸਮੇਂ ਜਿਹੜੇ ਦਲਿਤ ਲੋਕ ਸਨ, ਉਨ੍ਹਾਂ ਲੋਕਾਂ ਨਾਲ ਕਿਹੋ ਜਿਹਾ ਵਤੀਰਾ ਹੁੰਦਾ ਸੀ। ਸਾਰੇ ਸਾਥੀਆਂ ਨੇ ਦੱਸਿਆ ਔਰ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਡਾ. ਭੀਮ ਰਾਓ ਅੰਬੇਦਕਰ ਜੀ ਵਰਗਾ ਵਿਦਵਾਨ ਉਸ ਵੇਲੇ ਦੁਨੀਆ ਉੱਤੇ ਕੋਈ ਨਹੀਂ ਸੀ, ਪਰ ਦੂਸਰੇ ਪਾਸੇ ਇਹ ਗੱਲ ਵੀ ਆਪਣੇ ਆਪ ਵਿੱਚ ਮਹੱਤਵ ਰੱਖਦੀ ਹੈ ਕਿ ਜਿਸ ਸਮੇਂ ਦੇਸ਼ ਵਿੱਚ ਇਹੋ ਜਿਹਾ ਮਾਹੌਲ ਹੋਵੇ, ਉਸ ਸਮੇਂ ਇੱਕ ਦਲਿਤ ਪੜ੍ਹੇ-ਲਿਖੇ ਨੌਜਵਾਨ ਨੂੰ ਦੇਸ਼ ਦਾ ਸੰਵਿਧਾਨ ਲਿਖਣ ਦਾ ਮੌਕਾ ਮਿਲਣਾ, ਇਹ ਆਪਣੇ ਆਪ ਵਿੱਚ ਇੱਕ ਬੜੀ ਹੀ ਵੱਡੀ ਗੱਲ ਹੈ। ਡਾ.ਭੀਮ ਰਾਓ ਅੰਬੇਦਕਰ ਜੀ ਨੇ ਆਪਣੀ ਕਾਬਲੀਅਤ ਅਤੇ ਆਪਣੀ ਸ਼ਖਸੀਅਤ ਨਾਲ ਸਮੁੱਚੀ ਦੁਨੀਆ ਨੂੰ ਇਹ ਗੱਲ ਦੱਸੀ ਹੈ ਕਿ ਜਿਹੜੇ ਉਨ੍ਹਾਂ ਵਿੱਚ ਗੁਣ ਸਨ, ਉਨ੍ਹਾਂ ਗੁਣਾਂ ਦੇ ਵਿੱਚ ਕੋਈ ਕਮੀ ਨਹੀਂ ਸੀ। ਸਪੀਕਰ ਸਾਹਿਬ, ਸਮਾਂ ਚੱਲਦਾ ਹੈ ਪਰ

Under Print
Not for Legal/Official use

ਇਹ ਗੱਲ ਵੀ ਠੀਕ ਹੈ ਕਿ ਸਮੇਂ ਸਮੇਂ ਤੇ ਜਿਹੜੀਆਂ ਸਰਕਾਰਾਂ ਆਈਆਂ ਔਰ ਪਿਛਲੇ ਸਮੇਂ ਵਿੱਚ ਵੀ ਸਾਡੇ ਤੋਂ ਸੰਵਿਧਾਨ ਦੀ ਪਾਲਣਾ ਕਰਨ ਵਿੱਚ ਕਿਤੇ ਨਾ ਕਿਤੇ ਬਹੁਤ ਸਾਰੀਆਂ ਕਮੀਆਂ ਰਹਿ ਗਈਆਂ ਔਰ ਇਸ ਦੇ ਨਾਲ ਨਾਲ ਜੋ ਅੱਜ ਦੀ ਵਿਵਸਥਾ ਹੈ, ਜਿਹੜੇ ਕੰਮ ਹਨ,

ਇਸ ਤਰ੍ਹਾਂ ਦੇ ਕੰਮ ਕਦੇ ਵੀ ਹਿੰਦੁਸਤਾਨ ਦੇ ਇਤਿਹਾਸ ਦੇ ਵਿੱਚ ਨਹੀਂ ਹੋਏ ਕਿ ਦੇਸ਼ ਦੇ ਲੋਕ ਸੁੱਤੇ ਹੋਣ ਅਤੇ ਸਵੇਰੇ ਸਵੇਰੇ ਰਾਸ਼ਟਰਪਤੀ ਜੀ ਨੂੰ ਸੁੱਤਿਆਂ ਨੂੰ ਉਠਾ ਕੇ ਸਹੁੰਆਂ ਚੁਕਾਈਆਂ ਜਾਣ ਔਰ ਦੇਸ਼ ਦੀ ਕਾਨੂੰਨ ਵਿਵਸਥਾ ਦੇ ਨਾਲ ਬਹੁਤ ਵੱਡਾ ਖਿਲਵਾੜ ਕੀਤਾ ਜਾਵੇ ਪਰ ਮੈਂ ਧੰਨਵਾਦੀ ਹਾਂ Supreme Court of India ਦਾ ਜਿਨ੍ਹਾਂ ਨੇ ਇਸ ਧੱਕੇ ਦੇ ਉੱਤੇ, ਇਸ ਕਾਨੂੰਨ ਦੇ ਉੱਤੇ, ਜਿਹੜਾ ਕਾਲਾ ਧੱਬਾ ਲੱਗਣਾ ਸੀ, ਉਸ ਤੇ ਰੋਕ ਲਗਾ ਕੇ ਸੰਵਿਧਾਨ ਦੀ ਗਰਿਮਾ ਨੂੰ ਲਗਾਤਾਰ ਬਣਾ ਕੇ ਰੱਖਿਆ। ਸਪੀਕਰ ਸਾਹਿਬ, ਅੱਜ ਸਾਰੇ ਸਾਥੀਆਂ ਨੇ ਬਹੁਤ ਅੱਛੇ-ਅੱਛੇ ਵਿਚਾਰ ਇੱਥੇ ਪੇਸ਼ ਕੀਤੇ ਹਨ। ਤੁਸੀਂ ਮੈਨੂੰ ਮੌਕਾ ਦਿੱਤਾ, ਮੈਂ ਫਿਰ ਤੋਂ ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਨਾਲ ਹੀ ਮੈਂ ਇਸ ਗੱਲ ਦੀ ਮੰਗ ਵੀ ਕਰਦਾ ਹਾਂ ਕਿ ਜਿਹੜੀ ਸੰਵਿਧਾਨ ਦੀ 85ਵੀਂ ਅਮੈਂਡਮੈਂਟ ਹੈ, ਉਹ ਸਾਡੇ ਮਾਨਯੋਗ ਮੁੱਖ ਮੰਤਰੀ ਸਾਹਿਬ ਅਤੇ ਹਾਊਸ ਨੇ ਇੱਥੇ ਪਾਸ ਕੀਤੀ ਸੀ। ਇਹ ਦਲਿਤਾਂ ਦੇ ਪ੍ਰਤੀ ਇੱਕ ਬਹੁਤ ਅੱਛਾ ਮੈਸੇਜ ਸੀ। ਮੇਰੀ ਬੇਨਤੀ ਹੈ ਕਿ 85ਵੀਂ ਅਮੈਂਡਮੈਂਟ ਨੂੰ ਪੂਰਨ ਤੌਰ ਤੇ ਲਾਗੂ ਕੀਤਾ ਜਾਵੇ। ਗਰਾਸਰੂਟ ਦੇ ਉੱਤੇ ਉਸ ਨੂੰ ਲਾਗੂ ਕਰਨ ਦੀ ਵਿਵਸਥਾ ਬਣਾਈ ਜਾਵੇ। ਇਸ ਦੇ ਨਾਲ ਨਾਲ ਮੈਂ ਜ਼ਿਆਦਾ ਕੁਝ ਨਾ ਕਹਿੰਦਾ ਹੋਇਆ, ਅਖੀਰ ਵਿੱਚ ਮੁੱਖ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਜਲੰਧਰ ਦੇ ਬੂਟਾ ਮੰਡੀ ਇਲਾਕੇ ਦੇ ਵਿੱਚ ਦਲਿਤਾਂ ਦੀ ਜਿਹੜੀ ਮੰਗ ਹੈ, ਉਸ ਨੂੰ ਮੰਨਦਿਆਂ ਹੋਇਆਂ ਲੜਕੀਆਂ ਦਾ ਇੱਕ ਸਰਕਾਰੀ ਕਾਲਜ ਡਾ. ਭੀਮ ਰਾਓ ਅੰਬੇਦਕਰ ਜੀ ਦੇ ਨਾਮ ਦੇ ਉੱਤੇ ਸਥਾਪਿਤ ਕੀਤਾ ਅਤੇ ਮੈਂ ਆਪਣੇ ਵੱਲੋਂ ਅੱਜ ਦੇ ਇਸ ਦਿਨ ਤੇ ਆਪ ਸਭ ਨੂੰ ਮੁਬਾਰਕਬਾਦ ਪੇਸ਼ ਕਰਦਾ ਹਾਂ। ਧੰਨਵਾਦ ਜੀ।

**Mr. Speaker :** Thank you, thank you. ਹਾਂ ਜੀ, ਮਜੀਠੀਆ ਸਾਹਿਬ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਮਜੀਠਾ) :** ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਮੈਂ ਆਪ ਜੀ ਨੂੰ ਇਸ ਮੁਬਾਰਕ ਦਿਨ ਦੀ ਬਹੁਤ-ਬਹੁਤ ਵਧਾਈ ਪੇਸ਼ ਕਰਦਾ ਹਾਂ ਔਰ ਮੈਂ ਸਮਝਦਾ ਹਾਂ ਕਿ ਤੁਸੀਂ ਇੱਕ ਨਵੀਂ ਪ੍ਰਥਾ ਲਾਗੂ ਕਰ ਰਹੇ ਹੋ। ਪਿਛਲੀ ਵਾਰੀ ਸਾਰਿਆ ਵਾਸਤੇ ਇੱਕ ਮਾਣ ਦਾ ਸਮਾਂ ਸੀ when we had an opportunity to sit with all the Members ਚਾਹੇ ਉਹ ਹਰਿਆਣਾ ਦੇ ਸਨ, ਚਾਹੇ ਉਹ ਪੰਜਾਬ ਦੇ ਸਨ ਔਰ ਇਕੱਠੇ ਬੈਠ ਕੇ 550 ਸਾਲਾ ਧੰਨ ਧੰਨ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਦਾ ਪ੍ਰਕਾਸ਼ ਪੁਰਬ ਮਨਾਉਣ ਦਾ ਮੌਕਾ ਮਿਲਿਆ and we are eternally, especially Shiromani Akali Dal is very grateful to you ਕਿ ਤੁਸੀਂ ਵਾਕਿਆ ਹੀ ਉਸ ਨੂੰ ਇੱਕ historic occasion ਬਣਾਇਆ।

ਉਸ ਵਿੱਚ ਸਭ ਦਾ ਬਹੁਤ ਮਾਣ ਵਧਿਆ। ਅੱਜ ਵੀ ਮੈਂ ਤੁਹਾਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ ਕਿ ਤੁਸੀਂ ਆਪਣੇ ਵੱਲੋਂ ਕੋਈ ਕਮੀ-ਪੇਸ਼ੀ ਨਹੀਂ ਛੱਡੀ ਕਿ ਪਾਜ਼ੀਟੀਵਿਟੀ ਨਾਲ after all, we are discussing the Constitution of this great democracy, the largest democracy, the most vibrant democracy, a democracy which is celebrated today the world over, ਔਰ ਮੈਂ ਸਮਝਦਾ ਹਾਂ ਉਸ ਡੈਮੋਕ੍ਰੇਸੀ ਨੂੰ ਲੋਕ celebrate ਕਰ ਰਹੇ ਹਨ। ਦੁਨੀਆ ਭਰ ਵਿੱਚ ਇਸ ਨੂੰ ਸਲਾਮਾਂ ਹੋ ਰਹੀਆਂ ਹਨ। It is very important that on this historic day, on this important day, ਜਿਸ ਇਨਸਾਨ ਕਰਕੇ ਆਪਾਂ ਇਸ ਡੈਮੋਕ੍ਰੇਸੀ ਨੂੰ celebrate ਕਰ ਰਹੇ ਹਾਂ ਜਿਹੜੇ ਉਹ ਨਿਊਕਲਿਅਸ ਸਨ, ਅੱਜ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਨੂੰ ਯਾਦ ਕਰਦੇ ਹੋਏ ਉਨ੍ਹਾਂ ਨੂੰ ਵਧਾਈ ਦਿੰਦੇ ਹੋਏ that he is the root, ਉਨ੍ਹਾਂ ਕਰਕੇ ਉਨ੍ਹਾਂ ਦੀ ਦੂਰ-ਦਰਸ਼ਤਾ ਕਰਕੇ ਅੱਜ ਬੇਜ਼ੁਬਾਨਿਆਂ ਨੂੰ ਜ਼ੁਬਾਨ ਮਿਲੀ, ਜਿਹੜਾ ਅਮੀਰ-ਗਰੀਬ ਦਾ ਭੇਦ-ਭਾਵ ਸੀ ਸ਼ਾਇਦ ਉਨ੍ਹਾਂ ਨੂੰ ਕਦੇ ਮੌਕਾ ਨਾ ਮਿਲਦਾ। constitutional ਪੋਸਟਾਂ ਤੇ ਚਾਹੇ ਉਹ ਰਾਸ਼ਟਰਪਤੀ ਦੀ ਪੋਸਟ ਤੇ ਪਹੁੰਚੇ I think he owes it to Bhimrao Ambedkar Sahib ji, ਜਿਹੜਾ ਵੀ ਕੋਈ ਪਹੁੰਚਿਆ, ਉਹ ਭੀਮ ਰਾਓ ਅੰਬੇਦਕਰ ਜੀ ਦਾ ਸਦਾ ਹੀ ਧੰਨਵਾਦ ਕਰਦਾ ਰਹੇਗਾ। ਮੈਂ ਸਮਝਦਾ ਹਾਂ ਕਿ ਜਿੰਨੇ ਵੀ ਆਪਾਂ ਇੱਥੇ ਬੈਠੇ ਹਾਂ ਕਈ ਵਾਰੀ ਕੋਈ ਗੱਲ ਹੋ ਜਾਂਦੀ ਹੈ। ਕੋਈ ਐਮ.ਐਲ.ਏ. ਵੀਰ ਉੱਠ ਕੇ ਕਹਿ ਦਿੰਦਾ ਹੈ ਕਿ ਮੇਰੀ existence, ਇਹ ਬਿਲਕੁਲ ਗੱਲ ਠੀਕ ਹੈ। I think ਇਕੱਲੀ ਉਸ ਦੀ existence ਨਹੀਂ, ਸਾਡੀ ਸਭ ਦੀ existence, ਕਿਉਂਕਿ 32-33% ਐਸ.ਸੀ. ਭਾਈਚਾਰੇ ਦੀ ਆਬਾਦੀ ਹੈ। ਅਸੀਂ ਇੱਥੇ ਜਿੰਨੇ ਵੀ ਚੁਣ ਕੇ ਆਉਂਦੇ ਹਾਂ, ਇਹ ਬਹੁਤ ਵੱਡੀ ਕੁਤਾਹੀ ਹੋਵੇਗੀ ਜੇਕਰ ਮੈਂ ਇਸ ਗੱਲ ਨੂੰ ਨਾ ਮੰਨਾਂ ਕਿ ਮੇਰੀ ਜਿੱਤ ਵਿੱਚ ਬਹੁਤ ਵੱਡਾ ਯੋਗਦਾਨ ਦਲਿਤ ਭਾਈਚਾਰੇ ਦਾ ਹੈ। (ਥੰਪਿੰਗ) ਮੈਂ ਸਮਝਦਾ ਹਾਂ ਕਿ ਅੱਜ ਇਹ opportunity ਮਿਲੀ ਹੈ। ਜੇ ਮੈਂ ਅੱਜ ਇਕੱਲਾ ਅੰਬੇਦਕਰ ਜੀ ਦਾ ਧੰਨਵਾਦ ਕਰਾਂ ਤਾਂ ਇਹ ਘੱਟ ਰਹਿ ਜਾਵੇਗਾ। ਮੈਂ ਅੱਜ ਉਨ੍ਹਾਂ ਦੇ ਮਾਤਾ ਜੀ ਦਾ, ਜਿਨ੍ਹਾਂ ਨੇ ਮਹਾਨ ਸਪੂਤ ਜੰਮਿਆ, ਉਨ੍ਹਾਂ ਨੂੰ ਵੀ ਸਤਿਕਾਰ ਭੇਂਟ ਕਰਦਾ ਹਾਂ। ਸਪੀਕਰ ਸਾਹਿਬ, ਬੜੀ ਚੰਗੀ ਗੱਲ ਹੈ ਕਿ we are celebrating this day. ਅੱਜ ਬਹੁਤ ਚੰਗੀਆਂ ਵਿਚਾਰਾਂ ਹੋਈਆਂ ਹਨ। I want to congratulate. ਸ਼ਾਇਦ ਸ਼੍ਰੀ ਬੁੱਧ ਰਾਮ ਜੀ ਚਲੇ ਗਏ ਹਨ। Last time also when he spoke, ਮਜ਼ਾ ਆ ਗਿਆ। ਉਹ ਅੱਜ ਵੀ ਬੋਲੇ ਹਨ, ਮੈਨੂੰ ਨਹੀਂ ਪਤਾ ਸੀ ਕਿ ਐਨਾ ਗਿਆਨ ਦਾ ਭੰਡਾਰ, ਐਨੇ ਗੁਣੀ-ਗਿਆਨੀ ਹਨ। ਉਨ੍ਹਾਂ ਨੇ ਅੱਜ ਜਿਹੜੀਆਂ ਗੱਲਾਂ ਤੇ ਚਾਨਣਾ ਪਾਇਆ ਹੈ, ਮੈਨੂੰ ਇਨ੍ਹਾਂ ਗੱਲਾਂ ਦਾ ਪਤਾ ਨਹੀਂ ਸੀ। ਸੋ, It's an educating experience and I think the best thing anyone can get at this age also is education, ਕਿਉਂਕਿ ਜੇ ਅਸੀਂ ਰੋਜ਼ ਸਿਆਣੇ ਬਣ ਜਾਈਏ ਤਾਂ ਇਹ ਬੜੀ ਵੱਡੀ ਗੱਲ ਹੈ। ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਦਾ ਹਾਂ ਕਿ

ਦੇਖੋ in letter and spirit we should celebrate the Constitution. ਕਾਂਸਟੀਚਿਊਸ਼ਨ ਡੇਅ ਰੋਜ਼ ਨਹੀਂ ਸੈਲੀਬਰੇਟ ਹੋਣਾ ਚਾਹੀਦਾ? ਜੇਕਰ ਇਹ ਇਕੱਲੀ lip service ਹੋਈ ਤਾਂ ਇਹ ਸਿਰਫ token celebrations ਹੋ ਜਾਣਗੀਆਂ। ਕਿਉਂਕਿ ਜਿਸ ਦਿਨ ਬਾਬਾ ਸਾਹਿਬ ਨੇ ਇਹ ਸੰਵਿਧਾਨ ਬਣਾਇਆ ਸੀ, ਕੁਝ ਪ੍ਰਿੰਸੀਪਲਜ਼ ਬਣਾਏ ਸਨ, ਕੁਝ ਫੰਡਾਮੈਂਟਲ ਰਾਈਟਸ ਦਿੱਤੇ ਸਨ। ਉਨ੍ਹਾਂ ਨੇ ਆਊਟਲਾਈਨ ਕਰ ਦਿੱਤਾ ਸੀ, ਇਸ ਨੂੰ ਚਾਹੇ ਨੇਸ਼ਨ ਦੀ ਕਰੈਕਟਰ ਬਿਲਡਿੰਗ ਕਹਿ ਲਓ। ਇੱਕ ਰਸਤਾ ਦੇ ਗਏ ਸਨ, ਇੱਕ ਬੀਜ ਬੋ ਗਏ ਸਨ। ਅੱਜ ਉਸ ਬੀਜ ਦੇ ਵਿਚੋਂ ਖੁਸ਼ਬੂ ਅਤੇ ਮਿੱਠੇ ਫਲ ਨਿਕਲਣੇ ਚਾਹੀਦੇ ਸੀ। ਬਾਬਾ ਸਾਹਿਬ ਨੇ ਤਾਂ ਸਭ ਕੁਝ ਕਰ ਦਿੱਤਾ but we all as Legislators or Member Parliament, ਅਸੀਂ ਸਾਰੇ ਕਿਤੇ ਨਾ ਕਿਤੇ ਆਪਣੀ ਜ਼ਿੰਮੇਵਾਰੀ ਵਿੱਚ ਕੁਤਾਹੀ ਕੀਤੀ ਹੈ ਅਤੇ ਕਰਦੇ ਰਹੇ ਹਾਂ। ਬਹੁਤ ਸਾਰੇ ਮੈਂਬਰ ਇਸ ਗੱਲ ਦਾ ਗੁੱਸਾ ਕਰ ਜਾਂਦੇ ਹਨ ਕਿ ਤੁਸੀਂ ਬਿਲਕੁਲ ਵੀ 1984 ਦੀ ਗੱਲ ਨਹੀਂ ਕਰਨੀ। ਅੱਜ ਸਪੀਕਰ ਸਾਹਿਬ, ਤੁਸੀਂ ਵੀ ਇਹ ਮਹਿਸੂਸ ਕਰ ਗਏ ਕਿ ਆਪਾਂ ਐਮਰਜੈਂਸੀ ਦੀ ਗੱਲ ਨਹੀਂ ਕਰਨੀ। ਅੱਜ ਸਾਡੇ ਮੈਂਬਰ ਸਾਹਿਬਾਨ ਵੀ ਇਹ ਮਹਿਸੂਸ ਕਰਦੇ ਸੀ ਕਿ ਜੇ ਮਹਾਰਾਸ਼ਟਰ ਦੀ ਗੱਲ ਹੋ ਜਾਵੇਗੀ ਤਾਂ ਪਤਾ ਨਹੀਂ ਕੀ ਹੋ ਜਾਵੇਗਾ। ਸਪੀਕਰ ਸਾਹਿਬ, ਆਪਾਂ ਕਰੀਏ ਨਾ ਕਰੀਏ। ਸਰਕਾਰਾਂ ਆਉਂਦੀਆਂ ਜਾਂਦੀਆਂ ਰਹਿਣਗੀਆਂ, ਢਹਿੰਦੀਆਂ ਰਹਿਣਗੀਆਂ। ਅੱਜ ਤੁਸੀਂ ਸਪੀਕਰ ਦੀ ਪੋਸਟ ਤੇ ਬੈਠੇ ਹੋ, ਤੁਹਾਡੇ ਤੋਂ ਪਹਿਲਾਂ ਵੀ ਸਤਿਕਾਰਯੋਗ ਅਟਵਾਲ ਸਾਹਿਬ ਬੈਠੇ ਸਨ। ਇਹ ਤਾਂ ਸੱਚੇ ਪਾਤਸ਼ਾਹ ਜਾਣਦਾ ਹੈ ਤੇ ਰੱਬ ਸੁੱਖ ਰੱਖੇ ਕਿ ਅੱਗੇ ਕਿਸ ਨੇ ਬੈਠਣਾ ਹੈ। But we will all be judged by our actions. ਔਰ ਮੈਂ ਸਮਝਦਾ ਹਾਂ ਕਿ ਆਪਾਂ ਕੁਝ ਕਹੀਏ ਨਾ ਕਹੀਏ ਪਰ ਇਹ ਫਰੀ ਸਪੀਚ ਹੈ ਜੀ। ਇਹ ਸਾਡਾ Fundamental Right ਹੈ। ਸਾਨੂੰ ਕਈ Freedoms ਅਤੇ ਕਈ Rights ਦਿੱਤੇ ਹਨ। ਆਪਾਂ ਇੱਥੇ ਕੀ ਬੋਲਦੇ ਹਾਂ ਜਾਂ ਨਹੀਂ ਬੋਲਦੇ, ਮੇਰੇ ਵੀਰਾਂ ਨੂੰ ਚੰਗਾ ਲੱਗੇ ਨਾ ਲੱਗੇ, ਮੈਨੂੰ ਚੰਗਾ ਲੱਗੇ ਨਾ ਲੱਗੇ ਪਰ ਜਿਹੜਾ ਚੌਥਾ ਪਾਵਾ ਉੱਤੇ ਬੈਠਿਆ ਹੈ। ਉਨ੍ਹਾਂ ਨੇ ਆਪਣੇ ਦਿਮਾਗ ਨਾਲ ਹਰ ਚੀਜ਼ ਨੂੰ ਜੱਜ ਕਰਨਾ ਹੈ। ਪੰਡਿਤ ਜਵਾਹਰ ਲਾਲ ਨਹਿਰੂ ਜੀ ਤੋਂ ਲੈ ਕੇ ਅੱਜ ਤੱਕ all Prime Ministers will be judged for their actions, all MLAs, all Chief Ministers, all Speakers will be judged for their actions ਆਪਾਂ ਬਾਬਾ ਸਾਹਿਬ ਦੀ ਗੱਲ ਤਾਂ ਕਰਦੇ ਹਾਂ ਪਰ ਕੀ ਉਨ੍ਹਾਂ ਦੀ ਗੱਲ ਤੇ ਆਪਾਂ ਪਹਿਰਾ ਦਿੱਤਾ? ਇਸ ਲਈ ਮੈਂ ਲੰਮੀ ਗੱਲ ਤਾਂ ਨਹੀਂ ਕਰਾਂਗਾ ਕਿਉਂਕਿ ਗੱਲਾਂ ਤਾਂ ਸਾਰੇ ਹੀ ਬਹੁਤ ਵਧੀਆ ਕਰਕੇ ਗਏ ਹਨ। ਸਪੀਕਰ ਸਾਹਿਬ, ਮੈਂ ਇੱਥੇ ਇਹ ਗੱਲ ਜ਼ਰੂਰ ਚਾਹਾਂਗਾ ਕਿ ਤੁਸੀਂ ਵੀ ਬੜੇ ਕਾਬਲ ਹੋ, ਚੰਗੇ ਹੋ, ਸਮਝਦਾਰ ਹੋ ਔਰ ਅੱਜ ਬਾਬਾ ਸਾਹਿਬ ਵੀ ਵੇਖਦੇ ਹੋਣੇ ਹਨ। ਉਹ ਇਕੱਲਾ ਇਹ ਨਹੀਂ ਵੇਖਦੇ ਹੋਣੇ ਕਿ ਐਸ.ਪੀ.ਜੀ ਮਿਲੀ, ਨਹੀਂ ਮਿਲੀ। ਇਹ ਗੱਲ ਹਾਸੇ ਮਜ਼ਾਕ ਵਿਚ ਹੋ ਗਈ, ਛੱਡੋ ਪਰ ਇਹ ਗੱਲ ਜ਼ਰੂਰ ਵੇਖਦੇ ਹੋਣੇ ਕਿ ਪੰਜਾਬ ਵਿੱਚ ਅੱਜ ਕੀ ਹੋ ਰਿਹਾ ਹੈ। ਅੱਜ ਮੈਂ ਉਨ੍ਹਾਂ ਦੀ ਗੱਲ ਨਾ ਕਰਾਂ। ਅੱਜ ਇੱਥੇ ਸਾਡੇ ਕੁਝ ਐਮ.ਐਲ.ਏ. ਸਾਹਿਬਾਨ ਹਨ। ਉਨ੍ਹਾਂ

ਦੇ ਅਧਿਕਾਰ ਖੋਹੇ ਜਾ ਰਹੇ ਹਨ। ਉਹ ਵਿਚਾਰੇ ਰੌਲਾ ਪਾ ਰਹੇ ਹਨ ਕਿ ਸਾਡੇ ਫੋਨ ਟੈਪ ਹੋ ਰਹੇ ਹਨ। ਸਪੀਕਰ ਸਾਹਿਬ, ਮੈਂ ਜਿਨ੍ਹਾਂ ਦੀ ਗੱਲ ਕਰ ਰਿਹਾ ਹਾਂ, ਉਨ੍ਹਾਂ ਬਜ਼ੁਰਗ ਐਮ.ਐਲ.ਏਜ਼ ਦੀ ਮੈਂ ਬੜੀ ਕਦਰ ਕਰਦਾ ਹਾਂ he is a very senior politician. ਅੱਜ ਕਿਸੇ ਐਮ.ਐਲ.ਏ. ਨੂੰ ਇਹ ਗੱਲ ਕਹਿਣੀ ਪਵੇ ਕਿ ਮੇਰਾ ਫੋਨ ਟੈਪ ਹੋ ਰਿਹਾ ਹੈ, 9 ਮੈਂਬਰੀ ਬੈਂਚ ਨੇ ਜੱਜਮੈਂਟ ਦਿੱਤੀ ਹੈ, ਅਧਿਕਾਰ ਖੋਹੇ ਜਾ ਰਹੇ ਹਨ। ਸਪੀਕਰ ਸਾਹਿਬ, ਅੱਜ ਜਨਾਬ ਇਸ ਕੁਰਸੀ ਤੇ ਬੈਠੇ ਹਨ, ਜੇ ਉਸ ਦੇ ਅਧਿਕਾਰ ਦੀ ਗੱਲ ਤੁਸੀਂ ਨਹੀਂ ਕਰੋਗੇ ਤਾਂ ਮੈਂ ਸਮਝਦਾ ਹਾਂ ਕਿ ਆਪਾਂ ਕਿਤੇ ਨਾ ਕਿਤੇ, ਠੀਕ ਹੈ ਕਿ ਸਮਾਂ ਲੰਘ ਜਾਣਾ ਹੈ we will be judged for our actions. ਜਿਵੇਂ ਐਮਰਜੰਸੀ ਲੱਗੀ, ਲੋਕਾਂ ਨੇ ਚੰਗਾ ਕਿਹਾ, ਮਾੜਾ ਕਿਹਾ, ਉਸ ਦੀ ਸਜ਼ਾ ਵੀ ਮਿਲੀ and she was also judged for those actions, ਅੱਜ ਉਸ ਨੂੰ ਤੁਸੀਂ ਜਸਟੀਫਾਈ ਕਰ ਦਿਉ, ਕੋਈ ਕਰ ਦੇਵੇ, ਮਗਰ ਦੁਨੀਆ ਦੀ ਵੱਡੀ ਗਿਣਤੀ ਨੇ ਉਸ ਨੂੰ ਅੱਜ ਤੱਕ ਜਸਟੀਫਾਈ ਨਹੀਂ ਕੀਤਾ, you and I can say whatever, I say this on record, ਕੀ ਜੋ ਮਹਾਰਾਸ਼ਟਰਾ ਵਿੱਚ ਹੋਇਆ anybody can say what they want to, but a large section of this country and the world will say it is not right what has happened ਔਰ ਜੋ ਜੰਮੂ ਕਸ਼ਮੀਰ ਵਿਚ ਹੋ ਰਿਹਾ ਹੈ, ਜਿਹੜੇ ਸਾਬਕਾ ਮੁੱਖ ਮੰਤਰੀ ਸਾਹਿਬਾਨ ਹਨ ਜਾਂ ਮੈਂਬਰ ਪਾਰਲੀਮੈਂਟ ਹਨ ਉਨ੍ਹਾਂ ਦੀ ਚਰਚਾ ਚਲਦੀ ਹੈ। ਅੱਜ ਮੈਂ ਬੋਲ ਰਿਹਾ ਹਾਂ ਕਿਉਂਕਿ ਵੇਰਕਾ ਸਾਹਿਬ ਵੀ ਅਸਲੀਅਤ ਦੀ ਗੱਲ ਬੋਲੇ ਹਨ, ਆਪਾਂ ਕੀ ਸਮਝਦੇ ਹਾਂ, ਸੋਚਦੇ ਹਾਂ, ਕਹਿੰਦੇ ਹਾਂ, ਮਗਰ ਜੋ ਬਾਬਾ ਸਾਹਿਬ ਜੀ ਦੇ ਦਰਸਾਏ ਫੰਡਾਮੈਂਟਲ ਪ੍ਰਿੰਸੀਪਲਜ਼ ਸੰਵਿਧਾਨ ਦੇ ਵਿੱਚ ਸੀ, ਕੀ ਅੱਜ ਉਨ੍ਹਾਂ ਦੀਆਂ ਧੱਜੀਆਂ ਨਹੀਂ ਉਡਾਈਆਂ ਜਾ ਰਹੀਆਂ? ਅੱਜ ਸਾਡੇ ਮੈਂਬਰ ਇਥੇ ਵੀ ਬੋਲ ਕੇ ਗਏ ਹਨ, ਚਾਹੇ ਉਹ ਜਗਮੇਲ ਸਿੰਘ ਦੀ ਗੱਲ ਹੈ। ਸਪੀਕਰ ਸਾਹਿਬ, ਕੋਈ ਦੇਸ਼ ਦੀ 1975 ਦੀ ਐਮਰਜੈਂਸੀ ਦੀ ਗੱਲ, ਕੋਈ 1960 ਦੀ ਗੱਲ ਲੈ ਤੁਰਿਆ, ਠੀਕ ਹੈ it is good to learn from history. ਮਗਰ learn ਕਰਨ ਦਾ ਕੀ ਫਾਇਦਾ ਹੈ, ਸਾਨੂੰ ਕੁਰੈਕਟਿਵ ਮਈਅਰਜ਼ ਲੈਣੇ ਚਾਹੀਦੇ ਹਨ। ਅੱਜ ਆਪਾਂ ਵਾਰ ਵਾਰ ਗੱਲ ਕਰ ਦਿੱਤੀ ਕਿ ਮਹਾਰਾਸ਼ਟਰਾ ਵਿਚ ਮਾੜਾ ਹੋਇਆ। ਅੱਜ ਸਾਡੇ ਮੈਂਬਰ ਸਾਹਿਬ ਨੇ ਗੱਲ ਬੜੀ ਵਧੀਆ ਕੀਤੀ ਕਿ ਸਭ ਤੋਂ ਵੱਧ ਜੇ ਪ੍ਰੈਜ਼ੀਡੈਂਟ ਰੂਲ invoke ਕੀਤਾ ਹੈ, ਇਹ ਮੈਟਰ ਆਫ ਰਿਕਾਰਡ ਹੈ, ਚਾਹੇ ਮੈਂ ਉਨ੍ਹਾਂ ਦਾ ਨਾਂ ਲਵਾਂ ਜਾਂ ਨਾ ਲਵਾਂ, ਮਿਸਿਜ਼ ਗਾਂਧੀ ਦਾ ਨਾਂ ਹੀ ਉਸ ਵਿੱਚ ਆਉਂਦਾ ਹੈ। ਜੇ ਅਖਬਾਰ ਐਮਰਜੈਂਸੀ ਦੇ ਪ੍ਰੋਟੈਸਟ ਦੇ ਖਿਲਾਫ ਖਾਲੀ ਛਪੇ ਤੇ ਜਿਹੜਾ ਚੌਥਾ ਪਾਵਾ ਫਰੀਡਮ ਆਫ ਪਰੈਸ ਸੀ, ਜੇ ਉਸ ਦੇ ਉਤੇ ਵੀ ਡਾਕੇ ਵੱਜੇ, ਇਹ ਮੈਂ ਬੋਲਾਂ ਨਾ ਬੋਲਾਂ, ਇਹ ਮੈਟਰ ਆਫ ਰਿਕਾਰਡ ਹੈ, ਤੁਸੀਂ ਇਸ ਨੂੰ ਐਡਮਿੱਟ ਕਰੋ ਜਾਂ ਨਾ ਕਰੋ। ਸਪੀਕਰ ਸਾਹਿਬ, ਮੈਂ ਵਾਰ-ਵਾਰ ਗੱਲ ਕਹਿੰਦਾ ਹਾਂ ਮੈਂ ਵੱਡੀ ਗੱਲ ਤੇ ਨਹੀਂ ਜਾਂਦਾ ਕਿਉਂਕਿ ਆਪਾਂ ਐਵੇਂ ਨੁਕਤਾਚੀਨੀ ਕਰਾਂਗੇ। ਫਿਰ ਕਿਸੇ ਨੂੰ ਗੁੱਸਾ ਚੜ੍ਹ ਜਾਵੇਗਾ ਕਿ ਉਸ ਨੂੰ ਕਹਿ ਦਿੱਤਾ, ਇਸ ਨੂੰ ਕਹਿ ਦਿੱਤਾ ।

**ਮਾਨਯੋਗ ਸਪੀਕਰ :** ਪਾਜ਼ੇਟਿਵ ਸਪੀਚ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਅੱਜ ਲੋੜ ਹੈ ਕਿ ਉਹ ਕੁਰੈਕਸ਼ਨਜ਼ ਹੋਣ । ਸਪੀਕਰ ਸਾਹਿਬ, I am looking upto you ਵੇਖੋ, ਜਨਾਬ ਏਡੀ ਇੰਪਾਰਟੈਂਟ ਕੁਰਸੀ ਤੇ ਬੈਠੋ ਹਨ, ਲੋਕ ਤਾਂ ਸਾਡੇ ਤੇ ਵੀ ਹੱਸਦੇ ਹਨ, ਮੇਰੇ ਬੜੇ ਅਜ਼ੀਜ਼ ਐਮ.ਐਲ.ਏ., ਸਾਹਿਬਾਨ ਹਨ, ਜਦੋਂ ਹਾਊਸ ਵਿਚ ਨਹੀਂ ਆਉਂਦੇ ਤਾਂ ਮੈਨੂੰ ਦੁੱਖ ਹੁੰਦਾ ਹੈ, ਮਗਰ ਕਦੇ ਉਠ ਕੇ ਕਹਿੰਦੇ ਹਨ ਕਿ ਅਸੀਂ ਅਸਤੀਫਾ ਦੇ ਦਿੱਤਾ, ਫਿਰ ਕਹਿੰਦੇ ਅਸੀਂ ਅਸਤੀਫਾ ਵਾਪਸ ਲੈ ਲਿਆ, ਉਹ ਕਿਸ ਦਾ ਮਜ਼ਾਕ ਬਣ ਰਿਹਾ ਹੈ, ਉਸੇ ਸੰਵਿਧਾਨ ਦਾ ਮਜ਼ਾਕ ਬਣ ਰਿਹਾ ਹੈ, ਜਿਸ ਸੰਵਿਧਾਨ ਦੀ ਆਪਾਂ ਗੱਲ ਕਰ ਰਹੇ ਹਾਂ। ਸਪੀਕਰ ਸਾਹਿਬ, ਮੈਂ ਉਨ੍ਹਾਂ ਦੇ ਖਿਲਾਫ ਨਹੀਂ ਹਾਂ, ਮੈਂ ਫਿਰ ਕਹਿੰਦਾ ਹਾਂ ਕਿ ਇਹ ਚੀਜ਼ਾਂ ਚੱਲਦੀਆਂ ਰਹਿਣਗੀਆਂ । ** (ਹਾਸਾ)

**ਮਾਨਯੋਗ ਸਪੀਕਰ :** ਬੈਠੋ ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਾਨੂੰ ਬਾਬਾ ਸਾਹਿਬ ਦੀ ਸੱਚੀ ਸੋਚ ਤੇ ਪਹਿਰਾ ਦੇਣਾ ਚਾਹੀਦਾ ਹੈ। ਫੋਟੋ ਲੱਗ ਜਾਵੇਗੀ, ਲੱਗਣੀ ਚਾਹੀਦੀ ਹੈ। ਮੈਂ ਵਧਾਈ ਦਿੰਦਾ ਹਾਂ, ਚੰਦੂਮਾਜਰਾ ਸਾਹਿਬ ਨੂੰ, ਉਨ੍ਹਾਂ ਨੇ ਬੜੀ ਵਧੀਆ ਗੱਲ ਕੀਤੀ। ਸਪੀਕਰ ਸਾਹਿਬ, ਮੈਨੂੰ ਤੁਹਾਡੀ ਭਾਵਨਾ ਪਤਾ ਹੈ, ਲੀਡਰ ਆਫ ਦਿ ਹਾਊਸ ਨਾਲ ਤੁਸੀਂ ਇਕੱਲੇ ਚੈਂਬਰ ਵਿਚ ਜਾ ਕੇ ਗੱਲ ਕਰ ਲਵੋ, ਲੀਡਰ ਆਫ ਦਿ ਹਾਊਸ ਨੇ ਕਦੇ ਨਹੀਂ ਕਹਿਣਾ ਕਿ ਉਨ੍ਹਾਂ ਦੀ ਇਥੇ ਫੋਟੋ ਨਹੀਂ ਲੱਗਣੀ ਚਾਹੀਦੀ, ਉਹ ਤਾਂ ਖੁਸ਼ ਹੋਣਗੇ, ਇਸ ਲਈ ਜੇ ਫੋਟੋ ਲੱਗੇ ਤਾਂ ਫਿਰ ਸਿੱਧੀ ਉਸ ਦੀ ਦਿਸ਼ਾ, ਉਸ ਦੀ ਮਿਹਰ ਦੀ ਨਿਗ੍ਹਾ, ਬਾਬਾ ਸਾਹਿਬ ਦੀ, ਉਸ ਕੁਰਸੀ ਤੇ ਵੀ ਪਵੇ ਤੇ ਫਿਰ ਜਗਮੇਲ ਦੇ ਹੱਕ ਦਾ ਵੀ ਫੈਸਲਾ ਹੋਵੇ।

**ਮਾਨਯੋਗ ਸਪੀਕਰ :** ਚਲੋ, ਹੁਣ ਤੁਸੀਂ ਬੈਠੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਜਗਮੇਲ ਦੇ ਹੱਕ ਦਾ ਨਾਅਰਾ ਵੀ ਹੋਵੇ । ਵੇਖੋ ਇਨ੍ਹਾਂ ਨੇ ਬੜੀ ਵਧੀਆ ਗੱਲ ਕੀਤੀ ਹੈ ਕਿ ਅੱਜ ਇੱਥੇ ਕਈ ਐਮ.ਐਲ.ਏ. ਬੈਠੇ ਹਨ, ਆਪਾਂ ਉਨ੍ਹਾਂ ਨੂੰ ਜ਼ਿੰਦਗੀ ਦੇ ਵਿੱਚ ਕਦੇ ਨਹੀਂ ਮਿਲਣਾ ਸੀ, ਮੈਂ ਬੜਾ ਫਰੈਂਕਲੀ ਇਹ ਗੱਲ ਕਹਿੰਦਾ ਹਾਂ ਕਿਉਂਕਿ ਇਹ ਜਿਹੜਾ ਸਿਸਟਮ ਹੈ, ਉਹ ਸਿਸਟਮ ਹੀ ਇਹੋ-ਜਿਹਾ ਬਣਿਆ ਸੀ। ਅੱਜ ਜੇ ਇਥੇ ਬੈਠੇ ਹਾਂ ਤਾਂ ਜ਼ਮੀਨ-ਜਾਇਦਾਦ ਕਾਰਨ ਨਹੀਂ ਸਗੋਂ ਲੋਕਾਂ ਦੀ ਆਵਾਜ਼ ਬਣ ਕੇ ਇਥੇ ਬੈਠੇ ਹਾਂ। ਲੋਕਾਂ ਨੇ ਸਮਝਿਆ ਕਿ ਇਹ ਸਾਡੀ ਬੁਲੰਦ ਆਵਾਜ਼ ਹੈ। ਔਰ ਇਥੇ ਆ ਕੇ ਸ਼੍ਰੀ ਬੁੱਧ ਰਾਮ ਜੀ ਵਰਗਿਆਂ ਨੂੰ ਮਿਲਦੇ ਹਾਂ ਤਾਂ ਨਜ਼ਾਰਾ ਆ ਜਾਂਦਾ ਹੈ। ਸ਼ਾਇਦ ਜ਼ਿੰਦਗੀ ਦੇ ਵਿੱਚ ਮੈਨੂੰ ਇਹ ਮੌਕਾ ਨਹੀਂ ਪ੍ਰਾਪਤ ਹੋਣਾ ਸੀ। ਸਪੀਕਰ ਸਾਹਿਬ, ਉਹ ਜਿਹੜੀ ਗੱਲ ਕਰਦੇ ਹਨ ਉਸ ਉੱਤੇ ਅਮਲ ਵੀ ਕਰੋ। ਅੱਜ ਮਤਾ ਤਾਂ ਆ ਗਿਆ ਪਰ ਗੱਲ ਤਾਂ ਉਦੋਂ ਬਣੇਗੀ ਜਦੋਂ ਘੁੱਗੀ

---

** Expunged as ordered by the Hon'ble Speaker.

ਮਾਰੋਗੇ। ਜਿਹੜੀ ਗੱਲ ਵੇਰਕਾ ਸਾਹਿਬ (ਡਾਕਟਰ ਰਾਜ ਕੁਮਾਰ ਵੇਰਕਾ) ਨੇ ਕੀਤੀ ਹੈ ਕਿ 26% ਐਲੋਕੇਸ਼ਨ ਲਈ ਉਸ ਨੂੰ ਕਟੋਰਾ ਲੈ ਕੇ ਨਾ ਤੁਰਨਾ ਪਵੇ, ਭਾਵੇਂ ਐਸ.ਸੀ. ਸਕਾਲਰਸ਼ਿਪ ਵਾਸਤੇ, ਪੈਨਸ਼ਨ ਵਾਸਤੇ, ਸ਼ਗਨ ਸਕੀਮ ਵਾਸਤੇ, ਆਟਾ-ਦਾਲ ਵਾਸਤੇ, ਇਹ ਉਸ ਦਾ ਹੱਕ ਹੈ ਜਿਹੜਾ ਬਾਬਾ ਸਾਹਿਬ ਨੇ ਦਿੱਤਾ ਸੀ ਅਤੇ ਅਸੀਂ ਖੋਹਣ ਦਾ ਕੰਮ ਕਰ ਰਹੇ ਹਾਂ। ਮੈਂ ਇੱਕ ਗੱਲ ਵਾਸਤੇ ਵਧਾਈ ਦੇਣੀ ਚਾਹੁੰਦਾ ਹਾਂ, ਇੱਕ ਬੰਦੇ ਨੇ ਇਸ ਹਾਊਸ ਵਿੱਚ ਦਲੇਰੀ ਨਾਲ ਗੱਲ ਕੀਤੀ ਹੈ, ਧਰਮਸੋਤ ਜੀ (ਸਰਦਾਰ ਸਾਧੂ ਸਿੰਘ, ਸਮਾਜਿਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ) ਮੈਂ ਤੁਹਾਨੂੰ ਇਸ ਵਾਸਤੇ ਵਧਾਈ ਦਿੰਦਾ ਹਾਂ। ਬਾਬਾ ਸਾਹਿਬ ਜੀ ਦੇ ਪ੍ਰੋਗਰਾਮ ਤੇ ਤੁਸੀਂ ਜਲੰਧਰ ਗਏ ਸੀ, ਮੇਰਾ ਵੀਰ ਰਿੰਕੂ (ਸ਼੍ਰੀ ਸੁਸ਼ੀਲ ਕੁਮਾਰ ਰਿੰਕੂ) ਵੀ ਉਥੇ ਸੀ। ਇਸ ਨੇ ਤੁਹਾਨੂੰ ਗੱਲ ਯਾਦ ਕਰਵਾਈ ਅਤੇ ਤੁਸੀਂ ਠੋਕ ਕੇ ਬਿਆਨ ਦਿੱਤਾ ਸੀ, ਜੋ ਮੈਂ ਆਪ ਅਖਬਾਰ ਵਿੱਚ ਪੜ੍ਹਿਆ ਸੀ, ਇਹ ਅੰਗਰੇਜ਼ੀ ਅਖਬਾਰ ਦੀਆਂ ਸੁਰਖੀਆਂ ਬਣਿਆ ਸੀ। ਇਨ੍ਹਾਂ ਨੇ ਕਿਹਾ ਕਿ ਮੈਂ ਤਾਂ ਦਲਿਤ ਭਾਈਚਾਰੇ ਲਈ ਬਹੁਤ ਕੁਝ ਕਰਨਾ ਚਾਹੁੰਦਾ ਹਾਂ, 85ਵੀਂ ਅਮੈਂਡਮੈਂਟ ਵੀ ਲਿਆਉਣਾ ਚਾਹੁੰਦਾ ਹਾਂ ਮਗਰ ਮੇਰੇ ਕੁਝ ਸਾਥੀ ਵਜ਼ੀਰ ਹਨ, ਜਿਹੜੇ ਇਸ ਨੂੰ ਕਰਨ ਨਹੀਂ ਦਿੰਦੇ। ਅੱਜ ਤੁਸੀਂ ਬੋਲੋਗੇ, ਅੱਜ ਵਜ਼ੀਰ ਵੱਲ ਧਿਆਨ ਨਾ ਜਾਵੇ, ਅੱਜ ਬਾਬਾ ਸਾਹਿਬ ਵੱਲ ਧਿਆਨ ਜਾਵੇ, ਉਨ੍ਹਾਂ ਦਾ ਨਾਂ ਨਸ਼ਰ ਕਰਿਓ ਜਿਹੜੇ ਤੁਹਾਨੂੰ ਗਰੀਬਾਂ ਦੇ, ਮਜ਼ਲੂਮਾਂ ਦੇ, ਬੇਜ਼ੁਬਾਨਿਆਂ ਦੇ ਹੱਕ ਦੇਣ ਤੋਂ ਰੋਕਦੇ ਹਨ। ਮੈਂ ਆਸ ਕਰਦਾ ਹਾਂ ਅਤੇ ਮੈਨੂੰ ਪਤਾ ਹੈ ਕਿ ਧਰਮਸੋਤ ਸਾਹਿਬ ਜਰਨੈਲ ਬੰਦੇ ਹਨ। *(ਹਾਸਾ)* ਮੈਂ ਜਾਣਦਾ ਹਾਂ ਕਿ ਜਿਹੜੇ ਹੱਸਦੇ ਹਨ ਇਹ ਉਦੋਂ ਵੀ ਹੱਸੇ ਹੋਣੇ, ਜਦੋਂ 85ਵੀਂ ਅਮੈਂਡਮੈਂਟ ਦੀ ਗੱਲ ਹੋਈ ਹੋਵੇਗੀ ਮਗਰ ਮੈਂ ਅੱਜ ਆਸ ਕਰਦਾ ਹਾਂ ਕਿ ਅੱਜ ਫੈਸਲਾ ਕਰਕੇ ਪਰ੍ਹਾਂ ਮਾਰਿਓ, ਜੇਕਰ ਫੈਸਲਾ ਨਹੀਂ ਕਰਦੇ, ਫੇਰ ਮੈਂ ਆਸ ਰੱਖਾਂਗਾ ਕਿ ਅਸਤੀਫਾ ਦੇ ਕੇ ਜਾਓਗੇ।(ਵਿਘਨ...ਸ਼ੋਰ) ਤੁਸੀਂ ਬਾਬਾ ਸਾਹਿਬ ਦੇ ਹੱਕ ਦੀ ਗੱਲ ਕਰੋਗੇ, ਉਸ ਤੋਂ ਉਲਟ ਗੱਲ ਨਹੀਂ ਕਰੋਗੇ। ਅਖੀਰਲੀ ਗੱਲ...

**ਮਾਨਯੋਗ ਸਪੀਕਰ** : ਹੋ ਗਿਆ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਸਪੀਕਰ ਸਾਹਿਬ, ਮੈਂ ਅਖੀਰਲੀ ਗੱਲ ਤੇ ਆਉਂਦਾ ਹਾਂ। ਪਾਣੀਆਂ ਦੀ ਗੱਲ ਹੋਈ ਹੈ, ਇੱਥੇ ਐਜੂਕੇਸ਼ਨ ਦੀ ਗੱਲ ਹੋਈ, ਇੱਥੇ ਹੈਲਥ ਦੀ ਗੱਲ ਹੋਈ, ਇੱਥੇ budgtary allocation ਦੀ ਗੱਲ ਹੋਈ। ਸਪੀਕਰ ਸਾਹਿਬ, ਜਦੋਂ ਆਪਾਂ ਸਹੁੰ ਚੁੱਕਦੇ ਹਾਂ, ਮੈਂ ਤੁਹਾਨੂੰ ਪੜ੍ਹ ਦੇ ਦੱਸ ਦਿੰਦਾ ਹਾਂ। ਥੋੜ੍ਹਾ ਜਿਹਾ ਪੜ੍ਹ ਦਿਆਂ ਕਿ ਸਾਰਾ ਪੜ੍ਹਾਂ? ਸਾਰਾ ਪੜ੍ਹ ਦਿੰਦਾ ਹਾਂ। ਤੁਸੀਂ ਆਪਣੇ ਕੋਲ ਉੱਪਰ ਨਾਂ ਲੈ ਕੇ ਬੁਲਾਉਂਦੇ ਹੁੰਦੇ ਹੋ, ਜੋ ਪੰਜਾਬ ਵਿਧਾਨ ਸਭਾ ਲਈ ਮੈਂਬਰ ਚੁਣਿਆ ਗਿਆ ਹੈ, ਈਸ਼ਵਰ ਦੀ ਸਹੁੰ ਚੁੱਕਦਾ ਹਾਂ ਕਿ ਮੈਂ ਕਾਨੂੰਨ ਦੁਆਰਾ ਸਥਾਪਿਤ ਭਾਰਤ ਦੇ ਸੰਵਿਧਾਨ ਦੇ ਪ੍ਰਤੀ ਸੱਚੀ ਸ਼ਰਧਾ ਅਤੇ ਨਿਸ਼ਠਾ ਰੱਖਾਂਗਾ। ਮੈਂ ਭਾਰਤ ਦੀ ਪ੍ਰਭੂਤਾ ਅਤੇ ਅਖੰਡਤਾ ਨੂੰ ਬਰਕਰਾਰ ਰੱਖਾਂਗਾ ਅਤੇ ਜਿਸ ਕਰਤੱਵ ਨੂੰ ਮੈਂ ਸੰਭਾਲਣ

ਵਾਲਾ ਹਾਂ, ਉਸ ਨੂੰ ਵਫਾਦਾਰੀ ਨਾਲ ਨਿਭਾਵਾਂਗਾ।(ਸਰਦਾਰ ਇੰਦਰਬੀਰ ਸਿੰਘ ਬੁਲਾਰੀਆ ਵਲੋਂ ਵਿਘਨ...) ਇਹ ਜਿਹੜੇ ਨਵੇਂ ਨਵੇਂ ਐਡਵਾਈਜ਼ਰ ਲੱਗੇ ਹਨ, ਮੈਂ ਇਨ੍ਹਾਂ ਬਾਰੇ ਕੁਝ ਨਹੀਂ ਕਹਿਣਾ।

**ਮਾਨਯੋਗ ਸਪੀਕਰ** : ਤੁਸੀਂ ਆਪਣੀ ਗੱਲ ਕਰੋ।(ਵਿਘਨ...ਸ਼ੋਰ) ਤੁਸੀਂ ਇੱਧਰ ਗੱਲ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਮੇਰੀ ਬੇਨਤੀ ਸੁਣੋ, ਇਹ ਵੀ ਸੰਵਿਧਾਨ ਦਾ ਘਾਣ ਹੋ ਰਿਹਾ ਹੈ। ਸੰਵਿਧਾਨ ਵਿੱਚ 15% ਐਮ.ਐਲ.ਏਜ਼....(ਵਿਘਨ...ਸ਼ੋਰ)

**ਮਾਨਯੋਗ ਸਪੀਕਰ** : ਇਨ੍ਹਾਂ ਨੂੰ ਗੱਲ ਕਰ ਲੈਣ ਦਿਓ।(ਵਿਘਨ...ਸ਼ੋਰ) ਗੱਲ ਮੁੱਕਣ ਲੱਗੀ ਹੈ, ਮੁੱਕ ਲੈਣ ਦਿਓ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਸਪੀਕਰ ਸਾਹਿਬ....

**ਮਾਨਯੋਗ ਸਪੀਕਰ** : ਚੰਨੀ ਜੀ, ਬੋਲੋ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਸਪੀਕਰ ਸਾਹਿਬ, ਜਦੋਂ ਮੈਂ ਗੱਲ ਕਰ ਰਿਹਾ ਸੀ, ਉਦੋਂ ਇਹ ਕਹਿਣ ਲੱਗੇ ਕਿ ਸੰਵਿਧਾਨ ਦੀ ਗੱਲ ਹੈ, ਅੱਜ ਨੁਕਤਾਚੀਨੀ ਤੇ ਕਿਉਂ ਆ ਗਏ? (ਵਿਘਨ...ਸ਼ੋਰ) ਮੈਂ ਅੱਜ ਗੱਲ ਸੰਵਿਧਾਨ ਦੀ ਕੀਤੀ, ਮੈਂ ਹਰ ਗੱਲ ਸੰਵਿਧਾਨ ਦੀ ਕੀਤੀ, ਉਦੋਂ ਇਨ੍ਹਾਂ ਦੇ ਇਹ ਯਾਦ ਨਹੀਂ ਆਇਆ ਕਿ ਇਹ ਵੀ ਅਕਾਲੀ ਦਲ ਤੋਂ ਪਹਿਲਾਂ ਕਾਂਗਰਸੀ ਪਰਿਵਾਰ ਸਨ। ਇਨ੍ਹਾਂ ਨੂੰ ਉਦੋਂ ਯਾਦ ਨਹੀਂ ਆਇਆ ਕਿ ਇਹ ਵੀ ਕਾਂਗਰਸ ਵਿਚੋਂ ਆਏ ਹਨ। ਉਦੋਂ ਇਹ ਯਾਦ ਨਹੀਂ ਆਇਆ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਪਹਿਲਾਂ ਕਾਂਗਰਸ ਵਿਚੋਂ ਐਮ.ਐਲ.ਏ ਬਣੇ ਸਨ।

**ਮਾਨਯੋਗ ਸਪੀਕਰ** : ਚਲੋ, ਗੱਲ ਹੋ ਗਈ।

**ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਮੰਤਰੀ** : ਮੈਂ ਇਨ੍ਹਾਂ ਨੂੰ ਇਹ ਕਹਿਣਾ ਚਾਹੁੰਦਾ ਹਾਂ ਕਿ ਜਾਂ ਤਾਂ ਖੁੱਲ੍ਹੀ ਬਹਿਸ ਕਰ ਲਓ....(ਵਿਘਨ...ਸ਼ੋਰ)

**ਮਾਨਯੋਗ ਸਪੀਕਰ** : ਮਜੀਠੀਆ ਸਾਹਿਬ, ਗੱਲ ਨਿਬੇੜੋ।

**ਸਰਦਾਰ ਬਿਕਰਮ ਸਿੰਘ ਮਜੀਠੀਆ** : ਹਾਂ ਜੀ, ਨਿੱਬੜ ਗਈ। *ਗੱਲ ਮੁੱਕੀ ਨਾ ਸੱਜਣ ਨਾਲ ਮੇਰੀ, ਰੱਬਾ ਵੇ ਤੇਰੀ ਰਾਤ ਮੁੱਕ ਗਈ।* ਮੈਂ ਆਪਣੇ ਵੀਰ ਨੂੰ ਇਸ ਗੱਲ ਦੀ ਵਧਾਈ ਦਿੰਦਾ ਹਾਂ, ਇਸ ਦਾ ਗੁੱਸਾ ਮੇਰੇ ਨਾਲ ਜਾਇਜ਼ ਸੀ ਕਿਉਂਕਿ ਅਗਲੇ ਨੇ ਇੰਨੇ ਪਿਆਰ ਨਾਲ ਭੰਗੜਾ ਪਾਇਆ ਹੋਵੇ....*(ਹਾਸਾ)*

**ਮਾਨਯੋਗ ਸਪੀਕਰ :** ਇਨ੍ਹਾਂ ਗੱਲਾਂ ਨੂੰ ਹੁਣ ਛੱਡੋ, ਛੱਡੋ ਇਨ੍ਹਾਂ ਗੱਲਾਂ ਨੂੰ। (ਵਿਘਨ) (ਸ਼ੋਰ)

(ਇਸ ਸਮੇਂ ਸਰਦਾਰ ਬਿਕਰਮ ਸਿੰਘ ਮਜੀਠੀਆ ਅਤੇ ਤਕਨੀਕੀ ਸਿੱਖਿਆ ਮੰਤਰੀ, ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਇੱਕ ਦੂਜੇ ਨਾਲ ਬਹਿਸਬਾਜ਼ੀ ਕਰ ਰਹੇ ਸਨ, ਜਿਸ ਕਾਰਨ ਸਦਨ ਵਿੱਚ ਬਹੁਤ ਸ਼ੋਰ ਸੀ ਅਤੇ ਕੁੱਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸਰਦਾਰ ਬਿਕਰਮ ਸਿੰਘ ਮਜੀਠੀਆ:** ਮੇਰੀ ਲਾਸਟ ਗੱਲ ਰਹਿ ਗਈ ਜੀ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ:** ਬੈਠ ਜਾਓ ਹੁਣ, ਬੈਠ ਜਾਓ। (ਵਿਘਨ)(ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ, ਸਰਦਾਰ ਹਰਪਾਲ ਸਿੰਘ ਚੀਮਾ ਸਮੇਤ ਆਮ ਆਦਮੀ ਪਾਰਟੀ ਦੇ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਸਰਦਾਰ ਹਰਪਾਲ ਸਿੰਘ ਚੀਮਾ ਜੀ.... (ਵਿਘਨ)(ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ....(ਵਿਘਨ)(ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੈਂ ਗੱਲ ਮੁਕਾ ਦਿੰਦਾ ਹਾਂ ਜੀ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਨਹੀਂ ਜੀ, ਬਿਲਕੁਲ ਨਹੀਂ, ਤੁਹਾਡਾ ਟਾਈਮ ਹੋ ਗਿਆ।

**ਮਾਨਯੋਗ ਸਪੀਕਰ :** (ਸਰਦਾਰ ਹਰਪਾਲ ਸਿੰਘ ਚੀਮਾ ਨੂੰ ਸੰਬੋਧਨ ਕਰਦੇ ਹੋਏ) ਤੁਹਾਡੇ ਆਮ ਆਦਮੀ ਪਾਰਟੀ ਦੇ ਪੰਜ ਮੈਂਬਰਜ਼ ਬੋਲ ਲਏ ਹਨ। (ਵਿਘਨ)(ਸ਼ੋਰ) (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਹੁਣ ਤੁਹਾਡਾ ਲਾਸਟ ਸਪੀਕਰ ਹੈ। (ਵਿਘਨ)(ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਸਪੀਕਰ ਸਾਹਿਬ, ਦੋ ਮਿੰਟ।

**ਮਾਨਯੋਗ ਸਪੀਕਰ :** ਨਹੀਂ ਜੀ, ਨਹੀਂ ਜੀ, ਬਿਲਕੁਲ ਨਹੀਂ ਜੀ।ਚੀਮਾ ਸਾਹਿਬ, ਨਹੀਂ ਜੀ।ਇਹ ਨਹੀਂ ਹੋਏਗਾ।ਚੀਮਾ ਸਾਹਿਬ, ਤੁਹਾਡੇ ਪੰਜ ਮੈਂਬਰ ਬੋਲ ਲਏ ਹਨ। (ਵਿਘਨ)(ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਇਕ ਮਿੰਟ ਦੇ ਦਿਓ ਜੀ।

**ਮਾਨਯੋਗ ਸਪੀਕਰ :** ਨਹੀਂ ਜੀ, ਨਹੀਂ ਹੋਏਗਾ। (ਵਿਘਨ)(ਸ਼ੋਰ)

**ਸਰਦਾਰ ਹਰਪਾਲ ਸਿੰਘ ਚੀਮਾ :** ਸਪੀਕਰ ਸਾਹਿਬ, ਕੇਵਲ ਸਰਦਾਰ ਜੈ ਕ੍ਰਿਸ਼ਨ ਸਿੰਘ ਰੋੜੀ ਜੀ ਨੂੰ ਬੋਲ ਲੈਣ ਦਿਉ।(ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਚਲੋ ਠੀਕ ਹੈ, ਰੋੜੀ ਸਾਹਿਬ, ਬੋਲੋ।ਬਾਕੀ ਬੈਠ ਜਾਓ ਜੀ, ਰੋੜੀ ਜੀ, ਬੋਲੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ ਤੇ ਖੜ੍ਹੇ ਹੋ ਕੇ ਲਗਾਤਾਰ ਆਪਣੀ ਗੱਲ ਮੁਕੰਮਲ ਕਰ ਲੈਣ ਦੀ ਬੇਨਤੀ ਕਰ ਰਹੇ ਸਨ।)

**ਸਰਦਾਰ ਜੈ ਕ੍ਰਿਸ਼ਨ ਸਿੰਘ :** ਬੋਲ ਲੈਣ ਦਿਓ, ਬੋਲ ਲੈਣ ਦਿਓ।(ਸਰਦਾਰ ਬਿਕਰਮ ਸਿੰਘ ਮਜੀਠੀਆ ਵੱਲ ਇਸ਼ਾਰਾ) ਸਪੀਕਰ ਸਾਹਿਬ, ਇਨ੍ਹਾਂ ਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਓ। (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਚਲੋ ਠੀਕ ਹੈ, ਮਜੀਠੀਆ ਜੀ, ਵਾਈਂਡ ਅੱਪ ਕਰ ਦਿਓ ਜੀ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਤੁਹਾਨੂੰ ਵਧਾਈ ਦਿੰਦਾ ਹਾਂ। (ਵਿਘਨ...ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਬੀਰ ਸਿੰਘ ਜ਼ੀਰਾ ਆਪਣੀ ਸੀਟ ਤੋਂ ਉੱਠ ਕੇ ਸਹਿਕਾਰਤਾ ਮੰਤਰੀ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਦੀ ਸੀਟ ਤੋਂ ਮਾਨਯੋਗ ਸਪੀਕਰ ਸਾਹਿਬ ਨੂੰ ਸਰਦਾਰ ਬਿਕਰਮ ਸਿੰਘ ਮਜੀਠੀਆ ਦਾ ਮਾਈਕ ਬੰਦ ਕਰਨ ਲਈ ਕਹਿ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਬੈਠ ਜਾਓ (ਸਰਦਾਰ ਕੁਲਬੀਰ ਸਿੰਘ ਜ਼ੀਰਾ ਨੂੰ ਸੰਬੋਧਨ ਕਰਦੇ ਹੋਏ)। ਮਜੀਠੀਆ ਜੀ, ਤੁਸੀਂ ਵਾਈਂਡ ਅੱਪ ਕਰੋ।(ਵਿਘਨ..ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਤੁਹਾਨੂੰ ਵਧਾਈ ਦਿੰਦਾ ਹਾਂ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਵਾਈਂਡ ਅੱਪ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਗੱਲ ਤਾਂ ਸੁਣੋ।

**ਮਾਨਯੋਗ ਸਪੀਕਰ :** ਵਾਈਂਡ ਅੱਪ ਕਰੋ, ਵਾਈਂਡ ਅੱਪ ਕਰੋ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਕ ਮਿੰਟ ਮੇਰੀ ਗੱਲ ਤਾਂ ਸੁਣੋ।

**ਮਾਨਯੋਗ ਸਪੀਕਰ:** ਬੋਲੋ, ਬੋਲੋ। (ਵਿਘਨ..ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੈਂ ਤੁਹਾਨੂੰ ਵਧਾਈ ਦਿੰਦਾ ਹਾਂ, ਤੁਹਾਡਾ ਧੰਨਵਾਦ ਕਰਦਾ ਹਾਂ ਅਤੇ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜਿਹੜੀ ਸੁਜੈਸ਼ਨ...

(ਇਸ ਸਮੇਂ ਸਹਿਕਾਰਤਾ ਮੰਤਰੀ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਬੀਰ ਸਿੰਘ ਜ਼ੀਰਾ (ਸਹਿਕਾਰਤਾ ਮੰਤਰੀ ਜੀ ਦੀ ਸੀਟ ਤੋਂ ਬੋਲਦੇ ਹੋਏ) ਲਗਾਤਾਰ ਮਾਨਯੋਗ ਸਪੀਕਰ ਸਾਹਿਬ ਨੂੰ ਸਰਦਾਰ ਬਿਕਰਮ ਸਿੰਘ ਮਜੀਠੀਆ ਦਾ ਮਾਈਕ ਬੰਦ ਕਰਨ ਲਈ ਕਹਿ ਰਹੇ ਸਨ।)

**ਮਾਨਯੋਗ ਸਪੀਕਰ:** ਬੈਠ ਜਾਓ, ਹੁਣ ਬੈਠ ਜਾਓ। ਬੋਲੋ ਜੀ, ਰੋੜੀ ਸਾਹਿਬ। (ਵਿਘਨ..ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਗੱਲ ਤਾਂ ਮੁੱਕ ਲੈਣ ਦਿਓ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਬੈਠ ਜਾਓ, ਹੁਣ ਬੈਠ ਜਾਓ।

Under Print
Not for Legal/Official use

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੈਂ ਵਾਈਂਡ ਅੱਪ ਕਰਨ ਲੱਗਿਆ ਹਾਂ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ:** ਰੋੜੀ ਜੀ, ਰੋੜੀ ਜੀ, ਸਰਦਾਰ ਜੈ ਕ੍ਰਿਸ਼ਨ ਰੋੜੀ ਜੀ ਬੋਲਣਗੇ। ਬਹਿ ਜਾਓ, ਹੁਣ ਬੈਠ ਜਾਓ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਮੈਂ ਵਾਈਂਡ ਅੱਪ ਕਰਨ ਲੱਗਿਆ ਹਾਂ। (ਵਿਘਨ..ਸ਼ੋਰ)

(ਇਸ ਸਮੇਂ ਸਹਿਕਾਰਤਾ ਮੰਤਰੀ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਬੀਰ ਸਿੰਘ ਜ਼ੀਰਾ (ਸਹਿਕਾਰਤਾ ਮੰਤਰੀ ਜੀ ਦੀ ਸੀਟ ਤੋਂ ਬੋਲਦੇ ਹੋਏ) ਲਗਾਤਾਰ ਮਾਨਯੋਗ ਸਪੀਕਰ ਸਾਹਿਬ ਨੂੰ ਸਰਦਾਰ ਬਿਕਰਮ ਸਿੰਘ ਮਜੀਠੀਆ ਦਾ ਮਾਈਕ ਬੰਦ ਕਰਨ ਲਈ ਕਹਿ ਰਹੇ ਸਨ।)

**ਮਾਨਯੋਗ ਸਪੀਕਰ:** ਬੈਠ ਜਾਓ, ਇਹ ਮੇਰਾ ਕੰਮ ਹੈ, ਇਹ ਤੁਹਾਡਾ ਕੰਮ ਥੋੜ੍ਹਾ ਹੈ? ਹਾਂ ਜੀ, ਜੈ ਕਿਸ਼ਨ ਰੋੜੀ ਜੀ।

**ਸਰਦਾਰ ਜੈ ਕਿਸ਼ਨ ਸਿੰਘ ਰੋੜੀ:** ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਬੋਲਣ ਦਾ ਮੌਕਾ ਦਿੱਤਾ ਹੈ। ਅੱਜ ਸੰਵਿਧਾਨ ਦਿਵਸ ਮਨਾਇਆ ਜਾ ਰਿਹਾ ਹੈ। (ਵਿਘਨ..ਸ਼ੋਰ)

(ਇਸ ਸਮੇਂ ਸਹਿਕਾਰਤਾ ਮੰਤਰੀ ਸਰਦਾਰ ਸੁਖਜਿੰਦਰ ਸਿੰਘ ਰੰਧਾਵਾ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਬੀਰ ਸਿੰਘ ਜ਼ੀਰਾ (ਸਹਿਕਾਰਤਾ ਮੰਤਰੀ ਜੀ ਦੀ ਸੀਟ ਤੋਂ ਬੋਲਦੇ ਹੋਏ) ਲਗਾਤਾਰ ਮਾਨਯੋਗ ਸਪੀਕਰ ਸਾਹਿਬ ਨੂੰ ਸਰਦਾਰ ਬਿਕਰਮ ਸਿੰਘ ਮਜੀਠੀਆ ਦਾ ਮਾਈਕ ਬੰਦ ਕਰਨ ਲਈ ਕਹਿ ਰਹੇ ਸਨ।ਇਸ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਦੇ ਵੀ ਕੁਝ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਰਦਾਰ ਬਿਕਰਮ ਸਿੰਘ ਮਜੀਠੀਆ ਨੂੰ ਆਪਣੀ ਗੱਲ ਮੁਕੰਮਲ ਕਰਨ ਦਾ ਮੌਕਾ ਦੇਣ ਲਈ ਮਾਨਯੋਗ ਸਪੀਕਰ ਸਾਹਿਬ ਨੂੰ ਬੇਨਤੀ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਬਹਿ ਜਾਓ, ਹੁਣ ਬੈਠ ਜਾਓ। (ਵਿਘਨ..ਸ਼ੋਰ)

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਭ ਤੋਂ ਪਹਿਲਾਂ ਮੈਂ ਬਾਬਾ ਸਾਹਿਬ ਨੂੰ ਸਿਰ ਝੁਕਾ ਕੇ ਨਮਨ ਕਰਦਾ ਹਾਂ। (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਇਕ ਮਿੰਟ ਜੀ, ਇਕ ਮਿੰਟ, ਰੋੜੀ ਸਾਹਿਬ, ਇਕ ਮਿੰਟ ਜੀ। (ਸ਼੍ਰੋਮਣੀ ਅਕਾਲੀ ਦਲ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ) ਮੇਰੀ ਪ੍ਰਾਰਥਨਾ ਸੁਣੋ। ਬਹੁਤ ਅੱਛਾ ਡਿਬੇਟ ਚੱਲਿਆ ਹੈ। ਸਾਰਿਆਂ ਨੇ ਬਹੁਤ ਅੱਛੀਆਂ ਗੱਲਾਂ ਕੀਤੀਆਂ ਹਨ। ਹੁਣ ਅਖੀਰ ਵਿੱਚ ਕੋਈ ਇਹੋ ਜਿਹੀ ਗੱਲ ਨਾ ਕਰੀਏ, ਜਿਸ ਨਾਲ ਵਾਤਾਵਰਨ ਖਰਾਬ ਹੋਵੇ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਗੱਲ ਤਾਂ ਪੂਰੀ ਹੋ ਲੈਣ ਦਿਓ।

**ਮਾਨਯੋਗ ਸਪੀਕਰ :** ਹੋ ਗਈ, ਤੁਸੀਂ ਜਿਹੜੀ ਗੱਲ ਕਹਿਣੀ ਸੀ, ਉਹ ਕਹਿ ਲਈ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਤੁਹਾਨੂੰ ਕੁਮਿੱਟਮੈਂਟ ਹੈ ਕਿ ਮੈਂ ਕੋਈ ਇਹੋ ਜਿਹੀ ਗੱਲ ਨਹੀਂ ਕਰਦਾ। (ਵਿਘਨ...ਸ਼ੋਰ)

**ਮਾਨਯੋਗ ਸਪੀਕਰ :** ਇਹੋ ਜਿਹੀ ਕੋਈ ਗੱਲ ਨਹੀਂ ਕਰਨੀ। (ਵਿਘਨ...ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਬਿਲਕੁਲ ਨਹੀਂ ਕਰਦਾ, ਮੇਰੀ ਲਾਸਟ ਗੱਲ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਰਦਾਰ ਕੁਲਬੀਰ ਸਿੰਘ ਜ਼ੀਰਾ (ਸਹਿਕਾਰਤਾ ਮੰਤਰੀ ਜੀ ਦੀ ਸੀਟ ਤੋਂ ਬੋਲਦੇ ਹੋਏ) ਮਾਨਯੋਗ ਸਪੀਕਰ ਸਾਹਿਬ ਨੂੰ ਸਰਦਾਰ ਬਿਕਰਮ ਸਿੰਘ ਮਜੀਠੀਆ ਦਾ ਮਾਈਕ ਬੰਦ ਕਰਨ ਵਾਰ-ਵਾਰ ਕਹਿ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਬੈਠੋ ਤਾਂ ਸਹੀ।ਇਸ ਤਰ੍ਹਾਂ ਨਾ ਕਰੋ, ** ** (ਵਿਘਨ...ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਸਾਰੇ ਹਾਊਸ ਦੀ ਭਾਵਨਾ ਨੂੰ ਧਿਆਨ ਵਿਚ ਰੱਖਦਿਆਂ ਬਾਬਾ ਸਾਹਿਬ ਡਾ. ਅੰਬੇਦਕਰ ਜੀ ਦਾ ਬੁੱਤ, ਉਨ੍ਹਾਂ ਦਾ ਪੋਰਟਰੇਟ ਸਦਨ ਵਿਚ ਲਗਾਉਣ ਦਾ ਅੱਜ ਐਲਾਨ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ।

**ਮਾਨਯੋਗ ਸਪੀਕਰ :** ਬੈਠੋ ਜੀ, ਹਾਂ ਜੀ, ਰੋੜੀ ਸਾਹਿਬ।(ਵਿਘਨ...ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਜਿਹੜੀ 1984 ਅਤੇ ਐਮਰਜੈਂਸੀ ਦੀ ਗੱਲ ਹੋਈ ਹੈ (ਵਿਘਨ..ਸ਼ੋਰ)

**ਮਾਨਯੋਗ ਸਪੀਕਰ :** ਇਨ੍ਹਾਂ ਦਾ ਮਾਈਕ ਬੰਦ ਕਰ ਦਿਉ ਜੀ। (ਸਰਦਾਰ ਬਿਕਰਮ ਸਿੰਘ ਮਜੀਠੀਆ ਦੇ ਮਾਈਕ ਵੱਲ ਇਸ਼ਾਰਾ) ਹਾਂ ਜੀ, ਰੋੜੀ ਸਾਹਿਬ, ਬੋਲੋ ਜੀ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਆਪ ਜੀ ਨੇ ਅੱਜ ਸੰਵਿਧਾਨ ਦਿਵਸ ਉਪਰ ਬੋਲਣ ਦਾ ਮੌਕਾ ਦਿੱਤਾ । ਮੈਂ ਅੱਜ ਜਦੋਂ ਪੰਜਾਬ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹ ਰਿਹਾ ਸੀ ਤਾਂ ਮੇਰਾ ਸਿਰ ਸ਼ਰਧਾ ਦੇ ਨਾਲ ਝੁਕਿਆ ਅਤੇ ਅੱਜ ਮੈਂ ਬਾਬਾ ਸਾਹਿਬ ਅੰਬੇਦਕਰ ਜੀ ਨੂੰ ਨਮਨ ਕਰਦਾ ਹਾਂ ਕਿ ਸਾਨੂੰ ਅੱਜ ਇਸ ਵਿਧਾਨ ਸਭਾ ਵਿੱਚ ਪਹੁੰਚਣ ਦਾ ਮੌਕਾ ਮਿਲਿਆ ਹੈ ਅਤੇ ਬਾਬਾ ਜੀ ਨੇ ਸਾਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਹੈ ਕਿਉਂਕਿ ਅੱਜ ਤੱਕ ਸਾਡੇ ਦੇਸ਼ ਵਿੱਚ, ਸਾਡੇ ਹਲਕੇ ਦੇ ਜਿਹੜੇ ਨੁਮਾਇੰਦੇ ਸੀ, ਉਹ ਰਾਣੀਆਂ ਦੇ

** Expunged as ordered by the Hon'ble Speaker.

ਪੇਟਾਂ ਵਿਚੋਂ ਜਨਮ ਲੈਂਦੇ ਹੁੰਦੇ ਸੀ ਪਰ ਜਦੋਂ ਬਾਬਾ ਸਾਹਿਬ ਨੇ ਸਾਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਤਾਂ ਸਾਡੇ ਵਰਗੇ ਆਮ ਇਨਸਾਨ, ਜੋ ਆਮ ਘਰਾਂ ਵਿੱਚ ਪੈਦਾ ਹੋਏ ਹਨ, ਉਹ ਵੀ ਆਪਣੇ ਹਲਕੇ ਦੀ ਅਵਾਜ਼ ਇੱਥੇ ਰੱਖ ਸਕਦੇ ਹਨ। ਪੰਜਾਬ ਦੀ ਵਿਧਾਨ ਸਭਾ ਦੇ ਵਿੱਚ ਬਾਬਾ ਸਾਹਿਬ ਅੰਬੇਦਕਰ ਜੀ ਦੀ ਫੋਟੋ ਲਗਾਉਣ ਦੀ ਜਿਹੜੀ ਅੱਜ ਗੱਲ ਹੋਈ ਹੈ, ਸਪੀਕਰ ਸਾਹਿਬ, ਮੈਂ ਉਸ 'ਤੇ ਸਿਰਫ ਇੱਕ ਮਿੰਟ ਲੈਣਾ ਚਾਹੁੰਦਾ ਹਾਂ ਕਿਉਂਕਿ ਜਿਹੜੀ ਫੋਟੋ ਦੀ ਗੱਲ ਹੈ, ਜਿਹੜੀ ਤਸਵੀਰ ਦੀ ਗੱਲ ਹੈ, ਕਿ ਜੋ ਲੋਕ ਖੁਦ ਨਹੀਂ ਵਿਕਦੇ, ਉਨ੍ਹਾਂ ਦੀਆਂ ਤਸਵੀਰਾਂ ਵਿਕਦੀਆਂ ਹਨ। ਬਾਬਾ ਸਾਹਿਬ ਜੀ ਦੀ ਤਸਵੀਰ ਵੱਲ ਜੇਕਰ ਅਸੀਂ ਧਿਆਨ ਦੇਈਏ, ਕਿਉਂਕਿ ਅੱਜ ਸਾਰਿਆਂ ਨੂੰ ਪਤਾ ਹੈ ਕਿ ਹਰ ਇੱਕ ਫੋਟੋ ਬੋਲਦੀ ਹੈ। ਜੇ ਉਨ੍ਹਾਂ ਦੀ ਅਸੀਂ ਤਸਵੀਰ ਦੇਖੀਏ ਤਾਂ ਉਨ੍ਹਾਂ ਨੇ ਦੇਸ਼ ਦੇ ਉਸ ਨਾਗਰਿਕ ਦੀ ਤਮੰਨਾ ਰੱਖੀ ਸੀ ਕਿ ਮੇਰੇ ਦੇਸ਼ ਦਾ ਨਾਗਰਿਕ ਉਨ੍ਹਾਂ ਦੇ ਵਾਂਗ ਸੂਟਿਡ ਬੂਟਿਡ ਹੋਵੇ, ਉਹ ਕੋਟ ਪੈਂਟ ਪਾਉਂਦਾ ਹੋਵੇ, ਉਹ ਐਜੂਕੇਸ਼ਨ ਲੈਂਦਾ ਹੋਵੇ, ਫੋਟੋ ਵਿਚ ਬਾਬਾ ਸਾਹਿਬ ਨੇ ਹੱਥ ਵਿਚ ਕਿਤਾਬ ਫੜੀ ਹੋਈ ਹੈ। ਬਾਬਾ ਸਾਹਿਬ ਦੀ ਫੋਟੋ ਜੇਕਰ ਗੌਰ ਨਾਲ ਦੇਖੀਏ ਤਾਂ ਉਨ੍ਹਾਂ ਦੀ ਉਂਗਲ ਇਸ ਵਿਧਾਨ ਸਭਾ ਵੱਲ ਨੂੰ ਹੈ। ਉਨ੍ਹਾਂ ਨੇ ਸੁਪਨਾ ਵੇਖਿਆ ਸੀ ਕਿ ਇਸ ਵਿਧਾਨ ਸਭਾ ਵਿਚ ਆ ਕੇ ਜਿਹੜੇ ਗਰੀਬ, ਪੱਛੜੇ, ਲਤਾੜੇ ਲੋਕ ਹਨ, ਉਹ ਆਪਣਾ ਬਰਾਬਰਤਾ ਦਾ ਹੱਕ ਲੈ ਸਕਣਗੇ ਪਰ ਤੁਸੀਂ ਕੁੱਝ ਮਿੰਟ ਪਹਿਲਾਂ ਹੀ ਇਥੇ ਜੋ ਦੇਖਿਆ ਹੈ, ਉਸ ਦਾ ਸੁਪਨਾ ਬਾਬਾ ਸਾਹਿਬ ਨੇ ਬਿਲਕੁਲ ਨਹੀਂ ਦੇਖਿਆ ਸੀ ਕਿ ਇਥੇ ਕਾਂਵਾਂ ਰੌਲੀ ਹੋਵੇ, ਮਿਹਣੋ-ਮਿਹਣੀ ਹੋਵੇ। ਸਪੀਕਰ ਸਾਹਿਬ, ਬਾਬਾ ਸਾਹਿਬ ਨੇ ਸਾਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ ਹੈ। ਦੋ ਲੱਖ ਵੋਟਾਂ ਲੈ ਕੇ ਲੋਕਾਂ ਦਾ ਚੁਣਿਆ ਹੋਇਆ ਨੁਮਾਇੰਦਾ ਐਮ.ਐਲ.ਏ., ਜਿਸ ਨੇ ਵਿਧਾਨ ਸਭਾ ਵਿਚ ਲੋਕਾਂ ਦੀ ਗੱਲ ਕਰਨੀ ਹੈ। ਸਰਕਾਰ ਭਾਵੇਂ ਸਾਹਮਣੇ ਵਾਲੇ ਵੀਰਾਂ ਦੀ ਹੋਵੇ ਜਾਂ ਇੱਧਰ ਬੈਠੇ ਵੀਰਾਂ ਦੀ ਹੋਵੇ, ਇਨ੍ਹਾਂ ਨੇ ਹਲਕਿਆਂ ਵਿਚ ਹਲਕਾ ਇੰਚਾਰਜ ਲਗਾ ਰੱਖੇ ਹਨ।ਉਨ੍ਹਾਂ ਵੱਲੋਂ ਐਮ.ਐਲ.ਏਜ਼ ਦੇ ਹੱਕ ਖੋਏ ਜਾ ਰਹੇ ਹਨ।ਇਹ ਸੰਵਿਧਾਨ ਦੀ ਬਹੁਤ ਵੱਡੀ ਉਲੰਘਣਾ ਹੈ। ਤੁਸੀਂ ਐਮ.ਐਲ.ਏ. ਦੀ ਗੱਲ ਛੱਡ ਦਿਓ, ਜਿਹੜੇ ਸਰਪੰਚ ਕਾਂਗਰਸ ਪਾਰਟੀ ਨਾਲ ਸਬੰਧਿਤ ਨਹੀਂ ਹਨ, ਉਨ੍ਹਾਂ ਸਰਪੰਚਾਂ ਦੀ ਜਗ੍ਹਾ ਅੱਜ ਪ੍ਰਬੰਧਕ ਲਗਾਏ ਜਾ ਰਹੇ ਹਨ।

**ਮਾਨਯੋਗ ਸਪੀਕਰ** : ਪ੍ਰਬੰਧਕਾਂ ਦੀਆਂ ਗੱਲਾਂ ਫੇਰ ਕਰ ਲੈਣਾ। No controversy, ਬੈਠੋ। ਚੀਮਾ ਜੀ, ਤੁਸੀਂ ਬੋਲੋ।

**ਸਰਦਾਰ ਜੈ ਕ੍ਰਿਸ਼ਨ ਸਿੰਘ** : ਸਪੀਕਰ ਸਾਹਿਬ, ਮੇਰੀ ਗੱਲ ਪੂਰੀ ਹੋਣ ਦਿਓ, ਆਖਰੀ ਗੱਲ ਹੈ। ਬਾਬਾ ਸਾਹਿਬ ਨੇ ਆਪਣੇ ਸੰਵਿਧਾਨ ਵਿਚ ਇਹ ਬਿਲਕੁਲ ਨਹੀਂ ਲਿਖਿਆ ਹੋਵੇਗਾ ਕਿ ਜੇਕਰ ਕੋਈ ਕਿਸੇ ਦੀ ਹੱਤਿਆ ਕਰ ਦੇਵੇ ਤੇ ਹੱਤਿਆ ਕਰਨ ਵਾਲੇ ਦੋ ਸਰਦਾਰ ਹੋਣ ਤਾਂ ਸਾਰੇ ਸਰਦਾਰਾਂ ਦਾ ਕਤਲੇਆਮ ਕੀਤਾ ਜਾਵੇ। 1984 ਦੇ ਵਿਚ ਸਭ ਤੋਂ ਪਹਿਲਾਂ ਘਰਾਂ ਦੇ ਰਾਸ਼ਨ ਕਾਰਡ ਚੈੱਕ ਕੀਤੇ ਗਏ ਕਿ ਕਿਸਦੇ ਨਾਮ ਦੇ ਪਿੱਛੇ ਸਿੰਘ ਲਗਦਾ ਹੈ, ਕਿਸ ਦੇ ਹੱਥ ਵਿਚ ਕੜਾ ਪਾਇਆ ਹੈ, ਕਿਸ ਨੇ ਦਸਤਾਰ ਸਜਾਈ ਹੈ, ਕਿਸ ਨੇ

Under Print
Not for Legal/Official use

ਕੇਸ ਰੱਖੇ ਹਨ, ਉਹ ਭਾਰਤ ਦੇ ਕਿਸੇ ਵੀ ਕੋਨੇ ਵਿਚ ਹੋਣ, ਉਨ੍ਹਾਂ ਦਾ ਜੋ ਸਰਕਾਰੀ ਕਤਲੇਆਮ ਹੋਇਆ ਹੈ, ਮੈਂ ਸਮਝਦਾ ਹਾਂ ਕਿ ਬਾਬਾ ਸਾਹਿਬ ਦੇ ਦਿੱਤੇ ਹੋਏ ਸੰਵਿਧਾਨ ਦੀ ਇਸ ਤੋਂ ਵੱਡੀ ਉਲੰਘਣਾ ਕਦੇ ਨਹੀਂ ਹੋਈ।

**ਮਾਨਯੋਗ ਸਪੀਕਰ :** ਤੁਹਾਡੀ ਗੱਲ ਹੋ ਗਈ, ਹਰ ਪਾਰਟੀ ਦਾ ਟਾਈਮ ਹੈ। ਚੀਮਾ ਜੀ, ਤੁਸੀਂ ਬੋਲੋ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਮੇਰੀ ਗੱਲ ਪੂਰੀ ਨਹੀਂ ਹੋਈ।

**ਮਾਨਯੋਗ ਸਪੀਕਰ :** ਚੀਮਾ ਜੀ, ਜੇਕਰ ਤੁਸੀਂ ਨਹੀਂ ਉੱਠੇ ਤਾਂ ਮੈਂ ਅੱਗੇ ਚੱਲ ਪੈਣਾ ਹੈ।

**ਸਰਦਾਰ ਜੈ ਕ੍ਰਿਸ਼ਨ ਸਿੰਘ :** ਸਪੀਕਰ ਸਾਹਿਬ, ਬਾਬਾ ਸਾਹਿਬ ਨੇ ਸੰਵਿਧਾਨ ਵਿਚ ਕਿਤੇ ਨਹੀਂ ਲਿਖਿਆ ਕਿ ਜਿਹੜਾ ਸਾਡਾ ਧਰਮ ਗ੍ਰੰਥ ਹੈ, ਜੋ ਸਰਬੱਤ ਦਾ ਭਲਾ ਮੰਗਦਾ ਹੈ, ਜਿਸ ਨੇ ਕਿਹਾ ਹੈ ਕਿ ਨਾਨਕ ਨਾਮ ਚੜ੍ਹਦੀ ਕਲਾ, ਤੇਰੇ ਭਾਣੇ ਸਰਬੱਤ ਦਾ ਭਲਾ। ਸਪੀਕਰ ਸਾਹਿਬ, ਉਸ ਪਵਿੱਤਰ ਧਰਮ ਗ੍ਰੰਥ ਨੂੰ ਗਲੀਆਂ ਦੇ ਵਿਚ ਰੋਲਿਆ ਗਿਆ ਤੇ ਅੱਜ ਤੱਕ ਉਸ ਦੇ ਕਾਤਲ ਫੜੇ ਨਹੀਂ ਗਏ। ਆਪਾਂ ਕਿਸ ਤਰ੍ਹਾਂ ਇਥੇ ਸੰਵਿਧਾਨ ਦੇ ਰਾਖੇ ਬਣੀ ਬੈਠੇ ਹਾਂ। (ਇਸ ਸਮੇਂ ਸਰਦਾਰ ਜੈ ਕ੍ਰਿਸ਼ਨ ਸਿੰਘ ਦਾ ਮਾਈਕ ਬੰਦ ਹੋ ਗਿਆ।)

**ਮਾਨਯੋਗ ਸਪੀਕਰ :** ਬੈਠੋ ਜੀ ਬੈਠੋ। ਹਰ ਪਾਰਟੀ ਦਾ ਟਾਈਮ ਹੈ। ਹਾਂ ਜੀ, ਚੀਮਾ ਸਾਹਿਬ।

**ਸਰਦਾਰ ਹਰਪਾਲ ਸਿੰਘ ਚੀਮਾ (ਦਿੜ੍ਹਬਾ, ਐਸ.ਸੀ.):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ ਕਿ ਤੁਸੀਂ ਮੈਨੂੰ ਅੱਜ ਸੰਵਿਧਾਨ ਦਿਵਸ ਤੇ ਬੋਲਣ ਦਾ ਮੌਕਾ ਦਿੱਤਾ ਹੈ। 26 ਨਵੰਬਰ, 1950 ਨੂੰ ਦੇਸ਼ ਵਿਚ ਸੰਵਿਧਾਨ ਲਾਗੂ ਹੋਇਆ ਤੇ ਸੰਵਿਧਾਨ ਲਾਗੂ ਹੋਏ ਨੂੰ 70 ਸਾਲ ਮੁਕੰਮਲ ਹੋ ਚੁੱਕੇ ਹਨ ਪਰ ਮੈਂ ਸਮਝਦਾ ਹਾਂ ਕਿ ਸਮੇਂ ਸਮੇਂ ਤੇ ਹਰ ਪਾਰਟੀ ਦੀ ਸਰਕਾਰ ਨੇ ਸੰਵਿਧਾਨ ਨੂੰ ਬਦਲਿਆ ਹੈ, ਤੋੜ-ਮਰੋੜ ਕੇ ਸੰਵਿਧਾਨ ਦੀਆਂ ਧਾਰਾਵਾਂ ਨੂੰ ਆਪਣੇ ਪੱਖ ਵਿਚ ਕਰਨ ਲਈ ਸੰਵਿਧਾਨ ਦਾ ਸੋਸ਼ਣ ਕੀਤਾ ਹੈ। ਇਹੀ ਕਾਰਨ ਹੈ ਕਿ ਅੱਜ ਸਾਡੇ ਦੇਸ਼ ਦਾ ਐਜੂਕੇਸ਼ਨ ਸਿਸਟਮ, ਹੈਲਥ ਸਿਸਟਮ ਸਾਰਾ ਕੁਝ ਤਬਾਹ ਹੋ ਰਿਹਾ ਹੈ। ਪਬਲਿਕ ਸੈਕਟਰ ਤਬਾਹ ਹੋ ਰਿਹਾ ਹੈ। ਲਗਾਤਾਰ ਇਨ੍ਹਾਂ ਤੇ ਹਮਲੇ ਹੋ ਰਹੇ ਹਨ, ਲਗਾਤਾਰ ਦੇਸ਼ ਵਿਚ ਸੰਵਿਧਾਨ ਨੂੰ ਤੋੜਿਆ ਜਾ ਰਿਹਾ ਹੈ। ਦੇਸ਼ ਦੇ ਸੰਵਿਧਾਨ ਦਾ ਭਗਵਾਂਕਰਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਦੇਸ਼ ਦੀਆਂ ਵੱਡੀਆਂ- ਵੱਡੀਆਂ ਸੰਵਿਧਾਨਕ ਸੰਸਥਾਵਾਂ ਦਾ ਸਿਆਸੀਕਰਨ ਕੀਤਾ ਜਾ ਰਿਹਾ ਹੈ, ਉਨ੍ਹਾਂ ਦਾ ਵੀ ਭਗਵਾਂਕਰਨ ਕੀਤਾ ਜਾ ਰਿਹਾ ਹੈ, ਇਹ ਬਹੁਤ ਵੱਡੀ ਚਿੰਤਾ ਦੀ ਗੱਲ ਹੈ। ਬਾਬਾ ਸਾਹਿਬ ਨੇ ਸੈਕੂਲਰਇਜ਼ਮ ਦਾ ਨਾਅਰਾ ਦਿੱਤਾ ਸੀ ਪਰ ਅੱਜ ਸਾਡਾ ਦੇਸ਼ ਸੈਕੂਲਰਇਜ਼ਮ ਤੋਂ ਭਟਕ ਰਿਹਾ ਹੈ। ਚਾਹੇ ਮਹਾਂਰਾਸ਼ਟਰ ਦੀ ਗੱਲ ਹੋਵੇ, ਹਰਿਆਣਾ ਦੀ ਗੱਲ ਹੋਵੇ, ਗੋਆ ਦੀ ਗੱਲ ਹੋਵੇ ਜਾਂ ਹੋਰ ਪ੍ਰਦੇਸ਼ਾਂ ਦੀ ਗੱਲ ਹੋਵੇ, ਸਾਰੇ ਪ੍ਰਦੇਸ਼ਾਂ ਵਿਚ ਕਿਤੇ ਨਾ ਕਿਤੇ ਗਵਰਨਰ ਰੂਪੀ ਸੰਸਥਾ ਨੂੰ ਤਹਿਸ ਨਹਿਸ ਕੀਤਾ ਜਾ ਰਿਹਾ ਹੈ। ਦੇਸ਼ ਦੀ ਸਰਵਉੱਚ ਅਦਾਲਤ ਦਾ ਵੀ ਭਗਵਾਂਕਰਨ ਹੋ ਰਿਹਾ ਹੈ। ਉਥੋਂ ਦੇ ਜੱਜਾਂ ਨੂੰ ਵੀ ਬੋਲਣਾ ਪੈ ਰਿਹਾ ਹੈ ਕਿ independence of judiciary ਤੇ ਹਮਲਾ ਹੋ ਰਿਹਾ ਹੈ। ਦੇਸ਼ ਦੇ ਇਤਿਹਾਸ ਵਿਚ ਪਹਿਲੀ ਵਾਰ ਹੋਇਆ ਹੈ ਕਿ ਦੇਸ਼ ਦੀ

ਸਰਵਉੱਚ ਅਦਾਲਤ ਦੇ ਚਾਰ ਸੀਨੀਅਰ ਮੋਸਟ ਜੱਜਾਂ ਨੂੰ ਪ੍ਰੈਸ ਕਾਨਫਰੰਸ ਕਰਨੀ ਪਈ, ਉਨ੍ਹਾਂ ਨੂੰ ਕਹਿਣਾ ਪਿਆ ਕਿ ਸਾਡੀ independence of judiciary ਤੇ ਹਮਲਾ ਹੋ ਰਿਹਾ ਹੈ। ਇੱਥੇ ਬਹੁਤ ਸਾਰੇ ਮੰਤਰੀ ਸਾਹਿਬਾਨ, ਚੰਨੀ ਜੀ, ਧਰਮਸੋਤ ਜੀ ਤੇ ਹੋਰ ਬੁਲਾਰਿਆਂ ਨੇ ਵਾਰ-ਵਾਰ ਗੱਲ ਕੀਤੀ ਹੈ ਕਿ 85ਵੀਂ ਸੋਧ ਪੰਜਾਬ ਵਿਚ ਲਾਗੂ ਨਹੀਂ ਹੋਈ। ਪੰਜਾਬ ਇਕੱਲਾ ਸੂਬਾ ਹੈ, ਜਿਥੇ ਸਭ ਤੋਂ ਵੱਧ ਐਸ.ਸੀ.ਭਾਈਚਾਰੇ ਦੀ ਵਸੋਂ ਹੈ ਅਤੇ ਬੜੇ ਅਫਸੋਸ ਦੀ ਗੱਲ ਹੈ ਕਿ ਇਸੇ ਸੂਬੇ ਦੇ ਵਿੱਚ 85ਵੀਂ ਸੋਧ ਲਾਗੂ ਨਹੀਂ ਹੋਈ। ਇਸ ਤੋਂ ਪਹਿਲਾਂ ਜਿਹੜੀ ਪੁਰਾਣੀ ਸਰਕਾਰ ਸੀ, ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਵੀ ਲਗਾਤਾਰ 10 ਸਾਲ ਰਾਜ ਕੀਤਾ। ਐਮ.ਨਾਗਰਾਜ ਦੀ ਜੱਜਮੈਂਟ ਵਿੱਚ ਕਿਹਾ ਗਿਆ ਸੀ ਕਿ ਕਮੇਟੀ ਬਣਾਓ ਕਿ ਐਸ.ਸੀ/ਐਸ.ਟੀ ਦੀ ਰਿਜ਼ਰਵੇਸ਼ਨ ਨੂੰ ਕਿਸ ਤਰ੍ਹਾਂ ਲਾਗੂ ਕਰਨਾ ਹੈ। ਬੜੇ ਅਫਸੋਸ ਦੀ ਗੱਲ ਹੈ ਕਿ ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਵੀ ਸੁਪਰੀਮ ਕੋਰਟ ਦਾ ਆਰਡਰ ਨਹੀਂ ਮੰਨਿਆ। 10 ਸਾਲ ਤੱਕ ਉਹ ਕਮੇਟੀ ਨਹੀਂ ਬਣੀ। ਰਿਜ਼ਰਵੇਸ਼ਨ 10 ਸਾਲ ਪਿੱਛੇ ਚਲੀ ਗਈ। ਮੇਰਾ ਕਹਿਣ ਦਾ ਭਾਵ ਹੈ ਕਿ ਚਾਹੇ ਸਰਕਾਰ ਕਾਂਗਰਸ ਪਾਰਟੀ ਦੀ ਹੋਵੇ ਜਾਂ ਅਕਾਲੀ ਦਲ ਦੀ ਹੋਵੇ, 85ਵੀਂ ਸੋਧ ਨੂੰ ਕਿਸੇ ਨੇ ਵੀ ਲਾਗੂ ਨਹੀਂ ਕੀਤਾ ਹੈ। ਤੁਸੀਂ ਹੈਰਾਨ ਹੋਵੋਂਗੇ ਕਿ ਪੰਜਾਬ ਦੇ ਵਿੱਚ ਜਿਹੜੇ ਐਸ.ਸੀ/ਐਸ.ਟੀ ਮੁਲਾਜ਼ਮ ਹਨ, ਉਹ ਲਗਭਗ 50 ਹਜ਼ਾਰ ਦੇ ਕਰੀਬ ਹਨ, ਉਹ 85ਵੀਂ ਸੋਧ ਲਾਗੂ ਨਾ ਹੋਣ ਕਾਰਨ ਪ੍ਰਮੋਸ਼ਨਾਂ ਤੋਂ ਵਾਂਝੇ ਰਹਿ ਗਏ ਹਨ ਅਤੇ ਉਨ੍ਹਾਂ ਦੀ ਲਗਾਤਾਰ ਰਿਟਾਇਰਮੈਂਟ ਹੋ ਰਹੀ ਹੈ। ਮੈਂ ਬਾਰ-ਬਾਰ ਇਹ ਗੱਲ ਕਹਿੰਦਾ ਹਾਂ ਕਿ ਅੱਜ ਵਿਧਾਨ ਸਭਾ ਦਾ ਹਾਊਸ ਮਤਾ ਪਾਸ ਕਰੇ ਕਿ 85ਵੀਂ ਸੋਧ ਲਾਗੂ ਕੀਤੀ ਜਾਵੇ। ਮੈਂ ਸਾਰੇ ਐਸ.ਸੀ/ਐਸ.ਟੀ. ਮੈਂਬਰ ਸਾਹਿਬਾਨ ਨੂੰ ਬੇਨਤੀ ਕਰਾਂਗਾ ਕਿ ਤੁਸੀਂ across the party line ਤਾਈਦ ਕਰੋ ਕਿ 85ਵੀਂ ਸੋਧ ਪੰਜਾਬ ਵਿੱਚ ਲਾਗੂ ਹੋਣੀ ਚਾਹੀਦੀ ਹੈ। ਪੰਜਾਬ ਦੇ ਵਿੱਚ ਹੀ ਐਸ.ਸੀ/ਐਸ.ਟੀ ਦੀ ਸਭ ਤੋਂ ਵੱਧ ਵਸੋਂ ਹੈ।ਬੜੇ ਅਫਸੋਸ ਦੀ ਗੱਲ ਹੈ, ਬੋਲਣ ਨੂੰ ਤਾਂ ਧਰਮਸੋਤ ਜੀ ਵੀ ਕਹਿ ਰਹੇ ਹਨ, ਚੰਨੀ ਜੀ ਵੀ ਕਹਿ ਰਹੇ ਹਨ, ਮੈਂ ਇਨ੍ਹਾਂ ਨੂੰ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਵਿੱਚ 85ਵੀਂ ਸੋਧ ਲਾਗੂ ਹੋਵੇ। ਵੇਰਕਾ ਜੀ ਵੀ ਕਾਫੀ learned ਹਨ, ਕਾਫੀ ਪੜ੍ਹੇ ਲਿਖੇ ਹਨ, ਇਸ ਗੱਲ ਤੇ ਉਹ ਕਾਫੀ ਜ਼ੋਰ ਦਿੰਦੇ ਹਨ, ਸਾਰੇ ਇਸ ਗੱਲ ਦੀ ਤਾਈਦ ਕਰੋ, ਵਿਧਾਨ ਸਭਾ ਵਿੱਚ ਮਤਾ ਪਾਸ ਕਰੋ ਕਿ 85ਵੀਂ ਸੋਧ ਲਾਗੂ ਹੋਵੇ। ਮੈਂ ਸਮਝਦਾ ਹਾਂ ਕਿ ਜਿਵੇਂ ਅੱਜ ਸੰਵਿਧਾਨ ਦਿਵਸ ਮਨਾਇਆ ਗਿਆ ਹੈ, ਆਉਣ ਵਾਲੇ ਸਮੇਂ ਵਿੱਚ ਵੀ ਮਨਾਉਂਦੇ ਰਹਾਂਗੇ। ਸਿਰਫ ਤੇ ਸਿਰਫ ਇਹ ਨਾ ਹੋਵੇ ਕਿ ਅੱਜ ਆਪਾਂ ਦਿਵਸ ਮਨਾ ਕੇ ਚਲੇ ਗਏ ਪਰ ਪਰਨਾਲਾ ਉਥੇ ਦਾ ਉਥੇ ਹੀ ਰਹੇ। ਸਪੀਕਰ ਸਾਹਿਬ, ਪੰਜਾਬ ਦੇ ਵਿੱਚ, ਹਿੰਦੁਸਤਾਨ ਦੇ ਵਿੱਚ, ਪ੍ਰੈੱਸ ਤੇ ਬਹੁਤ ਵੱਡੇ-ਵੱਡੇ ਹਮਲੇ ਹੋਏ। ਗੌਰੀ ਲੰਕੇਸ਼ ਦੀ ਵੱਡੀ ਉਦਾਹਰਣ ਹੈ। 1970 ਤੋਂ ਬਾਅਦ ਪ੍ਰੈੱਸ ਤੇ ਕਈ ਵਾਰ ਹਮਲੇ ਹੋਏ ਹਨ, ਚਾਹੇ 1984 ਦੀ ਵੀ ਗੱਲ ਆਈ ਹੈ, ਐਮਰਜੈਂਸੀ ਦੀ ਵੀ ਗੱਲ ਆਈ ਹੈ। ਜਦੋਂ ਵੀ ਕਦੇ ਦੇਸ਼ ਦੇ ਵਿੱਚ ਅਜਿਹਾ ਹੋਇਆ ਹੈ ਉਦੋਂ ਮੈਂ ਸਮਝਦਾ ਹਾਂ ਕਿ ਸੰਵਿਧਾਨ ਨੂੰ ਤੋੜਿਆ ਗਿਆ, ਸੰਵਿਧਾਨ ਨੂੰ ਮਰੋੜਿਆ ਗਿਆ, ਸੰਵਿਧਾਨ ਦੀ

ਦੁਰਵਰਤੋਂ ਕੀਤੀ ਗਈ ਹੈ , ਉਸ ਦਾ ਸਦਉਪਯੋਗ ਨਹੀਂ ਕੀਤਾ ਗਿਆ। ** ** ਚਾਹੇ ਜਗਮੇਲ ਦੀ ਗੱਲ ਆਈ ਹੈ, ਹੋਰ ਪੰਜਾਬ ਦੇ ਹਿੱਸਿਆਂ ਦੀ ਗੱਲ ਆਈ ਹੈ। ਜੇਕਰ ਅੱਜ 21ਵੀਂ ਸਦੀ ਦੇ ਵਿੱਚ ਵੀ ਦਲਿਤਾਂ ਤੇ ਹਮਲੇ ਹੋ ਰਹੇ ਹਨ, ਸੰਵਿਧਾਨ ਲਾਗੂ ਨਹੀਂ ਹੋ ਰਿਹਾ, ਇਸ ਤੋਂ ਮਾੜੀ ਕੋਈ ਗੱਲ ਨਹੀਂ ਹੋ ਸਕਦੀ, ਘਟੀਆ ਗੱਲ ਨਹੀਂ ਹੋ ਸਕਦੀ। ਜਗਮੇਲ ਦੀ ਵਾਰ- ਵਾਰ ਗੱਲ ਹੋ ਰਹੀ ਹੈ। ਮੇਰਾ ਇਲਾਕਾ ਹੈ, ਜਗਮੇਲ ਦਾ ਪਿੰਡ ਮੇਰੇ ਹਲਕੇ ਦੇ ਵਿੱਚ ਪੈਂਦਾ ਹੈ। ਉਸ ਨੌਜਵਾਨ ਨੂੰ ਬੁਰੀ ਤਰ੍ਹਾਂ ਕੁੱਟਿਆ ਗਿਆ, ਪਿੰਡ ਦੇ ਵਿੱਚ ਥਮਲੇ ਨਾਲ ਬੰਨ੍ਹ ਕੇ ਕੁੱਟਿਆ ਗਿਆ। ਸਪੀਕਰ ਸਾਹਿਬ, ਬੜੀ ਹੈਰਾਨੀ ਦੀ ਗੱਲ ਹੈ, ਉਹ ਵਿਅਕਤੀ ਮੈਡੀਕਲ ਸਹੂਲਤ ਲੈਣ ਲਈ ਹਸਪਤਾਲ ਵਿੱਚ ਗਿਆ, ਜਿਹੜਾ ਕਿ ਲਹਿਰਾਗਾਗਾ ਦੇ ਵਿੱਚ ਹੈ, ਉਥੋਂ ਦੇ ਹਲਕਾ ਇੰਚਾਰਜ ਸ਼੍ਰੀਮਤੀ ਰਜਿੰਦਰ ਕੌਰ ਭੱਠਲ ਜੀ ਹਨ। ਉਨ੍ਹਾਂ ਦਾ ਇੱਕ ਪੀ.ਏ. ਹੈ। ਉਸ ਨੇ ਜਾਣ-ਬੁੱਝ ਕੇ ਦੋ ਪੱਟੀਆਂ ਕਰਵਾ ਕੇ ਵਾਪਸ ਭੇਜ ਦਿੱਤਾ, ਜੇਕਰ ਉਸ ਨੌਜਵਾਨ ਨੂੰ ਮੈਡੀਕਲ ਸਹੂਲਤ ਸਹੀ ਤਰੀਕੇ ਦੇ ਨਾਲ, ਸਹੀ ਟਾਈਮ ਤੇ ਮਿਲ ਜਾਂਦੀ ਤਾਂ ਮੈਂ ਸਮਝਦਾ ਹਾਂ ਕਿ ਉਹ ਨੌਜਵਾਨ ਆਪਣੀ ਜਾਨ ਨਾ ਗੁਆਉਂਦਾ। ਲਗਾਤਾਰ 4 ਦਿਨ ਉਹ ਸੰਗਰੂਰ ਹਸਪਤਾਲ ਵਿੱਚ ਆਉਂਦਾ ਸੀ, ਕਦੇ ਲਹਿਰੇ ਜਾਂਦਾ ਸੀ, ਕਦੇ ਸੁਨਾਮ ਜਾਂਦਾ ਸੀ, ਉਹ ਲਗਾਤਾਰ ਭਟਕਦਾ ਰਿਹਾ। ਲੇਕਿਨ ਬੜੀ ਹੈਰਾਨੀ ਦੀ ਗੱਲ ਹੈ ਕਿ ਸਰਕਾਰ ਨੇ ਉਸ ਨੂੰ ਮੈਡੀਕਲ ਸਹੂਲਤ ਨਹੀਂ ਲੈਣ ਦਿੱਤੀ। ਉਸ ਨੂੰ ਮਰਨ ਲਈ ਮਜਬੂਰ ਕੀਤਾ ਗਿਆ। ਇਸੇ ਤਰ੍ਹਾਂ ਜਿਹੜਾ ਲਹਿਰਾਗਾਗਾ ਦਾ ਪੁਲਿਸ ਸਟੇਸ਼ਨ ਹੈ, ਆਪਾਂ ਕਾਨੂੰਨ ਦੀ ਗੱਲ ਕਰਦੇ ਹਾਂ, ਬੜੀ ਅਫਸੋਸ ਦੀ ਗੱਲ ਹੈ ਕਿ ਲਗਾਤਾਰ 07 ਤਾਰੀਕ ਤੋਂ ਲੈ ਕੇ 13 ਤਾਰੀਕ ਤੱਕ ਐਫ.ਆਈ.ਆਰ. ਨਹੀਂ ਕੱਟੀ ਗਈ। ਅਸੀਂ ਵਾਰ-ਵਾਰ ਜ਼ਿਕਰ ਕਰਦੇ ਹਾਂ ਕਿ ਸੰਵਿਧਾਨ ਲਾਗੂ ਕਰਨਾ ਹੈ, ਸੰਵਿਧਾਨ ਲਾਗੂ ਕਰਨਾ ਚਾਹੀਦਾ ਹੈ ਲੇਕਿਨ ਜਿਹੜੀ ਅੱਜ ਦੀ ਸਰਕਾਰ ਹੈ ਇਹ ਵੀ ਲਗਾਤਾਰ ਸੰਵਿਧਾਨ ਦੀਆਂ ਧਾਰਾਵਾਂ ਨੂੰ ਤੋੜ ਰਹੀ ਹੈ। ਸੋ, ਜਿਹੜੇ ਵੀ ਅਫਸਰ ਜ਼ਿੰਮੇਵਾਰ ਹਨ, ਤੁਰੰਤ ਉਨ੍ਹਾਂ ਦੇ ਖਿਲਾਫ ਐਕਸ਼ਨ ਹੋਣਾ ਚਾਹੀਦਾ ਹੈ। ਅਜੇ ਤੱਕ ਉਨ੍ਹਾਂ ਦੇ ਖਿਲਾਫ ਐਕਸ਼ਨ ਕਿਉਂ ਨਹੀਂ ਹੋਇਆ ਹੈ? ਕਿਉਂ ਡਾਕਟਰਾਂ ਦੇ ਖਿਲਾਫ ਐਕਸ਼ਨ ਨਹੀਂ ਹੋਇਆ ਹੈ? ਕਿਉਂ ਪੁਲਿਸ ਦੇ ਖਿਲਾਫ ਐਕਸ਼ਨ ਨਹੀਂ ਹੋਇਆ ਹੈ? ਸੋ, ਇੱਥੋਂ ਪਤਾ ਲਗਦਾ ਹੈ, ਜਿਵੇਂ ਕਿ ਰੋੜੀ ਜੀ ਨੇ ਕਿਹਾ ਕਿ ਹਾਲੇ ਵੀ ਜਿਹੜੇ ਹਲਕਾ ਇੰਚਾਰਜ ਹਨ, ਹਾਲਾਂਕਿ ਬੀਬੀ ਭੱਠਲ ਬੜੇ ਸਤਿਕਾਰਯੋਗ ਹਨ ਤੇ ਸਾਡੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਰਹੇ ਹਨ ਪਰ ਆਪਣੇ ਪਿੰਡ ਵਿੱਚ ਜਾ ਕੇ, ਆਪਣੇ ਕੁਨਬੇ ਨੂੰ, ਆਪਣੇ ਪਰਿਵਾਰ ਨੂੰ ਬਚਾਉਣ ਲਈ ਉਹ ਇਸ ਤਰ੍ਹਾਂ ਦੀਆਂ ਗੱਲਾਂ ਕਰ ਰਹੇ ਹਨ ਕਿਉਂਕਿ ਇਹ ਸਾਰੀ ਗੱਲ ਉਨ੍ਹਾਂ ਦੇ ਪਰਿਵਾਰ ਤੇ ਜਾ ਰਹੀ ਸੀ। ਇਸ ਲਈ ਸਿਰਫ ਆਪਣੇ ਪਰਿਵਾਰ ਨੂੰ ਬਚਾਉਣ ਲਈ ਉਸ ਨੌਜਵਾਨ ਨੂੰ ਮਰਨ ਲਈ ਮਜਬੂਰ ਕੀਤਾ ਗਿਆ। ਇਹ ਜਿਹੜਾ ਨੌਜਵਾਨ ਮਰਿਆ ਹੈ, ਇਹ ਉਨ੍ਹਾਂ ਦੇ ਘਰ ਵਿੱਚ ਰਹਿੰਦਾ ਸੀ। ਇਹ ਨੌਜਵਾਨ ਵੀ ਬੀਬੀ ਭੱਠਲ ਨਾਲ ਰਹਿੰਦਾ ਸੀ, ਉਨ੍ਹਾਂ ਦੇ ਘਰ ਵਿੱਚ ਰਹਿੰਦਾ ਸੀ ਤੇ ਉਨ੍ਹਾਂ ਦੇ ਘਰ

** Expunged as ordered by the Hon'ble Speaker.

ਦੇ ਕੰਮ ਕਰਦਾ ਸੀ। ਸੋ, ਸਪੀਕਰ ਸਾਹਿਬ, ਮੈਂ ਇੱਕ ਵਾਰ ਫਿਰ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ ਤੇ ਆਸ ਕਰਦਾ ਹਾਂ ਕਿ ਪੰਜਾਬ ਦੀ ਅਸੈਂਬਲੀ ਇਹ ਰੈਜ਼ੋਲਿਊਸ਼ਨ ਪਾਸ ਕਰਕੇ ਭੇਜੇਗੀ ਕਿ 85ਵੀਂ ਸੰਵਿਧਾਨਕ ਸੋਧ ਲਾਗੂ ਹੋਵੇ। ਦੂਜੇ ਪਾਸੇ ਇੱਥੇ ਪੰਜਾਬ ਵਿੱਚ ਕਾਨੂੰਨ ਦਾ ਰਾਜ ਹੋਵੇ ਚਾਹੇ ਉਹ ਸਾਡੇ ਭਰਾ ਜਿਹੜੇ ਕਾਂਗਰਸੀ ਬੈਂਚਾਂ ਤੇ ਬੈਠੇ ਹਨ, ਉਹ ਵੀ ਰੋ ਰਹੇ ਹਨ, ਇੱਧਰ ਵਾਲੇ ਵੀ ਰੋ ਰਹੇ ਹਨ ਕਿ ਪੰਜਾਬ ਵਿੱਚ ਫੋਨ ਟੈਪਿੰਗ ਦਾ ਮਾਮਲਾ ਸਾਹਮਣੇ ਆਇਆ ਹੈ। ਸੋ, ਮੈਂ ਸਮਝਦਾ ਹਾਂ ਕਿ ਸੰਵਿਧਾਨ ਦੀ ਕਮੇਟੀ ਬਣਨੀ ਚਾਹੀਦੀ ਹੈ। ਸਪੀਕਰ ਸਾਹਿਬ, ਉਹ ਤੁਹਾਡੇ ਅਖਤਿਆਰ ਵਿੱਚ ਹੈ। ਸਪੀਕਰ ਸਾਹਿਬ, ਉਹ ਕਮੇਟੀ ਬਣਾਓ ਤਾਂ ਕਿ ਕਮੇਟੀ ਡਿਸਾਈਡ ਕਰ ਸਕੇ ਕਿ ਜੇਕਰ ਸਾਡੇ ਚੁਣੇ ਹੋਏ ਲੋਕਾਂ, ਸਾਡੇ ਵਿਧਾਇਕਾਂ ਦੇ ਹੱਕਾਂ ਤੇ ਡਾਕੇ ਪੈਣਗੇ ਤਾਂ ਪੰਜਾਬ ਵਿੱਚ ਆਮ ਲੋਕਾਂ ਦਾ ਕੀ ਹਾਲ ਹੁੰਦਾ ਹੋਵੇਗਾ। ਸੋ, ਮੈਂ ਤੁਹਾਡਾ ਬਹੁਤ-ਬਹੁਤ ਧੰਨਵਾਦ ਕਰਦਾ ਹਾਂ ਕਿ ਤੁਸੀਂ ਮੈਨੂੰ ਅੱਜ ਪਵਿੱਤਰ ਮੌਕੇ ਤੇ ਬੋਲਣ ਦਾ ਮੌਕਾ ਦਿੱਤਾ। ਬਹੁਤ-ਬਹੁਤ ਧੰਨਵਾਦ।

**ਸ਼੍ਰੀ ਪਵਨ ਕੁਮਾਰ ਟੀਨੂ** : ਸਪੀਕਰ ਸਾਹਿਬ, ਹੁਣੇ ਚੀਮਾ ਸਾਹਿਬ ਨੇ ਕਿਹਾ ਕਿ 85ਵੀਂ ਸੋਧ ਦੇ ਉੱਤੇ across party line ਐਸ.ਸੀ. ਐਮ.ਐਲ.ਏਜ਼. ਮਤਾ ਪਾਸ ਕਰਨ। ਇਕੱਲੇ ਐਸ.ਸੀ. ਐਮ.ਐਲ.ਏਜ਼. ਕਿਉਂ? ਬਾਕੀ ਸਾਰੇ ਐਮ.ਐਲ.ਏਜ਼. ਕਿਉਂ ਨਹੀਂ ਪਾਸ ਕਰਦੇ?

**ਮਾਨਯੋਗ ਸਪੀਕਰ :** ਚਲੋ, ਇਹ ਗੱਲ ਆ ਗਈ ਹੈ। ਤੁਸੀਂ ਬੋਲ ਲਏ ਹੋ, ਹੁਣ ਨਹੀਂ। ਬਾਜਵਾ ਸਾਹਿਬ, ਬਾਜਵਾ ਸਾਹਿਬ।

**ਸ਼੍ਰੀ ਪਵਨ ਕੁਮਾਰ ਟੀਨੂ** : ਧਰਮਸੋਤ ਸਾਹਿਬ ਨੂੰ ਮੌਕਾ ਦਿਓ, ਇਹ ਦੱਸ ਸਕਣਗੇ ਕਿ ਕਿਹੜੇ ਵਜ਼ੀਰ 85ਵੀਂ ਸੋਧ ਲਾਗੂ ਨਹੀਂ ਹੋਣ ਦਿੰਦੇ।

**ਮਾਨਯੋਗ ਸਪੀਕਰ :** ਤੁਸੀਂ ਸਾਰੇ ਬੋਲ ਲਏ ਹੋ। ਤੁਹਾਡੀ ਸਾਰੀ ਲੀਡਰਸ਼ਿਪ ਬੋਲ ਲਈ ਹੈ। ਹੁਣ ਪਲੀਜ਼ ਇੰਟਰਵੀਨ ਨਾ ਕਰੋ। ਬਾਜਵਾ ਸਾਹਿਬ, ਇੱਕ ਤਾਂ ਇਹ ਮਤਾ ਜਿਹੜਾ ਮੂਵ ਕਰਨਾ ਹੈ, ਉਸ ਨੂੰ ਪਾਸ ਕਰਵਾਓ ਤੇ ਜਿਹੜਾ ਕੁਝ ਕਹਿਣਾ ਹੈ ਉਹ ਵੀ ਕਹਿ ਲਓ। ਜਿਹੜਾ ਕੁਝ ਤੁਸੀਂ ਕਹਿਣਾ ਹੈ, ਹੁਣ ਤੁਸੀਂ ਕਹੋ।

**ਦਿਹਾਤੀ ਵਿਕਾਸ ਤੇ ਪੰਚਾਇਤਾਂ ਮੰਤਰੀ (ਸਰਦਾਰ ਤ੍ਰਿਪਤ ਰਜਿੰਦਰ ਸਿੰਘ ਬਾਜਵਾ)** : ਠੀਕ ਹੈ, ਸਪੀਕਰ ਸਾਹਿਬ। ਅੱਜ ਇਸ ਇੰਪਾਰਟੈਂਟ ਦਿਨ ਤੇ ਮੈਂ ਸਾਰਿਆਂ ਨੂੰ ਵਧਾਈ ਦਿੰਦਾ ਹਾਂ। ਪਹਿਲਾਂ ਇਸ ਨੂੰ ਲਾਅ ਡੇਅ ਕਹਿੰਦੇ ਸੀ, ਹੁਣ ਇਸ ਨੂੰ ਸੰਵਿਧਾਨ ਡੇਅ ਕਹਿਣਾ ਸ਼ੁਰੂ ਕੀਤਾ ਹੈ। ਸਪੀਕਰ ਸਾਹਿਬ, ਇਹ ਦਿਨ ਜਿਨ੍ਹਾਂ ਲੋਕਾਂ ਨੇ ਲਿਆਂਦਾ, ਉਨ੍ਹਾਂ ਦੀ ਗੱਲ ਨਹੀਂ ਹੋਈ। ਜਿਹੜੇ ਫਾਂਸੀਆਂ ਤੇ ਚੜ੍ਹੇ, ਜਿਨ੍ਹਾਂ ਨੇ ਕੈਦਾਂ ਕੱਟੀਆਂ, ਕਾਲੇਪਾਣੀਆਂ ਦੀ ਕੈਦ ਕੱਟੀ, ਆਜ਼ਾਦੀ ਘੁਲਾਟੀਆਂ ਨੂੰ ਅਸੀਂ ਭੁੱਲੇ ਹਾਂ। ਉਨ੍ਹਾਂ ਦੀਆਂ

ਕੁਰਬਾਨੀਆਂ ਕਰਕੇ ਇਹ ਸੰਵਿਧਾਨ ਦਿਨ ਲਿਆਉਣਾ ਵਾਜ਼ਿਬ ਹੋਇਆ ਹੈ। ਸਪੀਕਰ ਸਾਹਿਬ, ਅੰਬੇਦਕਰ ਜੀ ਨੇ ਜੋ ਕੰਮ ਕੀਤਾ, ਉਸ ਦੀ ਸ਼ਲਾਘਾ ਜਿੰਨੀ ਕਰ ਲਈਏ, ਉੱਨੀ ਥੋੜ੍ਹੀ ਹੈ। ਅਸੀਂ ਜਿੰਨੇ ਇਨਸਾਨ ਇੱਥੇ ਬੈਠੇ ਹਾਂ, ਸ਼ਾਇਦ ਕਿਸੇ ਨੇ ਵੀ ਆਪਣਾ ਪੂਰਾ ਸੰਵਿਧਾਨ ਕਦੇ ਪੜ੍ਹਿਆ ਨਹੀਂ ਹੋਣਾ ਹੈ ਪਰ ਉਸ ਇਨਸਾਨ ਨੇ ਉਸ ਵੇਲੇ ਦੇ ਜਿੰਨੇ ਸੰਵਿਧਾਨ ਸਨ, ਸਾਰੇ ਪੜ੍ਹੇ ਅਤੇ ਸਾਰੇ ਸੰਵਿਧਾਨ ਪੜ੍ਹ ਕੇ ਜਿਹੜੀਆਂ ਉਨ੍ਹਾਂ ਵਿੱਚ ਚੰਗੀਆਂ ਗੱਲਾਂ ਸਨ, ਉਨ੍ਹਾਂ ਨੂੰ ਸਾਡੇ ਸੰਵਿਧਾਨ ਵਿੱਚ ਲਿਆਂਦਾ। ਸਪੀਕਰ ਸਾਹਿਬ, ਸੰਵਿਧਾਨ ਵਿੱਚ ਸਾਡੇ ਰਾਈਟਸ ਵੀ ਹਨ ਤੇ ਸਾਡੀਆਂ ਡਿਊਟੀਜ਼ ਵੀ ਹਨ ਪਰ ਬਦਕਿਸਮਤੀ ਦੀ ਗੱਲ ਹੈ ਕਿ ਰਾਈਟਸ ਸਾਨੂੰ ਜ਼ਿਆਦਾ ਚੇਤੇ ਹਨ ਪਰ ਡਿਊਟੀਜ਼ ਸਾਨੂੰ ਕੋਈ ਚੇਤੇ ਨਹੀਂ ਹਨ। ਅੱਜ ਸਾਡੀ ਡਿਊਟੀ ਇਕੱਲੀ-ਇਕੱਲੀ ਗਿਣਨ ਦੀ ਬਜਾਏ ਕਿਉਂਕਿ ਸਮਾਂ ਬਹੁਤ ਹੋ ਚੁੱਕਾ ਹੈ, ਬਹੁਤ ਗੱਲਾਂ ਹੋ ਚੁੱਕੀਆਂ ਹਨ। ਸਪੀਕਰ ਸਾਹਿਬ, ਡਿਊਟੀਜ਼ ਦੇ ਵਿੱਚ ਐਨਵਾਇਰਮੈਂਟ ਨੂੰ ਬਚਾਉਣਾ ਵੀ ਇੱਕ ਡਿਊਟੀ ਦਿੱਤੀ ਗਈ ਹੈ। ਸੋਸ਼ਲਿਜ਼ਮ, ਸੈਕੂਲਰ ਇਹ ਵੀ ਸਾਡੀ ਇੱਕ ਡਿਊਟੀ ਹੈ, ਇਸ ਨੂੰ ਬਚਾ ਕੇ ਰੱਖਣਾ, ਇਸ ਮਾਹੌਲ ਨੂੰ ਬਚਾ ਕੇ ਰੱਖਣਾ, ਜੋ ਗੁਲਦਸਤਾ ਹਿੰਦੁਸਤਾਨ ਵਿੱਚ ਬਣਿਆ ਹੋਇਆ ਹੈ। ਹਿੰਦੂ, ਸਿੱਖ, ਮੁਸਲਮਾਨ ਜਿਹੜੇ ਅਸੀਂ ਇਕੱਠੇ ਰਹਿ ਰਹੇ ਹਾਂ, ਉਸ ਸਿਸਟਮ ਨੂੰ ਬਚਾ ਕੇ ਰੱਖਣਾ ਬਹੁਤ ਜ਼ਰੂਰੀ ਹੈ। ਸਪੀਕਰ ਸਾਹਿਬ, ਅੱਜ ਮਾਇਨਾਰਿਟੀਜ਼ ਦੇ ਮਨ ਵਿੱਚ ਡਰ ਪੈਦਾ ਹੋ ਗਿਆ ਹੈ, ਉਨ੍ਹਾਂ ਨੂੰ ਡਰ ਲੱਗ ਰਿਹਾ ਹੈ ਕਿ ਜਿਸ ਤਰ੍ਹਾਂ ਦਾ ਮਾਹੌਲ ਪੈਦਾ ਹੋ ਰਿਹਾ ਹੈ ਕੀ ਇਹ ਕੰਸਟੀਚਿਊਸ਼ਨ ਲਾਗੂ ਰਹਿ ਸਕੇਗੀ? ਸਪੀਕਰ ਸਾਹਿਬ, ਕੰਸਟੀਚਿਊਸ਼ਨ ਤਾਂ ਸਾਨੂੰ ਮਿਲ ਗਈ ਪਰ ਲਾਗੂ ਕਰਨਾ ਜਾਂ ਇਸ ਨੂੰ ਬਚਾ ਕੇ ਰੱਖਣਾ ਸਾਡੀ ਡਿਊਟੀ ਹੈ। ਇੱਕ ਦੂਜੇ ਨੂੰ ਗਾਲ੍ਹਾਂ ਕੱਢ ਕੇ ਜਾਂ ਟਿੱਚਰਾਂ ਕਰਕੇ ਕੰਸਟੀਚਿਊਸ਼ਨ ਨਹੀਂ ਬਚਾਈ ਜਾ ਸਕਦੀ। ਸਪੀਕਰ ਸਾਹਿਬ, 1984 ਦੇ ਦੰਗੇ ਬਹੁਤ ਮਾੜੇ ਹਨ, ਬਹੁਤ ਮਾੜੀ ਗੱਲ ਹੈ, ਬਦਕਿਸਮਤੀ ਦੀ ਗੱਲ ਹੈ ਪਰ ਅਸੀਂ ਗੁਜਰਾਤ ਦੇ ਦੰਗੇ ਕਿਉਂ ਭੁੱਲ ਜਾਂਦੇ ਹਾਂ? ਕੀ ਗੁਜਰਾਤ ਦੇ ਦੰਗਿਆਂ ਦੇ ਪੀੜਤਾਂ ਦਾ ਲਹੂ ਲਾਲ ਨਹੀਂ ਸੀ? ਉੱਥੇ ਵੀ ਜਿਹੜੇ ਦੰਗੇ ਹੋਏ, ਬੜੇ ਮਾੜੇ ਸਨ। ਸਪੀਕਰ ਸਾਹਿਬ, ਦੰਗਾ ਕਿਸੇ ਥਾਂ ਵੀ ਹੋਵੇ, ਮਾੜਾ ਹੈ। ਲਹੂ ਕਿਸੇ ਦਾ ਵੀ ਡੁੱਲ੍ਹੇ, ਉਹ ਮਾੜਾ ਹੈ। ਸਾਨੂੰ ਇਨ੍ਹਾਂ ਗੱਲਾਂ ਤੋਂ ਪਰਹੇਜ਼ ਕਰਨਾ ਚਾਹੀਦਾ ਹੈ ਪਰ ਕੁਰਸੀ ਲੈਣ ਲਈ ਇੱਕ ਧਰਮ ਦਾ ਪੱਖ ਲੈਣਾ, ਇਹ ਗੁਨਾਹ ਹੈ, ਜੋ ਕਿ ਵਧਦਾ ਜਾ ਰਿਹਾ ਹੈ। ਸਪੀਕਰ ਸਾਹਿਬ, ਇਸ ਤੋਂ ਜਾਗਰੂਕ ਹੋਣ ਦੀ ਲੋੜ ਹੈ। ਸਾਡਾ ਸਮਾਜ ਕਿੱਧਰ ਨੂੰ ਜਾ ਰਿਹਾ ਹੈ? ਕੁਰਸੀ ਵਾਸਤੇ ਅਸੀਂ ਕੀ ਕੁਝ ਨਹੀਂ ਕਰਦੇ ਪਏ? ਸਪੀਕਰ ਸਾਹਿਬ, ਸਵੇਰੇ ਛੇ ਵਜੇ ਵੱਟਸਐਪ ਤੇ ਇੱਕ ਮੈਸੇਜ ਚੱਲ ਰਿਹਾ ਸੀ ਕਿ ਸਭ ਤੋਂ ਪਹਿਲਾਂ ਦਿਨ ਵਿੱਚ ਕੌਣ ਉੱਠਦਾ ਹੈ? ਮੁਰਗਾ ਉੱਠਦਾ ਹੈ ਕਿ ਦੁੱਧ ਵੇਚਣ ਵਾਲਾ ਉੱਠਦਾ ਹੈ ਕਿ ਅਖਬਾਰ ਵਾਲਾ ਉੱਠਦਾ ਹੈ ਕਿ ਕੋਈ ਗਵਰਨਰ ਉੱਠਦਾ ਹੈ? ਸਪੀਕਰ ਸਾਹਿਬ, ਇੰਨੀ ਸਵੇਰੇ ਸਵਖਤੇ ਉੱਠ ਕੇ ਓਥ ਚੁੱਕਵਾ ਦੇਣੀ, ਇਹ ਸੰਵਿਧਾਨ ਦਾ ਮਜ਼ਾਕ ਹੈ। ਇਸ ਮਜ਼ਾਕ ਤੋਂ ਬਚਣ ਦੀ ਲੋੜ ਹੈ। ਅੰਬੇਦਕਰ ਸਾਹਿਬ ਬੜੀ ਮਿਹਨਤ ਕਰਕੇ, ਕਮਾਲ ਦੀਆਂ ਗੱਲਾਂ ਕਰਕੇ ਸਾਨੂੰ ਸੰਵਿਧਾਨ ਦੇ ਗਏ ਹਨ। ਐਮਰਜੈਂਸੀ ਬਹੁਤ ਚੇਤੇ ਹੈ, ਕੀ ਸ੍ਰੀਨਗਰ ਵਿੱਚ

ਐਮਰਜੈਂਸੀ ਨਹੀਂ ਲੱਗੀ? ਉੱਥੇ ਟੈਲੀਫੋਨ ਨਹੀਂ ਵਰਤਣ ਦਿੱਤੇ, ਨੈੱਟ ਬੰਦ ਕਰ ਦਿੱਤਾ ਗਿਆ, ਉਹ ਮੇਰੇ ਵੀਰਾਂ ਨੂੰ ਕਿਉਂ ਨਹੀਂ ਚੇਤੇ ਆਇਆ? ਕੀ ਉੱਥੇ ਇਨਸਾਨਾਂ ਦਾ ਕੋਈ ਹੱਕ ਨਹੀਂ? ਉਨ੍ਹਾਂ ਦੀ ਜ਼ੁਬਾਨ ਕਿਉਂ ਬੰਦ ਕੀਤੀ ਹੈ? ਕਿਸੇ ਐੱਮ.ਐੱਲ.ਏ. ਅਤੇ ਕਿਸੇ ਲੀਡਰ ਨੂੰ ਸ੍ਰੀਨਗਰ ਵਿਖੇ ਜਾਣ ਨਹੀਂ ਦਿੱਤਾ ਜਾਂਦਾ, ਕੀ ਮੇਰੇ ਵੀਰੋ ਉਹ ਐਮਰਜੈਂਸੀ ਤੋਂ ਘੱਟ ਹੈ? (ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰਾਂ ਵੱਲ ਇਸ਼ਾਰਾ) ਉਸ ਤੇ ਚੁੱਪ ਕਿਉਂ ਹੋ? ਸਪੀਕਰ ਸਾਹਿਬ, ਗੁਨਾਹ ਵਧਦੇ ਜਾ ਰਹੇ ਹਨ। ਅੱਜ ਸੰਗਰੂਰ ਵਾਲੇ ਕਤਲ ਦਾ ਜ਼ਿਕਰ ਹੋਇਆ ਹੈ, ਇਹ ਮਾੜੀ ਘਟਨਾ ਹੈ ਪਰ ਜਿਹੜਾ ਫਾਜ਼ਿਲਕਾ ਵਿੱਚ ਹੋਇਆ ਸੀ, ਕੀ ਉਹ ਵੀ ਚੇਤੇ ਹੈ? ਜਿਸ ਦੀਆਂ ਲੱਤਾਂ-ਬਾਹਾਂ ਵੱਢ ਦਿੱਤੀਆਂ ਸਨ। ਉਸ ਦਾ ਕਿੰਨੇ ਚਿਰ ਪਿੱਛੋਂ ਚਲਾਨ ਪੇਸ਼ ਕੀਤਾ ਸੀ? ਸਪੀਕਰ ਸਾਹਿਬ, ਕੈਪਟਨ ਸਾਹਿਬ ਦੀ ਹਦਾਇਤ ਤੇ ਪੁਲਿਸ ਨੇ ਸੱਤ ਦਿਨਾਂ ਦੇ ਵਿੱਚ ਚਲਾਨ ਪੇਸ਼ ਕਰ ਦਿੱਤਾ। ਇਹ ਕਹਿੰਦੇ ਹਨ ਕਿ ਮਹੀਨੇ ਵਿੱਚ ਸਜ਼ਾ ਦਿਉ। ਸਜ਼ਾ ਦੇਣਾ ਜੁਡੀਸ਼ਰੀ ਦਾ ਕੰਮ ਹੈ, ਸਰਕਾਰ ਦਾ ਨਹੀਂ। ਸਰਕਾਰ ਨੇ ਨਹੀਂ, ਜੁਡੀਸ਼ਰੀ ਨੇ ਸਜ਼ਾ ਦੇਣੀ ਹੈ। ਉਹ ਇੱਕ ਸਿਸਟਮ ਹੈ। ਸਪੀਕਰ ਸਾਹਿਬ, ਜਿੱਥੇ ਵੀ ਲਾਅਲੈੱਸਨੈੱਸ ਹੁੰਦੀ ਹੈ ਤਾਂ ਕਾਨੂੰਨ ਆਪਣਾ ਕੰਮ ਕਰਦਾ ਹੈ ਪਰ ਇਹ ਤਾਂ ਹਰ ਗੱਲ ਨੂੰ, ਹਰ ਕਤਲ ਨੂੰ ਅਤੇ ਹਰ ਲੜਾਈ ਨੂੰ ਇੰਨਾ ਜ਼ਿਆਦਾ politicise ਕਰਦੇ ਹਨ। ਪਹਿਲਾਂ ਐਫ.ਆਈ.ਆਰ. ਸਵੇਰੇ ਕੁਝ ਹੋਰ ਲਿਖੀ ਜਾਂਦੀ ਹੈ, ਚਾਰ ਘੰਟੇ ਬਾਅਦ politicise ਕਰਕੇ ਐਫ.ਆਈ.ਆਰ. ਬਦਲ ਦਿੱਤੀ ਜਾਂਦੀ ਹੈ। ਸਪਲੀਮੈਂਟਰੀ ਐਫ.ਆਈ.ਆਰ. ਕਰ ਦਿੱਤੀ ਜਾਂਦੀ ਹੈ। ਸਪੀਕਰ ਸਾਹਿਬ, ਸਾਡਾ ਸੰਵਿਧਾਨ ਇਹ ਨਹੀਂ ਸੀ ਕਹਿੰਦਾ। ਸਾਡਾ ਸੰਵਿਧਾਨ ਕਹਿੰਦਾ ਸੀ ਕਿ ਕਾਨੂੰਨ ਦੇ ਵਿੱਚ ਰਹਿਣਾ ਹੈ। ਜਿਹੜੇ equal rights ਦਿੱਤੇ ਹਨ, ਉਸ ਦੇ ਮੁਤਾਬਿਕ ਰਹਿਣਾ ਹੈ। equal rights ਸਾਡੇ ਕੌਣ ਖੋਹ ਰਿਹਾ ਹੈ? ਇਲੈਕਸ਼ਨ ਕਮਿਸ਼ਨ ਦੀ ਹੋਂਦ ਖਤਮ ਹੋ ਰਹੀ ਹੈ, ਆਈ.ਬੀ., ਸੀ.ਬੀ.ਆਈ. ਦੀ ਹੋਂਦ ਖਤਮ ਹੋ ਰਹੀ ਹੈ। ਬਾਕੀ ਮੈਂ ਕਿਸੇ ਹੋਰ ਦਾ ਨਾਂ ਨਹੀਂ ਲੈਣਾ ਚਾਹੁੰਦਾ, ਜਿਨ੍ਹਾਂ ਦੀਆਂ ਹੋਂਦਾਂ ਖਤਮ ਹੋ ਰਹੀਆਂ ਹਨ। ਸਪੀਕਰ ਸਾਹਿਬ, ਕੰਸਟੀਚਿਊਸ਼ਨ ਬਚਾ ਕੇ ਰੱਖਣਾ ਸਾਡਾ ਸਭ ਤੋਂ ਵੱਡਾ ਧਰਮ ਹੈ ਤੇ ਜੇ ਕੋਈ ਗਲਤ ਹੈ ਤਾਂ ਗਲਤ ਨੂੰ ਗਲਤ ਕਹਿਣਾ ਵੀ ਸਾਡਾ ਸਭ ਤੋਂ ਵੱਡਾ ਧਰਮ ਹੈ। ਇਹ ਨਹੀਂ ਕਿ ਦਿੱਲੀ ਵਿੱਚ ਗਲਤ, ਗਲਤ ਹੈ ਅਤੇ ਗੁਜਰਾਤ ਵਿੱਚ ਗਲਤ ਗਲਤ ਨਹੀਂ। ਇਹ ਵੀ ਕੰਸਟੀਚਿਊਸ਼ਨ ਕਹਿੰਦੀ ਹੈ ਕਿ ਜੇ ਸੱਚ ਬੋਲਣਾ ਹੈ ਤਾਂ ਸੱਚ ਬੋਲੋ। ਸਪੀਕਰ ਸਾਹਿਬ, ਐੱਸ.ਸੀ. ਵੀਰਾਂ ਦੇ ਜਿੰਨੇ ਰਾਈਟਜ਼ ਬਾਬਾ ਅੰਬੇਦਕਰ ਨੇ ਦਿੱਤੇ ਹਨ, ਉਹ ਆਲਮੋਸਟ ਸਾਰੇ ਲਾਗੂ ਹੋ ਰਹੇ ਹਨ। ਮੇਰੇ ਵੀਰ, ਵਜ਼ੀਰ, ਐੱਮ.ਐੱਲ.ਏ. ਬਣੇ ਹਨ। ਬਹੁਤ ਕੁਝ ਹੋਰ ਕਰਨ ਵਾਲਾ ਵੀ ਹੋਵੇਗਾ, 85ਵੀਂ ਅਮੈਂਡਮੈਂਟ ਵੀ ਕਰਨ ਵਾਲੀ ਹੋਵੇਗੀ। ਇਹ ਸਾਰਿਆਂ ਦਾ ਰਲ-ਮਿਲ ਕੇ ਬੈਠ ਕੇ ਕਰਨ ਵਾਲਾ ਵਿਚਾਰ ਹੈ, ਇਕੱਲਾ ਇੱਕ ਪਾਸੇ ਨਹੀਂ। ਕੈਪਟਨ ਸਾਹਿਬ ਆਉਂਦੇ ਹਨ ਤਾਂ ਉਸ ਤੇ ਵਿਚਾਰ ਕੀਤਾ ਜਾਵੇਗਾ। ਸਾਰੇ ਜਣੇ ਚਾਹੁੰਦੇ ਹਨ ਕਿ ਇਹ ਗੱਲ ਹੋਵੇ ਪਰ ਇੱਕ ਪਾਸਾ ਨਹੀਂ, ਇਸ ਦੇ ਬੜੇ ਪਾਸੇ ਹਨ ਪਰ ਅਸੀਂ ਚਾਹੁੰਦੇ ਹਾਂ ਕਿ ਇਹ ਲਾਗੂ ਹੋ ਜਾਵੇ। ਸਪੀਕਰ ਸਾਹਿਬ, ਜਿੰਨੀਆਂ ਮਰਜ਼ੀ ਗੱਲਾਂ ਕਰ ਲਈਏ, ਓਨੀਆਂ ਥੋੜ੍ਹੀਆਂ ਹਨ। ਸਮਾਂ ਬਹੁਤ ਹੋ

Under Print
Not for Legal/Official use

ਚੁੱਕਾ ਹੈ। ਮੈਂ ਬੇਨਤੀ ਕਰਾਂਗਾ ਕਿ ਜਿਹੜਾ ਰੈਜ਼ੋਲਿਊਸ਼ਨ ਸ੍ਰੀ ਬ੍ਰਹਮ ਮਹਿੰਦਰਾ ਜੀ ਨੇ ਪੇਸ਼ ਕੀਤਾ ਹੈ, ਉਸ ਨੂੰ ਸਰਬਸੰਮਤੀ ਨਾਲ ਪਾਸ ਕਰ ਦਿੱਤਾ ਜਾਵੇ। (ਥੰਪਿੰਗ)

**ਮਾਨਯੋਗ ਸਪੀਕਰ:** ਪ੍ਰਸ਼ਨ ਹੈ–

"ਕਿ ਅੱਜ 26 ਨਵੰਬਰ, 2019 ਨੂੰ ਇਹ ਪਵਿੱਤਰ ਸਦਨ ਭਾਰਤੀ ਸੰਵਿਧਾਨ ਨੂੰ ਅਪਨਾਉਣ ਅਤੇ ਇਸ ਦੀ ਯਾਦਗਾਰ ਨੂੰ ਸੰਵਿਧਾਨ ਦਿਵਸ ਵਜੋਂ ਕੌਮੀ ਪੱਧਰ ਤੇ ਮਨਾਉਣ ਅਤੇ ਬਾਬਾ ਸਾਹਿਬ ਡਾ. ਭੀਮਰਾਓ ਅੰਬੇਦਕਰ ਦੇ ਵੱਡਮੁੱਲੇ ਯੋਗਦਾਨ ਅਤੇ ਸੰਵਿਧਾਨ ਦੇ ਹੋਰ ਬਾਨੀ ਮੈਂਬਰਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਤਰ ਹੋਇਆ ਹੈ। 26 ਨਵੰਬਰ, 1949 ਨੂੰ ਭਾਰਤ ਦੀ ਸੰਵਿਧਾਨ ਸਭਾ ਨੇ ਭਾਰਤ ਦੇ ਸੰਵਿਧਾਨ ਨੂੰ ਅਪਣਾਇਆ ਜੋ ਕਿ ਪੂਰਨ ਤੌਰ ਤੇ 26 ਜਨਵਰੀ, 1950 ਨੂੰ ਲਾਗੂ ਕੀਤਾ ਗਿਆ।

ਭਾਰਤ ਸਰਕਾਰ ਦੇ ਨਕਸ਼ੇ ਕਦਮਾਂ ਤੇ, ਸੰਵਿਧਾਨ ਨੂੰ ਅਪਣਾਏ ਜਾਣ ਦੀ 70ਵੀਂ ਵਰ੍ਹੇਗੰਢ ਤੇ ਪੰਜਾਬ ਰਾਜ ਸੰਵਿਧਾਨ ਦੇ ਇਕ ਅਤਿ ਮਹੱਤਵਪੂਰਨ ਢਾਂਚੇ ਅਰਥਾਤ 'ਮੌਲਿਕ ਕਰਤੱਵਾਂ' ਸਬੰਧੀ ਜਾਗਰੂਕਤਾ ਪੈਦਾ ਕਰਨ ਲਈ ਧਿਆਨ ਕੇਂਦਰਿਤ ਹੋਈ ਇੱਕ ਰਾਜ ਪੱਧਰੀ ਮੁਹਿੰਮ ਚਲਾਏਗਾ। ਇਹ 26 ਨਵੰਬਰ, 2019 ਨੂੰ ਆਰੰਭ ਹੋਵੇਗੀ ਅਤੇ 14 ਅਪ੍ਰੈਲ, 2020 ਅਰਥਾਤ ਬਾਬਾ ਸਾਹਿਬ ਅੰਬੇਦਕਰ ਜੀ ਦੀ ਜਨਮ ਵਰ੍ਹੇਗੰਢ ਵਾਲੇ ਦਿਨ ਆਪਣੇ ਸਿਖਰ ਤੇ ਪਹੁੰਚੇਗੀ ਜਿਸ ਨੂੰ ਕਿ 'ਸਮਰਸਤਾ ਦਿਵਸ' ਦੇ ਤੌਰ ਤੇ ਮਨਾਇਆ ਜਾਂਦਾ ਹੈ।

ਇਹ ਸਦਨ ਇਸ ਤਰ੍ਹਾਂ ਸਾਡੇ ਸੰਵਿਧਾਨ ਵਿੱਚ ਦਰਜ ਮੌਲਿਕ ਕਰਤੱਵਾਂ ਲਈ ਆਪਣੀ ਪ੍ਰਤੀਬੱਧਤਾ ਦੀ ਮੁੜ-ਪ੍ਰੋੜ੍ਹਤਾ ਦਾ ਸੰਕਲਪ ਕਰਦਾ ਹੈ। ਪੰਜਾਬ ਸਰਕਾਰ ਅਤੇ ਰਾਜ ਦੇ ਲੋਕ ਆਪਣੇ ਦੇਸ਼ ਅਤੇ ਆਪਣੇ ਸਾਥੀ ਨਾਗਰਿਕਾਂ ਪ੍ਰਤੀ ਆਪਣੇ ਕਰਤੱਵ ਪੂਰਾ ਕਰਨ ਸਬੰਧੀ ਸਾਕਾਰਾਤਮਕ ਅਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾਉਣਗੇ।

ਇਹ ਸਦਨ ਸੰਵਿਧਾਨ ਦੇ ਮੁੱਢਲੇ ਢਾਂਚੇ ਨੂੰ ਬਰਕਰਾਰ ਰੱਖਣ ਦੀ ਮਹੱਤਤਾ ਤੇ ਵੀ ਜ਼ੋਰ ਦਿੰਦਾ ਹੈ ਜਿਸ ਨਾਲ ਦੇਸ਼ ਵਿੱਚ ਲੋਕਤੰਤਰ, ਲੋਕਤੰਤਰਿਕ ਸੰਸਥਾਵਾਂ ਅਤੇ ਰਵਾਇਤਾਂ ਮਜ਼ਬੂਤ ਹੋਣਗੀਆਂ।"

**ਸਰਦਾਰ ਹਰਪਾਲ ਸਿੰਘ ਚੀਮਾ (ਬੈਠੇ-ਬੈਠੇ):** ਸਪੀਕਰ ਸਾਹਿਬ, ਯੂਨਾਨੀਮਸਲੀ ਪਾਸ ਕਰ ਦਿਓ।
**ਆਵਾਜ਼ਾਂ:** ਹਾਂ ਜੀ, ਹਾਂ ਜੀ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਕੀਤਾ ਜਾਂਦਾ ਹੈ।

*5.57 ਵਜੇ ਸ਼ਾਮ (*ਇਸ ਉਪਰੰਤ ਸਦਨ ਅਣਮਿੱਥੇ ਸਮੇਂ ਲਈ ਸਥਗਿਤ ਹੋ ਗਿਆ।)